ਬੁੱਧਵਾਰ, 5 ਅਕਤੂਬਰ, 2022
19 ਅੱਸੂ { ਨਾਨਕਸ਼ਾਹੀ 554
ਬਿਕਰਮੀ 2079
ਜਿਲਦ/VOL. : 71
ਅੰਕ/NO. : 125

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 5 OCTOBER, 2022 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV



## ਸ੍ਰੀ ਹੇਮਕੁੰਟ ਸਾਹਿਬ 'ਤੇ ਬਰਫ਼ ਦੀ ਚਾਦਰ

**ਚਮੋਲੀ (ਉਤਰਾਖੰਡ)** : 15225 ਫੁੱਟ ਦੀ ਉਚਾਈ 'ਤੇ ਸਥਿਤ ਸ੍ਰੀ ਹੇਮਕੁੰਟ ਸਾਹਿਬ ਵਿਖੇ ਦੋ ਇੰਚ ਤੱਕ ਬਰਫਬਾਰੀ ਹੋਈ, ਜਿਸ ਕਾਰਨ ਤਾਪਮਾਨ ਮਨਫੀ ਹੋ ਗਿਆ। ਬਰਫਬਾਰੀ ਕਾਰਨ ਸ੍ਰੀ ਹੇਮਕੁੰਟ ਸਾਹਿਬ ਬਰਫ ਦੀ ਸਫੈਦ ਚਾਦਰ ਨਾਲ ਢੱਕਿਆ ਗਿਆ। ਕੜਾਕੇ ਦੀ ਠੰਢ 'ਚ ਸਿੱਖ ਸ਼ਰਧਾਲੂ ਝੀਲ 'ਚ ਇਸ਼ਨਾਨ ਕਰ ਰਹੇ ਹਨ। ਗੁਰਦੁਆਰੇ ਦੇ ਕਿਵਾੜ 10 ਅਕਤੂਬਰ ਤੋਂ ਗਰਮੀਆਂ ਤੱਕ ਲਈ ਬੰਦ ਹੋ ਜਾਣਗੇ।

## ਚੀਨੀ ਸਰਗਰਮੀਆਂ ਨਾਲ ਨਜਿੱਠਣ ਲਈ ਢੁਕਵੇਂ ਉਪਾਅ

**ਨਵੀਂ ਦਿੱਲੀ** : ਏਅਰ ਚੀਫ ਮਾਰਸ਼ਲ ਵੀ ਆਰ ਚੌਧਰੀ ਨੇ ਮੰਗਲਵਾਰ ਕਿਹਾ ਕਿ ਭਾਰਤੀ ਹਵਾਈ ਫੌਜ ਨੇ ਪੂਰਬੀ ਲੱਦਾਖ 'ਚ ਅਸਲ ਕੰਟਰੋਲ ਲਾਈਨ (ਐੱਲ ਏ ਸੀ) ਦੇ ਨਾਲ ਚੀਨੀ ਸਰਗਰਮੀਆਂ ਨਾਲ ਨਜਿੱਠਣ ਲਈ ਢੁਕਵੇਂ ਤਣਾਅ ਰਹਿਤ ਉਪਾਅ ਕੀਤੇ ਹਨ। 8 ਅਕਤੂਬਰ ਨੂੰ ਹਵਾਈ ਸੈਨਾ ਦਿਵਸ ਦੇ ਮੱਦੇਨਜ਼ਰ ਪ੍ਰੈੱਸ ਕਾਨਫਰੰਸ 'ਚ ਉਨ੍ਹਾ ਇਹ ਵੀ ਕਿਹਾ ਕਿ ਕੌਮਾਂਤਰੀ ਪੱਧਰ 'ਤੇ ਤਾਜ਼ਾ ਘਟਨਾਕ੍ਰਮ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰਨ ਲਈ ਮਜ਼ਬੂਤ ਹਵਾਈ ਫੌਜ ਦੀ ਲੋੜ ਨੂੰ ਦਰਸਾਉਂਦਾ ਹੈ।

## ਦੇਸ਼ਮੁਖ ਨੂੰ ਜ਼ਮਾਨਤ ਮਿਲੀ

**ਮੁੰਬਈ** : ਬੰਬੇ ਹਾਈ ਕੋਰਟ ਨੇ ਮਹਾਰਾਸ਼ਟਰ ਦੇ ਸਾਬਕਾ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਨੂੰ ਕਥਿਤ ਮਨੀ ਲਾਂਡਰਿੰਗ ਮਾਮਲੇ 'ਚ ਜ਼ਮਾਨਤ ਦੇ ਦਿੱਤੀ ਹੈ। ਜਸਟਿਸ ਐੱਨ ਜੇ ਜਾਮਦਾਰ ਨੇ ਇਹ ਹੁਕਮ ਸੁਣਾਇਆ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਹਾਈ ਕੋਰਟ ਨੂੰ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ ਸੀ ਪੀ) ਦੇ ਨੇਤਾ ਦੀ ਪਟੀਸ਼ਨ 'ਤੇ ਤੇਜ਼ੀ ਨਾਲ ਸੁਣਵਾਈ ਕਰਨ ਅਤੇ ਫੈਸਲਾ ਕਰਨ ਦਾ ਨਿਰਦੇਸ਼ ਦਿੱਤਾ ਸੀ, ਕਿਉਂਕਿ ਇਹ ਛੇ ਮਹੀਨਿਆਂ ਤੋਂ ਲਟਕਿਆ ਹੋਇਆ ਹੈ।

## 500 ਦਿਨਾਂ 'ਚ 25 ਹਜ਼ਾਰ ਮੋਬਾਇਲ ਟਾਵਰ ਲੱਗਣਗੇ

**ਨਵੀਂ ਦਿੱਲੀ** : ਸਰਕਾਰ ਨੇ ਅਗਲੇ 500 ਦਿਨਾਂ 'ਚ 25,000 ਮੋਬਾਇਲ ਟਾਵਰ ਲਗਾਉਣ ਲਈ 26,000 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਭਾਰਤ ਬਰਾਡਬੈਂਡ ਨੈੱਟਵਰਕ ਵੱਲੋਂ ਪ੍ਰਾਜੈਕਟ ਚਲਾਇਆ ਜਾਵੇਗਾ। ਦੂਰਸੰਚਾਰ ਮੰਤਰੀ ਅਸ਼ਵਨੀ ਵੈਸ਼ਨਵ ਨੇ 'ਡਿਜੀਟਲ ਇੰਡੀਆ ਕਾਨਫਰੰਸ ਆਫ ਸਟੇਟ ਇਨਫਰਮੇਸ਼ਨ ਟੈਕਨਾਲੋਜੀ ਮਿਨਿਸਟਰਜ਼' 'ਚ ਇਸ ਪ੍ਰਾਜੈਕਟ ਦਾ ਐਲਾਨ ਕੀਤਾ।

# ਪੱਤਰਕਾਰਾਂ ਦੇ ਕਰੈਕਟਰ 'ਤੇ ਸ਼ੱਕ

## ਬਦਖੋਈ ਹੋਣ 'ਤੇ ਮੋਦੀ ਦੀ ਰੈਲੀ ਤੋਂ ਇਕ ਦਿਨ ਪਹਿਲਾਂ ਕਰੈਕਟਰ ਸਰਟੀਫਿਕੇਟ ਮੰਗਦਾ ਨੋਟੀਫਿਕੇਸ਼ਨ ਵਾਪਸ

**ਸ਼ਿਮਲਾ** : ਹਿਮਾਚਲ ਪ੍ਰਦੇਸ਼ ਦੀ ਬਿਲਾਸਪੁਰ ਜ਼ਿਲ੍ਹਾ ਪੁਲਸ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 5 ਅਕਤੂਬਰ ਨੂੰ ਬਿਲਾਸਪੁਰ ਫੇਰੀ ਦੀ ਕਵਰੇਜ ਲਈ ਪੱਤਰਕਾਰਾਂ ਦੇ ਚਰਿਤਰ ਦੀ ਪੜਤਾਲ ਕਰਨ ਬਾਰੇ ਜਾਰੀ ਕੀਤਾ ਪੱਤਰ ਇਹ ਕਹਿ ਕੇ ਵਾਪਸ ਲੈ ਲਿਆ ਕਿ ਇਹ ਪੱਤਰ ਗਲਤੀ ਨਾਲ ਜਾਰੀ ਹੋ ਗਿਆ ਸੀ। ਡੀ ਜੀ ਪੀ ਸੰਜੈ ਕੁੰਡੂ ਨੇ ਟਵੀਟ ਕੀਤਾ ਕਿ 5 ਅਕਤੂਬਰ ਨੂੰ ਪ੍ਰਧਾਨ ਮੰਤਰੀ ਦੇ ਹਿਮਾਚਲ ਪ੍ਰਦੇਸ਼ ਦੇ ਦੌਰੇ ਨੂੰ ਕਵਰ ਕਰਨ ਲਈ ਸਾਰੇ ਪੱਤਰਕਾਰਾਂ ਦਾ ਸੁਆਗਤ ਹੈ। ਹਿਮਾਚਲ ਪ੍ਰਦੇਸ਼ ਪੁਲਸ ਉਨ੍ਹਾਂ ਦੀ ਕਵਰੇਜ ਦੀ ਸਹੂਲਤ ਲਈ ਪੂਰਾ ਸਹਿਯੋਗ ਦੇਵੇਗੀ। ਕਿਸੇ ਵੀ ਅਸੁਵਿਧਾ ਲਈ ਅਫਸੋਸ ਹੈ। ਪ੍ਰਿੰਟ, ਡਿਜੀਟਲ ਤੇ ਟੀ ਵੀ ਤੋਂ ਇਲਾਵਾ ਆਲ ਇੰਡੀਆ ਰੇਡੀਓ ਤੇ ਦੂਰਦਰਸ਼ਨ ਦੇ ਪੱਤਰਕਾਰਾਂ ਦੇ ਚਰਿਤਰ ਦੀ ਪੜਤਾਲ ਬਾਰੇ 29 ਸਤੰਬਰ ਨੂੰ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਨਾਲ ਵਿਵਾਦ ਪੈਦਾ ਹੋ ਗਿਆ ਸੀ। ਨੋਟੀਫਿਕੇਸ਼ਨ ਵਿਚ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ (ਡੀ ਪੀ ਆਰ ਓ) ਨੂੰ ਕਿਹਾ ਗਿਆ ਸੀ ਕਿ ਉਹ ਸਾਰੇ ਪ੍ਰੈੱਸ ਰਿਪੋਰਟਰਾਂ, ਫੋਟੋਗ੍ਰਾਫਰਾਂ, ਵੀਡੀਓਗ੍ਰਾਫਰਾਂ ਅਤੇ ਦੂਰਦਰਸ਼ਨ ਤੇ ਆਲ ਇੰਡੀਆ ਰੇਡੀਓ ਦੀਆਂ ਟੀਮਾਂ ਦੇ ਚਰਿਤਰ ਦਾ ਸਰਟੀਫਿਕੇਟ ਭੇਜੇ। ਇਸ ਤੋਂ ਬਾਅਦ ਅਧਿਕਾਰੀ ਨੇ ਪੱਤਰਕਾਰਾਂ ਦੇ ਅਧਿਕਾਰਤ ਪਛਾਣ-ਪੱਤਰਾਂ ਨੂੰ ਪ੍ਰਵਾਨ ਕਰਨ ਤੋਂ ਨਾਂਹ ਕਰ ਦਿੱਤੀ ਸੀ। ਨੋਟੀਫਿਕੇਸ਼ਨ ਵਿਚ ਕਿਹਾ ਗਿਆ ਸੀ ਕਿ ਕਰੈਕਟਰ ਸਰਟੀਫਿਕੇਟ ਇਕ ਅਕਤੂਬਰ ਤੱਕ ਬਿਲਾਸਪੁਰ ਦੇ ਡੀ ਐੱਸ ਪੀ ਸੀ ਆਈ ਡੀ ਕੋਲ ਪੁੱਜਦੇ ਕੀਤੇ ਜਾਣ। ਇਸ ਤੋਂ ਬਾਅਦ ਉਹ ਫੈਸਲਾ ਕਰਨਗੇ ਕਿ ਰੈਲੀ ਵਾਲੀ ਥਾਂ ਤੱਕ ਕਿਹੜੇ ਪੱਤਰਕਾਰ ਜਾਣਗੇ।

ਆਮ ਕਰਕੇ ਕਿਸੇ ਵੀ ਵੀ ਆਈ ਪੀ ਦੇ ਪ੍ਰੋਗਰਾਮ ਦੀ ਕਵਰੇਜ ਲਈ ਡੀ ਪੀ ਆਰ ਓ ਦੀ ਸਿਫਾਰਸ਼ 'ਤੇ ਪੁਲਸ ਵੱਲੋਂ ਪਾਸ ਜਾਰੀ ਕੀਤੇ ਜਾਂਦੇ ਹਨ, ਪਰ ਇਹ ਪਹਿਲੀ ਵਾਰ ਹੋਇਆ ਕਿ ਪੱਤਰਕਾਰਾਂ ਦੇ ਕਰੈਕਟਰ ਸਰਟੀਫਿਕੇਟ ਮੰਗੇ ਗਏ।

# ਚੋਣ ਕਮਿਸ਼ਨ ਜਾਗਿਆ, ਪਾਰਟੀਆਂ ਨੂੰ ਦੱਸਣਾ ਪੈਣਾ ਕਿ ਵਾਅਦੇ ਪੂਰੇ ਕਰਨ ਲਈ ਪੈਸਿਆਂ ਦਾ ਜੁਗਾੜ ਕਿੱਦਾਂ ਲਾਉਣਗੀਆਂ

**ਨਵੀਂ ਦਿੱਲੀ** : ਚੋਣ ਕਮਿਸ਼ਨ ਨੇ ਮੰਗਲਵਾਰ ਸਿਆਸੀ ਪਾਰਟੀਆਂ ਨੂੰ ਚੋਣ ਵਾਅਦਿਆਂ ਦੀ ਵਿੱਤੀ ਵਿਹਾਰਕਤਾ ਬਾਰੇ ਵੋਟਰਾਂ ਨੂੰ ਠੋਸ ਜਾਣਕਾਰੀ ਦੇਣ ਲਈ ਪੱਤਰ ਲਿਖਿਆ ਅਤੇ ਇਸ ਮੁੱਦੇ 'ਤੇ ਉਨ੍ਹਾਂ ਦੇ ਵਿਚਾਰ ਮੰਗੇ। ਚੋਣ ਕਮਿਸ਼ਨ ਨੇ ਕਿਹਾ ਕਿ ਉਹ ਚੋਣ ਵਾਅਦਿਆਂ ਅਤੇ ਇਨ੍ਹਾਂ ਨੂੰ ਪੂਰਾ ਕਰਨ ਲਈ ਵਿੱਤੀ ਹਾਲਤ ਬਾਰੇ ਪੂਰੀ ਜਾਣਕਾਰੀ ਨਾ ਦੇਣ ਦੇ ਪ੍ਰਭਾਵ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ, ਕਿਉਂਕਿ ਖੋਖਲੇ ਚੋਣ ਵਾਅਦਿਆਂ ਦਾ ਕਾਫੀ ਦੂਰ ਤੱਕ ਅਸਰ ਪਵੇਗਾ।

ਚੋਣ ਕਮਿਸ਼ਨ ਨੇ ਪਾਰਟੀਆਂ ਨੂੰ ਕਿਹਾ ਕਿ ਉਹ ਚੋਣ ਮੈਨੀਫੈਸਟੋ ਵਿਚ ਚੋਣ ਵਾਅਦਿਆਂ ਦੀ ਸਟੀਕ ਜਾਣਕਾਰੀ ਦੇਣ। ਇਹ ਵੀ ਦੱਸਣ ਕਿ ਵਾਅਦੇ ਪੂਰੇ ਕਰਨ ਲਈ ਪੈਸਿਆਂ ਦਾ ਪ੍ਰਬੰਧ ਹੋ ਜਾਵੇਗਾ ਕਿ ਨਹੀਂ। ਆਸਾਨ ਸ਼ਬਦਾਂ ਵਿਚ ਲੋਕਾਂ ਨੂੰ ਦੱਸਣ ਕਿ ਪੈਸੇ ਦਾ ਪ੍ਰਬੰਧ ਕਿੱਥੋਂ ਕਰਨਗੀਆਂ।

ਦੇਸ਼ ਵਿਚ 6 ਰਾਜਾਂ ਦੀਆਂ 7 ਅਸੰਬਲੀ ਸੀਟਾਂ ਲਈ 3 ਨਵੰਬਰ ਨੂੰ ਪੋਲਿੰਗ ਦਾ ਐਲਾਨ ਕਰਨ ਤੋਂ ਬਾਅਦ ਲਿਖੇ ਪੱਤਰ ਵਿਚ ਚੋਣ ਕਮਿਸ਼ਨ ਨੇ ਕਿਹਾ ਹੈ—ਸਿਆਸੀ ਪਾਰਟੀਆਂ ਨੂੰ ਇਕ ਤੈਅ ਫਾਰਮੇਟ ਵਿਚ ਵੋਟਰਾਂ ਨੂੰ ਦੱਸਣਾ ਪਵੇਗਾ ਕਿ ਜਿਹੜੇ ਵਾਅਦੇ ਕੀਤੇ ਜਾ ਰਹੇ ਹਨ ਉਹ ਕਿੰਨੇ ਸਹੀ ਹਨ। ਇਹ ਵੀ ਦੱਸਣਾ ਪਵੇਗਾ ਕਿ ਇਨ੍ਹਾਂ ਨੂੰ ਪੂਰਾ ਕਰਨ ਲਈ ਕੇਂਦਰ ਜਾਂ ਰਾਜ ਸਰਕਾਰਾਂ ਕੋਲ ਕੀ ਮਾਲੀ ਸਾਧਨ ਹਨ ਵੀ?

ਕਮਿਸ਼ਨ ਨੇ ਕਿਹਾ ਕਿ ਉਹ ਇਸ ਮੁੱਦੇ 'ਤੇ ਅੱਖਾਂ ਨਹੀਂ ਮੀਟ ਸਕਦਾ। ਕਮਿਸ਼ਨ ਨੇ ਪਾਰਟੀਆਂ ਨੂੰ 19 ਅਕਤੂਬਰ ਤੱਕ ਸੁਝਾਅ ਦੇਣ ਲਈ ਕਿਹਾ ਹੈ।

ਚੋਣਾਂ ਵਿਚ ਫਰੀ ਸਕੀਮਾਂ ਦੇ ਵਾਅਦਿਆਂ ਦਾ ਮਾਮਲਾ ਸੁਪਰੀਮ ਕੋਰਟ ਵਿਚ ਚੱਲ ਰਿਹਾ ਹੈ। 25 ਅਗਸਤ ਨੂੰ ਸੁਣਵਾਈ ਦੌਰਾਨ ਵੇਲੇ ਦੇ ਚੀਫ ਜਸਟਿਸ ਐੱਨ ਵੀ ਰਮੰਨਾ ਨੇ ਇਸ ਨੂੰ ਨਵੀਂ ਬੈਂਚ ਹਵਾਲੇ ਕਰ ਦਿੱਤਾ ਸੀ। ਭਾਜਪਾ ਆਗੂ ਅਸ਼ਵਨੀ ਉਪਾਧਿਆਇ ਨੇ ਫਰੀ ਸਕੀਮਾਂ 'ਤੇ ਰੋਕ ਲਈ ਪਟੀਸ਼ਨ ਪਾਈ ਹੋਈ ਹੈ।

11 ਅਗਸਤ ਨੂੰ ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ਵਿਚ ਦਾਖਲ ਕੀਤੇ ਹਲਫਨਾਮੇ 'ਚ ਕਿਹਾ ਸੀ ਕਿ ਫਰੀ ਦੇ ਸਮਾਨ ਜਾਂ ਫਿਰ ਨਾਜਾਇਜ਼ ਰੂਪ ਵਿਚ ਫਰੀ ਦੇ ਸਮਾਨ ਦੀ ਕੋਈ ਤੈਅ ਪ੍ਰੀਭਾਸ਼ਾ ਜਾਂ ਪਛਾਣ ਨਹੀਂ ਹੈ। ਦੇਸ਼ ਵਿਚ ਸਮੇਂ ਤੇ ਸਥਿਤੀ ਦੇ ਮੁਤਾਬਕ ਫਰੀ ਸਮਾਨਾਂ ਦੀ ਪ੍ਰੀਭਾਸ਼ਾ ਬਦਲ ਜਾਂਦੀ ਹੈ। ਇਸ ਜਵਾਬ • ਬਾਕੀ ਸਫ਼ਾ 2 'ਤੇ

# ਤਿੰਨ ਵਿਗਿਆਨੀਆਂ ਨੂੰ ਫਿਜ਼ਿਕਸ ਦਾ ਨੋਬੇਲ ਪੁਰਸਕਾਰ

**ਸਟਾਕਹੋਮ** : ਭੌਤਿਕ ਵਿਗਿਆਨੀ ਐਲੇਨ ਆਸਪੈਕਟ, ਜੌਨ ਐੱਫ ਕਲੌਜ਼ਰ ਅਤੇ ਐਂਟਨ ਜੈਲਿੰਗਰ ਨੂੰ 'ਕੁਆਂਟਮ ਮਕੈਨਿਕਸ' ਦੇ ਖੇਤਰ 'ਚ ਉਨ੍ਹਾਂ ਦੇ ਕੰਮ ਲਈ ਨੋਬੇਲ ਪੁਰਸਕਾਰ-2022 ਦੇਣ ਦਾ ਫੈਸਲਾ ਕੀਤਾ ਗਿਆ ਹੈ। ਫਰਾਂਸ ਦੇ ਐਲੇਨ ਪੈਰਿਸ ਤੇ ਸਕੇਲੇ ਯੂਨੀਵਰਸਿਟੀ ਵਿਚ ਪ੍ਰੋਫੈਸਰ ਹਨ। ਜੌਨ ਅਮਰੀਕੀ ਰਿਸਰਚਰ ਤੇ ਪ੍ਰੋਫੈਸਰ ਹਨ, ਜਦਕਿ ਜੈਲਿੰਗਰ ਵਿਆਨਾ ਯੂਨੀਵਰਸਿਟੀ ਵਿਚ ਫਿਜ਼ਿਕਸ ਦੇ ਹੈੱਡ ਆਫ ਦੀ ਡਿਪਾਰਟਮੈਂਟ ਤੇ ਰਿਸਰਚਰ ਹਨ। ਇਨ੍ਹਾਂ ਤਿੰਨਾਂ ਨੇ ਐਨਟੈਂਗਲਡ ਕੁਆਂਟਮ ਸਟੇਟਸ 'ਤੇ ਖੋਜ ਕੀਤੀ ਹੈ। ਇਸ ਵਿਚ ਦੋ ਪਾਰਟੀਕਲਜ਼ ਬਿਲਕੁਲ ਇਕ ਤਰ੍ਹਾਂ ਦਾ ਵਿਹਾਰ ਕਰਦੇ ਹਨ। ਜੇ ਦੋਹਾਂ ਨੂੰ ਅੱਡ-ਅੱਡ ਵੀ ਕਰ ਦਿੱਤਾ ਜਾਵੇ ਤਾਂ ਇਨ੍ਹਾਂ ਦਾ ਵਿਹਾਰ ਨਹੀਂ ਬਦਲਦਾ। ਇਸ ਖੋਜ ਦਾ ਫਾਇਦਾ ਨਵੀਂ ਟੈਕਨਾਲੋਜੀ ਲਈ ਹੋ ਸਕਦਾ ਹੈ। ਇਸ ਨਾਲ ਫਿਜ਼ਿਕਸ ਦੀ ਕੁਆਂਟਮ ਇਨਫਰਮੇਸ਼ਨ ਥਿਓਰੀ ਨੂੰ ਵੀ ਐਕਸਟੈਂਡ ਕੀਤਾ ਜਾ ਸਕੇਗਾ। ਇਹ ਕਈ ਗੰਭੀਰ ਬੀਮਾਰੀਆਂ ਦੇ ਇਲਾਜ ਦਾ ਨਵਾਂ ਰਾਹ ਵੀ ਖੋਲ੍ਹ ਸਕਦੀ ਹੈ। ਕੁਆਂਟਮ ਕੰਪਿਊਟਰਜ਼, ਕੁਆਂਟਮ ਨੈੱਟਵਰਕਸ ਤੇ ਕੁਆਂਟਮ ਐਨਕ੍ਰਿਪਟੇਡ ਕਮਿਊਨੀਕੇਸ਼ਨ ਵਿਚ ਇਸ ਖੋਜ ਨਾਲ ਨਵੀਂ ਕ੍ਰਾਂਤੀ ਲਿਆਂਦੀ ਜਾ ਸਕਦੀ ਹੈ। ਕੁਆਂਟਮ ਮੈਕੇਨਿਕਸ ਨੂੰ ਵੀ ਨਵੀਂ ਰਾਹ ਮਿਲੇਗੀ।



## ਬਰਫ਼ਾਨੀ ਚੋਟੀ 'ਤੇ ਵੱਡੀ ਤਰਾਸਦੀ

**ਦੇਹਰਾਦੂਨ** : ਨਹਿਰੂ ਇੰਸਟੀਚਿਊਟ ਆਫ ਮਾਊਂਟੇਨੀਅਰਿੰਗ ਦੇ 28 ਸਿਖਿਆਰਥੀ ਪਰਬਤਾਰੋਹੀਆਂ ਦਾ ਗਰੁੱਪ ਮੰਗਲਵਾਰ ਉੱਤਰਕਾਸ਼ੀ ਜ਼ਿਲ੍ਹੇ 'ਚ ਦਰੋਪਦੀ ਕਾ ਡੰਡਾ ਚੋਟੀ ਉੱਤੇ ਬਰਫ ਦੇ ਤੋਦਿਆਂ 'ਚ ਫਸ ਗਿਆ ਤੇ ਇਨ੍ਹਾਂ ਵਿਚੋਂ 10 ਦੀ ਮੌਤ ਹੋ ਗਈ। ਇੰਸਟੀਚਿਊਟ ਦੇ ਪ੍ਰਿੰਸੀਪਲ ਕਰਨਲ ਅਮਿਤ ਬਿਸ਼ਟ ਨੇ ਦੱਸਿਆ ਕਿ 34 ਸਿਖਿਆਰਥੀ ਪਰਬਤਾਰੋਹੀਆਂ ਅਤੇ ਸੱਤ ਇੰਸਟ੍ਰਕਟਰਾਂ ਦੀ ਟੀਮ ਵਾਪਸੀ ਸਮੇਂ ਬਰਫ ਦੇ ਤੋਦਿਆਂ 'ਚ ਫਸ ਗਈ। 10 ਲਾਸ਼ਾਂ ਨਜ਼ਰ ਆਈਆਂ ਹਨ, ਜਿਨ੍ਹਾਂ 'ਚੋਂ ਚਾਰ ਬਰਾਮਦ ਕਰ ਲਈਆਂ ਗਈਆਂ ਹਨ। ਬਰਫਬਾਰੀ ਸਵੇਰੇ 8.45 ਵਜੇ ਹੋਈ। ਬਚਾਅ ਟੀਮਾਂ ਨੇ ਫਸੇ ਹੋਏ ਅੱਠ ਲੋਕਾਂ ਨੂੰ ਬਚਾ ਲਿਆ ਸੀ ਤੇ ਬਾਕੀਆਂ ਦੀ ਭਾਲ ਕੀਤੀ ਜਾ ਰਹੀ ਸੀ।

# ਡੀ ਜੀ ਪੀ ਜੇਲ੍ਹ ਦਾ 'ਕਾਤਲ' ਗ੍ਰਿਫ਼ਤਾਰ





**ਜੰਮੂ** : ਜੰਮੂ-ਕਸ਼ਮੀਰ ਦੇ ਡੀ ਜੀ ਪੀ (ਜੇਲ੍ਹਾਂ) ਹੇਮੰਤ ਲੋਹੀਆ ਦੀ ਇੱਥੇ ਸੋਮਵਾਰ ਹੱਤਿਆ ਤੋਂ ਬਾਅਦ ਪੁਲਸ ਨੇ ਉਨ੍ਹਾ ਦੇ ਫਰਾਰ ਘਰੇਲੂ ਨੌਕਰ ਨੂੰ ਸ਼ੱਕ ਦੇ ਅਧਾਰ 'ਤੇ ਗ੍ਰਿਫਤਾਰ ਕਰ ਲਿਆ ਹੈ। ਪੁਲਸ ਦੇ ਡਾਇਰੈਕਟਰ ਜਨਰਲ ਦਿਲਬਾਗ ਸਿੰਘ ਨੇ ਦੱਸਿਆ ਕਿ ਮਸ਼ਕੂਕ ਯਾਸਿਰ ਅਹਿਮਦ ਨੇ ਲੋਹੀਆ ਨੂੰ ਸਾੜਨ ਦੀ ਕੋਸ਼ਿਸ਼ ਵੀ ਕੀਤੀ ਸੀ। ਲੋਹੀਆ ਨੂੰ ਅਗਸਤ 'ਚ ਜੇਲ੍ਹਾਂ ਦਾ ਡਾਇਰੈਕਟਰ ਜਨਰਲ ਨਿਯੁਕਤ ਕੀਤਾ ਗਿਆ ਸੀ। ਐਡੀਸ਼ਨਲ ਡਾਇਰੈਕਟਰ ਜਨਰਲ (ਜੰਮੂ ਖੇਤਰ) ਮੁਕੇਸ਼ ਸਿੰਘ ਨੇ ਦੱਸਿਆ ਕਿ ਲੋਹੀਆ 1992 ਬੈਚ ਦੇ ਆਈ ਪੀ ਐੱਸ ਅਧਿਕਾਰੀ ਸਨ। ਉਨ੍ਹਾ ਦੀ ਲਾਸ਼ ਸ਼ਹਿਰ ਦੇ ਬਾਹਰਵਾਰ ਉਦੇਵਾਲਾ ਸਥਿਤ ਉਨ੍ਹਾ ਦੇ ਦੋਸਤ ਦੀ ਰਿਹਾਇਸ਼ 'ਤੇ ਮਿਲੀ, ਜਿਥੇ ਉਹ ਅੱਜਕੱਲ੍ਹ ਰਹਿ ਰਹੇ ਸਨ। ਉਨ੍ਹਾ ਕਿਹਾ ਕਿ ਮੁਢਲੀ • ਬਾਕੀ ਸਫ਼ਾ 2 'ਤੇ

# ਅਮਰੀਕਾ 'ਚ ਕਈ ਹਿੰਦੂ ਜਥੇਬੰਦੀਆਂ ਖਿਲਾਫ਼ ਮਤਾ ਪਾਸ, ਨਫ਼ਰਤ ਫੈਲਾਉਣ ਦਾ ਦੋਸ਼

**ਨਿਊਯਾਰਕ** : ਅਮਰੀਕਾ ਦੇ ਨਿਊ ਜਰਸੀ ਵਿਚ ਹਾਲ ਹੀ 'ਚ ਟੀਨੇਕ ਡੈਮੋਕਰੇਟਿਕ ਮਿਊਂਸਪਲ ਕਮੇਟੀ (ਟੀ ਡੀ ਐੱਮ ਸੀ) ਦੇ ਆਗੂ ਦੀ ਅਗਵਾਈ ਵਿਚ ਇਕ ਮਤਾ ਪਾਸ ਕਰਕੇ ਵਿਸ਼ਵ ਹਿੰਦੂ ਪ੍ਰੀਸ਼ਦ, ਸੇਵਾ ਇੰਟਰਨੈਸ਼ਨਲ, ਹਿੰਦੂ ਸੋਇਮ ਸੇਵਕ ਸੰਘ ਸਣੇ 60 ਜਥੇਬੰਦੀਆਂ ਉੱਤੇ ਦਹਿਸ਼ਤਗਰਦੀ ਨੂੰ ਬੜ੍ਹਾਵਾ ਦੇਣ ਦਾ ਦੋਸ਼ ਲਾਇਆ ਗਿਆ ਹੈ। ਮਤੇ ਵਿਚ ਕਿਹਾ ਗਿਆ ਹੈ ਕਿ ਇਹ ਜਥੇਬੰਦੀਆਂ ਭਾਰਤ ਤੇ ਅਮਰੀਕਾ ਵਿਚ ਘੱਟ ਗਿਣਤੀਆਂ ਖਿਲਾਫ ਨਫਰਤ ਫੈਲਾਉਣ ਦਾ ਕੰਮ ਕਰ ਰਹੀਆਂ ਹਨ। ਮਤੇ ਵਿਚ ਦੋ ਡੈਮਕਰੇਟਿਕ ਸਾਂਸਦਾਂ ਨੂੰ ਅਮਰੀਕਾ ਵਿਚ ਸਰਗਰਮ ਹਿੰਦੂ ਜਥੇਬੰਦੀਆਂ ਦੀ ਫੰਡਿੰਗ ਦੀ ਜਾਂਚ ਕਰਨ ਨੂੰ ਕਿਹਾ ਗਿਆ ਹੈ। ਡੈਮੋਕਰੇਟਿਕ ਪਾਰਟੀ ਹੀ ਅਮਰੀਕਾ ਵਿਚ ਸੱਤਾਧਾਰੀ ਹੈ। ਇਸ ਮਤੇ ਖਿਲਾਫ ਹਿੰਦੂ ਜਥੇਬੰਦੀਆਂ ਨੇ ਖਾਸਕਰ ਕੈਲੀਫੋਰਨੀਆ ਤੇ ਨਿਊ ਜਰਸੀ ਵਿਚ ਡੈਮੋਕਰੇਟਿਕ ਪਾਰਟੀ ਦੀਆਂ ਸਰਕਾਰਾਂ ਖਿਲਾਫ ਪ੍ਰਦਰਸ਼ਨ ਕੀਤੇ ਹਨ।

ਅਮਰੀਕਾ • ਬਾਕੀ ਸਫ਼ਾ 2 'ਤੇ

## ਕੈਲੀਫੋਰਨੀਆ 'ਚ ਚਾਰ ਜੀਅ ਅਗਵਾ



**ਕੈਲੀਫੋਰਨੀਆ** : ਅਮਰੀਕਾ 'ਚ ਮੰਗਲਵਾਰ ਕੈਲੀਫੋਰਨੀਆ ਦੇ ਮਰਸਡ ਕਾਊਂਟੀ ਤੋਂ ਪੰਜਾਬੀ ਪਰਵਾਰ ਦੇ ਚਾਰ ਜੀਆਂ ਨੂੰ ਅਗਵਾ ਕਰ ਲਿਆ ਗਿਆ। ਇਨ੍ਹਾਂ 'ਚ ਅੱਠ ਮਹੀਨੇ ਦੀ ਬੱਚੀ ਅਤੇ ਉਸ ਦੇ ਮਾਤਾ-ਪਿਤਾ ਸ਼ਾਮਲ ਸਨ। ਮਰਸਡ ਕਾਊਂਟੀ ਸ਼ੈਰਿਫ ਦੇ ਦਫਤਰ ਨੇ ਬਿਆਨ ਵਿਚ ਕਿਹਾ ਕਿ ਜਿਨ੍ਹਾਂ ਨੂੰ ਅਗਵਾ ਕੀਤਾ ਗਿਆ ਹੈ ਉਨ੍ਹਾਂ 'ਚ 36 ਸਾਲਾ ਜਸਦੀਪ ਸਿੰਘ, 27 ਸਾਲਾ ਜਸਲੀਨ ਕੌਰ, ਉਨ੍ਹਾਂ ਦੀ ਅੱਠ ਮਹੀਨੇ ਦੀ ਬੱਚੀ ਅਰੂਹੀ ਅਤੇ 39 ਸਾਲਾ ਅਮਨਦੀਪ ਸਿੰਘ ਸ਼ਾਮਲ ਹਨ। ਪੁਲਸ ਨੇ ਸ਼ੱਕੀ ਨੂੰ ਹਥਿਆਰਬੰਦ ਅਤੇ ਖਤਰਨਾਕ ਕਰਾਰ ਦਿੰਦਿਆਂ ਜ਼ਿਆਦਾ ਵੇਰਵੇ ਜਾਰੀ ਨਹੀਂ ਕੀਤੇ।

# ਟਿਫਿਨ ਬੰਬ ਤੇ 2 ਏ ਕੇ-56 ਰਾਈਫਲਾਂ ਸਣੇ ਗ੍ਰਿਫ਼ਤਾਰ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਅੰਮ੍ਰਿਤਸਰ ਦਿਹਾਤੀ ਪੁਲਸ ਨੇ ਆਈ ਐੱਸ ਆਈ ਅਧਾਰਤ ਨਾਰਕੋ-ਅੱਤਵਾਦ ਮਡਿਊਲ ਦਾ ਪਰਦਾ ਫਾਸ਼ ਕਰਕੇ ਇਸ ਦੇ ਮੁੱਖ ਸੰਚਾਲਕ ਨੂੰ ਹਥਿਆਰਾਂ ਅਤੇ ਵਿਸਫੋਟਕ ਸਮਗਰੀ ਸਮੇਤ ਗ੍ਰਿਫ਼ਤਾਰ ਕਰ ਲਿਆ। ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਆਫ਼ ਪੁਲਸ ਗੌਰਵ ਯਾਦਵ ਨੇ ਦੱਸਿਆ ਕਿ ਇਹ ਮਡਿਊਲ ਕੈਨੇਡਾ ਅਧਾਰਤ ਲਖਬੀਰ ਸਿੰਘ ਉਰਫ ਲੰਡਾ, ਪਾਕਿਸਤਾਨ ਅਧਾਰਤ ਹਰਵਿੰਦਰ ਸਿੰਘ ਰਿੰਦਾ ਅਤੇ ਇਟਲੀ ਅਧਾਰਤ ਹਰਪ੍ਰੀਤ ਸਿੰਘ ਉਰਫ ਹੈਪੀ ਵੱਲੋਂ ਸਾਂਝੇ ਤੌਰ 'ਤੇ ਚਲਾਇਆ ਜਾ ਰਿਹਾ ਹੈ। ਗ੍ਰਿਫ਼ਤਾਰ ਕੀਤੇ ਮੁਲਜ਼ਮ ਦੀ ਪਛਾਣ ਤਰਨ ਤਾਰਨ ਦੇ ਪਿੰਡ ਰਾਜੋਕੇ ਵਾਸੀ ਯੋਗਰਾਜ ਸਿੰਘ ਉਰਫ ਯੋਗ ਵਜੋਂ ਹੋਈ ਹੈ। ਇਸ ਤੋਂ ਇਲਾਵਾ ਪੁਲਸ ਨੇ ਮਡਿਊਲ ਦੇ ਪੰਜ ਹੋਰ ਸੰਚਾਲਕਾਂ ਦੀ ਵੀ ਸ਼ਨਾਖਤ ਕੀਤੀ ਹੈ, ਜੋ ਪੰਜਾਬ ਅਤੇ ਆਸ-ਪਾਸ ਦੇ ਸੂਬਿਆਂ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਮਡਿਊਲ ਨਾਲ ਜੁੜੇ ਹੋਏ ਹਨ।

ਪੁਲਸ ਨੇ ਮੁਲਜ਼ਮ ਕੋਲੋਂ ਇੱਕ ਆਰ ਡੀ ਐੱਕਸ ਲੋਡਿਡ ਟਿਫਿਨ ਬਾਕਸ, ਜਿਸ ਨੂੰ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈ ਈ ਡੀ) ਜਾਂ ਟਿਫਿਨ ਬੰਬ ਬਣਾਇਆ ਗਿਆ ਸੀ, ਦੋ ਆਧੁਨਿਕ ਏ ਕੇ-56 ਅਸਾਲਟ ਰਾਈਫਲਾਂ ਸਮੇਤ ਦੋ ਮੈਗਜ਼ੀਨਾਂ ਅਤੇ 30 ਜ਼ਿੰਦਾ ਕਾਰਤੂਸ, ਇੱਕ .30 ਬੋਰ ਦਾ ਪਿਸਤੌਲ ਸਮੇਤ 6 ਜ਼ਿੰਦਾ ਕਾਰਤੂਸ ਅਤੇ 2 ਕਿਲੋ ਹੈਰੋਇਨ ਬਰਾਮਦ ਕੀਤੀ। ਡੀ ਜੀ ਪੀ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਯੋਗਰਾਜ ਇਸ ਮਡਿਊਲ ਦਾ ਮੁੱਖ ਸੰਚਾਲਕ ਹੈ ਅਤੇ ਉਹ ਸੂਬਾ ਪੁਲਸ ਅਤੇ ਕੇਂਦਰੀ ਇਨਫੋਰਸਮੈਂਟ ਏਜੰਸੀਆਂ ਨੂੰ ਸਤੰਬਰ 2019 ਵਿੱਚ ਤਰਨ ਤਾਰਨ ਵਿੱਚ ਪੰਜ ਏ ਕੇ-47 ਅਸਾਲਟ ਰਾਈਫਲਾਂ ਜ਼ਬਤ ਕਰਨ ਦੇ ਮਾਮਲੇ ਸਮੇਤ ਘੱਟੋ-ਘੱਟ ਪੰਜ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦਾ ਸੀ।

ਉਨ੍ਹਾ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਹਥਿਆਰਾਂ, ਵਿਸਫੋਟਕ ਸਮਗਰੀ ਤੇ ਨਸ਼ੇ ਦੀ ਤਸਕਰੀ ਸਬੰਧੀ ਸਰਹੱਦੋ ਪਾਰ ਦੀਆਂ ਕਾਰਵਾਈਆਂ ਅੱਤਵਾਦੀ/ ਗੈਂਗਸਟਰ ਲੰਡਾ, ਰਿੰਦਾ ਅਤੇ ਹੈਪੀ ਤੇ ਜੇਲ੍ਹ ਵਿੱਚ ਬੰਦ ਸਮਗਲਰ ਗੁਰਪਵਿੱਤਰ ਉਰਫ ਸਾਈਂ ਵਾਸੀ ਲਖਨਾ, ਜ਼ਿਲ੍ਹਾ ਤਰਨ ਤਾਰਨ ਦੇ ਨਿਰਦੇਸ਼ਾਂ 'ਤੇ ਯੋਗਰਾਜ ਵੱਲੋਂ ਕੀਤੀਆਂ ਜਾਂਦੀਆਂ ਸਨ। ਯੋਗਰਾਜ ਵੱਡੇ ਪੱਧਰ 'ਤੇ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਰਿਕਵਰੀ ਅਤੇ ਅੱਗੇ ਡਲਿਵਰੀ ਲਈ ਸਰਗਰਮ ਸੀ। ਐੱਸ ਐੱਸ ਪੀ ਅੰਮ੍ਰਿਤਸਰ (ਦਿਹਾਤੀ) ਸਵਪਨ ਸ਼ਰਮਾ ਨੇ • ਬਾਕੀ ਸਫ਼ਾ 2 'ਤੇ



ਅਮਰਜੀਤ ਮੇਹਲੀ (ਸੁਪਰਡੈਂਟ ਲੈਂਡ ਰਿਕਾਰਡ ਜਲੰਧਰ) ਸਪੁੱਤਰ ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਨੇ ਆਪਣੀ ਰਿਟਾਇਰਮੈਂਟ 'ਤੇ ਅਦਾਰਾ 'ਨਵਾਂ ਜ਼ਮਾਨਾ' ਨੂੰ ਪੱਤਰਕਾਰ ਅਵਤਾਰ ਕਲੇਰ ਰਾਹੀਂ 5000 ਰੁਪਏ ਸਹਾਇਤਾ ਭੇਟ ਕੀਤੀ। ਅਦਾਰਾ ਉਨ੍ਹਾ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੈ।

## ਗੁੱਜਰ, ਬਕਰਵਾਲ ਤੇ ਪਹਾੜੀ ਭਾਈਚਾਰਿਆਂ ਨੂੰ ਮਿਲੇਗੀ ਰਿਜ਼ਰਵੇਸ਼ਨ : ਸ਼ਾਹ



**ਰਾਜੌਰੀ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੰਗਲਵਾਰ ਐਲਾਨ ਕੀਤਾ ਕਿ ਜੰਮੂ-ਕਸ਼ਮੀਰ ਦੇ ਗੁੱਜਰ, ਬਕਰਵਾਲ ਅਤੇ ਪਹਾੜੀ ਭਾਈਚਾਰਿਆਂ ਨੂੰ ਜਸਟਿਸ ਸ਼ਰਮਾ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਰਾਖਵੇਂਕਰਨ ਦਾ ਲਾਭ ਮਿਲੇਗਾ। ਇਸ ਕਮਿਸ਼ਨ ਨੇ ਰਾਖਵੇਂਕਰਨ ਦੇ ਮੁੱਦੇ 'ਤੇ ਵਿਚਾਰ ਕੀਤਾ ਸੀ। ਇਸ ਤੋਂ ਪਹਿਲਾਂ ਮਹਾਨੌਮੀ ਮੌਕੇ ਸ਼ਾਹ ਨੇ ਰਿਆਸੀ ਜ਼ਿਲ੍ਹੇ 'ਚ ਤ੍ਰਿਕੁਟਾ ਪਹਾੜੀਆਂ 'ਤੇ ਸਥਿਤ ਮਾਤਾ ਵੈਸ਼ਨੋ ਦੇਵੀ ਮੰਦਰ 'ਚ ਪੂਜਾ ਕੀਤੀ। ਸ਼ਾਹ ਨਾਲ ਉਪ ਰਾਜਪਾਲ ਮਨੋਜ ਸਿਨਹਾ ਅਤੇ ਕੇਂਦਰੀ ਮੰਤਰੀ ਜਤਿੰਦਰ ਸਿੰਘ ਵੀ ਸਨ। ਗ੍ਰਹਿ ਮੰਤਰੀ ਨੌਂ ਦਿਨਾਂ ਤੱਕ ਚੱਲਣ ਵਾਲੇ ਨਵਰਾਤਰੀ ਤਿਉਹਾਰ ਦੇ ਆਖਰੀ ਦਿਨ ਮਾਂ ਦੇ ਦਰਸ਼ਨਾਂ ਲਈ ਹੈਲੀਕਾਪਟਰ ਰਾਹੀਂ ਸਾਂਝੀ ਛੱਤ ਪਹੁੰਚੇ। ਮੰਦਰ ਜਾਣ ਤੋਂ ਪਹਿਲਾਂ ਸ਼ਾਹ ਨੇ ਟਵੀਟ ਕਰਕੇ ਦੇਸ਼ ਵਾਸੀਆਂ ਨੂੰ ਮਹਾਨੌਮੀ ਦੀ ਵਧਾਈ ਦਿੱਤੀ।

ਸ਼ਾਹ ਦੇ ਦੌਰੇ ਦੇ ਮੱਦੇਨਜ਼ਰ ਜੰਮੂ ਅਤੇ ਰਾਜੌਰੀ ਜ਼ਿਲ੍ਹਿਆਂ ਦੇ ਕੁਝ ਹਿੱਸਿਆਂ 'ਚ ਮੰਗਲਵਾਰ ਮੋਬਾਇਲ ਇੰਟਰਨੈੱਟ ਸੇਵਾਵਾਂ ਨੂੰ ਅਸਥਾਈ ਤੌਰ 'ਤੇ ਸ਼ਾਮ 7 ਵਜੇ ਤੱਕ ਲਈ ਮੁਅੱਤਲ ਕਰ ਦਿੱਤਾ ਗਿਆ। ਪ੍ਰਸ਼ਾਸਨ ਵੱਲੋਂ ਜਾਰੀ ਨੋਟੀਫਿਕੇਸ਼ਨ 'ਚ ਕਿਹਾ ਗਿਆ ਕਿ ਇੰਟਰਨੈੱਟ ਸੇਵਾਵਾਂ ਨੂੰ ਅਸਥਾਈ ਤੌਰ 'ਤੇ ਮੁਅੱਤਲ ਕੀਤਾ ਗਿਆ ਹੈ, ਤਾਂ ਜੋ ਸੇਵਾਵਾਂ ਦੀ ਰਾਸ਼ਟਰ ਵਿਰੋਧੀ ਅਨਸਰਾਂ ਵੱਲੋਂ ਦੁਰਵਰਤੋਂ ਨਾ ਕੀਤੀ ਜਾ ਸਕੇ।

## ਅੱਜ-ਨਾਮਾ

ਮੌਸਮ ਪਲਟਿਆ ਦਸਾਂ ਕੁ ਦਿਨਾਂ ਅੰਦਰ,
ਗਰਮੀ ਗਈ ਤਾਂ ਠੰਢ ਹੈ ਆਉਣ ਲੱਗੀ।
ਜਿਹੜੇ ਦੇਸ਼ ਹਨ ਉੱਤਰ ਦੇ ਵੱਲ ਪੈਂਦੇ,
ਕੁਦਰਤ ਬਰਫ਼ ਵੀ ਹੈ ਵਿਛਾਉਣ ਲੱਗੀ।
ਦੱਖਣੀ ਪਾਸੇ ਨੂੰ ਜਿਹੜੇ ਹਨ ਦੇਸ਼ ਪੈਂਦੇ,
ਪਾਰਾ ਗਰਮੀ ਹੈ ਥੋੜ੍ਹਾ ਚੜ੍ਹਾਉਣ ਲੱਗੀ।
ਬਹੁਤੀ ਗਰਮੀ ਨਾ ਬਹੁਤੜੀ ਠੰਢ ਮਾੜੀ,
ਮਾੜੀ ਰੁੱਤ ਜਦ ਕੁੰਜ ਪਲਟਾਉਣ ਲੱਗੀ।
ਬਦਲਦਾ ਮੌਸਮ ਤਾਂ ਕਈ ਬਿਮਾਰ ਹੁੰਦੇ,
ਲੱਗਦੀ ਖੰਘ ਫਿਰ ਤਾਪ ਚੜ੍ਹਾਏ ਮੀਆਂ।
ਰੁਕ ਜਾਏ ਕੰਮ ਤੇ ਪੈਸੇ ਨੇ ਖਰਚ ਹੁੰਦੇ,
ਕੱਟ ਕੇ ਪੇਟ ਸੀ ਜਿਹੜੇ ਬਚਾਏ ਮੀਆਂ।

-ਤੀਸ ਮਾਰ ਖਾਂ



## ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਖਿਲਾਫ ਅੰਮ੍ਰਿਤਸਰ 'ਚ ਰੋਸ ਮਾਰਚ

**ਅੰਮ੍ਰਿਤਸਰ** : ਹਰਿਆਣਾ 'ਚ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਲਈ ਬਣਾਏ ਕਾਨੂੰਨ ਨੂੰ ਰੱਦ ਕਰਨ ਅਤੇ ਸਿੱਖ ਵਿਰੋਧੀ ਤਾਕਤਾਂ ਨੂੰ ਨੱਥ ਪਾਉਣ ਦੀ ਮੰਗ ਨੂੰ ਲੈ ਕੇ ਮੰਗਲਵਾਰ ਇਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰੋਸ ਮਾਰਚ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਕਾਲੇ ਝੰਡੇ ਅਤੇ ਤਖ਼ਤੀਆਂ ਚੁੱਕੀਆਂ ਹੋਈਆਂ ਸਨ, ਜਿਨ੍ਹਾਂ ਉੱਪਰ ਹਰਿਆਣਾ ਕਮੇਟੀ ਬਣਾਉਣ ਖਿਲਾਫ ਨਾਅਰੇ ਲਿਖੇ ਹੋਏ ਸਨ। ਮਾਰਚ ਦਰਬਾਰ ਸਾਹਿਬ ਤੋਂ ਕਚਹਿਰੀ ਤੱਕ ਕੀਤਾ ਗਿਆ, ਜਿਸ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ। ਮਾਰਚ 'ਚ ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ ਕਰਮਚਾਰੀ ਸ਼ਾਮਲ ਸਨ। ਪੰਥਕ ਜੈਕਾਰਿਆਂ ਦੇ ਨਾਲ ਆਰੰਭ ਹੋਇਆ ਇਹ ਮਾਰਚ ਡਿਪਟੀ ਕਮਿਸ਼ਨਰ ਦੇ ਦਫਤਰ ਪੁੱਜਾ, ਜਿੱਥੇ ਧਰਨਾ ਦਿੱਤਾ ਗਿਆ। ਇਸ ਮੌਕੇ ਪ੍ਰਧਾਨ ਮੰਤਰੀ ਦੇ ਨਾਂਅ ਮੰਗ ਪੱਤਰ ਡਿਪਟੀ ਕਮਿਸ਼ਨਰ ਨੂੰ ਸੌਂਪਿਆ ਗਿਆ, ਜਿਸ ਵਿਚ ਮੰਗ ਕੀਤੀ ਗਈ ਕਿ ਸ਼੍ਰੋਮਣੀ ਕਮੇਟੀ ਨੂੰ ਤੋੜਨ ਲਈ ਬਣਾਏ ਹਰਿਆਣਾ 'ਚ ਵੱਖਰੀ ਕਮੇਟੀ ਦੇ ਕਾਨੂੰਨ ਨੂੰ ਰੱਦ ਕੀਤਾ ਜਾਵੇ। ਸਿੱਖ ਪੰਥ ਨੂੰ ਖੋਰਾ ਲਾਉਣ ਵਾਲੀਆਂ ਪੰਥ ਵਿਰੋਧੀ ਤਾਕਤਾਂ ਨੂੰ ਨੱਥ ਪਾਈ ਜਾਵੇ ਅਤੇ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ। ਇਸ ਧਰਨੇ ਦੌਰਾਨ ਐਡੀਸ਼ਨਲ ਡਿਪਟੀ ਕਮਿਸ਼ਨਰ ਮੰਗ ਪੱਤਰ ਲੈਣ ਲਈ ਪੁੱਜੇ, ਪਰ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਮੈਂਬਰ ਅੜ ਗਏ ਕਿ ਮੰਗ ਪੱਤਰ ਡਿਪਟੀ ਕਮਿਸ਼ਨਰ ਨੂੰ ਹੀ ਦਿੱਤਾ ਜਾਵੇਗਾ, ਜਿਸ ਲਈ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਤੇ ਕਰਮਚਾਰੀਆਂ ਨੂੰ ਘੰਟੇ ਤੋਂ ਵੱਧ ਧਰਨਾ ਦੇਣਾ ਪਿਆ। ਡਿਪਟੀ ਕਮਿਸ਼ਨਰ ਵੱਲੋਂ ਮੰਗ ਪੱਤਰ ਲਏ ਜਾਣ 'ਤੇ ਧਰਨਾ ਖ਼ਤਮ ਕੀਤਾ ਗਿਆ। ਮਾਰਚ ਕੱਢਣ ਦਾ ਫੈਸਲਾ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰਾਂ ਦੇ ਸੱਦੇ ਗਏ ਵਿਸ਼ੇਸ਼ ਅਜਲਾਸ 'ਚ ਕੀਤਾ ਗਿਆ ਸੀ। ਇਸ ਤੋਂ ਇਲਾਵਾ 7 ਅਕਤੂਬਰ ਨੂੰ ਤਖ਼ਤ ਕੇਸਗੜ੍ਹ ਸਾਹਿਬ ਅਤੇ ਤਖ਼ਤ ਦਮਦਮਾ ਸਾਹਿਬ ਤੋਂ ਅਕਾਲ ਤਖ਼ਤ ਤੱਕ ਮਾਰਚ ਕੱਢੇ ਜਾਣਗੇ।




## ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ 'ਚ ਕਸਰ ਨਹੀਂ ਛੱਡੀ ਜਾਵੇਗੀ : ਦੇਵ ਮਾਨ

**ਨਾਭਾ (ਵਰਿੰਦਰ ਵਰਮਾ)**

ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਸ਼ਹਿਰ ਦੀ ਸਾਫ਼ ਸਫ਼ਾਈ ਸਬੰਧੀ ਨਗਰ ਕੌਂਸਲ ਦੇ ਸੈਨੀਟੇਸ਼ਨ ਬ੍ਰਾਂਚ ਦੇ ਮੁਲਾਜ਼ਮਾਂ ਨਾਲ ਮੀਟਿੰਗ ਕੀਤੀ, ਜਿਸ ਵਿੱਚ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ 'ਚ ਵਿਧਾਇਕ ਦੇਵ ਮਾਨ ਨੇ ਸੈਨੀਟੇਸ਼ਨ ਬ੍ਰਾਂਚ ਦੇ ਮੁਲਾਜ਼ਮਾਂ ਤੇ ਸਫ਼ਾਈ ਸੇਵਕਾ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਨ੍ਹਾਂ ਦੇ ਯਤਨ ਸਦਕਾ ਨਗਰ ਕੌਂਸਲ ਨੂੰ ਸਵੱਛ ਸਰਵੇਖਣ 2022 ਵਿੱਚ 19ਵਾਂ ਸਥਾਨ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਘੋਸ਼ਿਤ ਹੋਏ ਸਵੱਛ ਸਰਵੇਖਣ 2022 ਦੇ ਨਤੀਜਿਆਂ 'ਚ ਨਗਰ ਕੌਂਸਲ ਉੱਤਰ ਭਾਰਤ ਵਿੱਚ ਸ਼ਹਿਰ ਨਾਭਾ ਪੰਜਾਹ ਹਜ਼ਾਰ ਤੋਂ ਇੱਕ ਲੱਖ ਦੀ ਆਬਾਦੀ ਕੈਟਾਗਿਰੀ ਵਿੱਚ 19ਵਾਂ ਸਥਾਨ ਪ੍ਰਾਪਤ ਕੀਤਾ ਹੈ। ਦੇਵ ਮਾਨ ਨੇ ਕਿਹਾ ਕਿ ਸਾਡਾ ਇੱਕ ਮਕਸਦ ਹੈ ਕਿ ਸੂਬਾ ਪੰਜਾਬ ਵਿੱਚ ਨਾਭਾ ਸ਼ਹਿਰ ਨੂੰ ਸਵੱਛ ਸਰਵੇਖਣ ਵਿੱਚ ਇੱਕ ਨੰਬਰ 'ਤੇ ਅਤੇ ਪੂਰੇ ਦੇਸ ਵਿੱਚ ਅਸੀਂ ਆਪਣੇ ਸ਼ਹਿਰ ਨੂੰ 10 ਟਾਪ ਦੀ ਗਿਣਤੀ ਵਿੱਚ ਲੈ ਕੇ ਆਵਾਂਗੇ ਇਸ ਮੌਕੇ ਨਗਰ ਕੌਂਸਲ ਪ੍ਰਧਾਨ ਸੁਜਾਤਾ ਚਾਵਲਾ, ਪੰਕਜ ਪੱਪੂ, ਸੈਨੇਟਰੀ ਇਨਸਪੈਕਟਰ ਗੁਰਿੰਦਰਪਾਲ ਸਿੰਘ, ਸੁਪਰਵਾਈਜ਼ਰ ਤੇਜਾ ਸਿੰਘ ਨੇ ਕਿਹਾ ਕਿ ਇਹ ਮੁਕਾਮ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਵਿੱਚ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੀਆਂ ਹਰ ਮੁਹੱਲਿਆਂ ਵਿਚੋਂ ਡੋਰ ਟੂ ਡੋਰ ਸੁੱਕਾ ਤੇ ਗਿੱਲਾ ਕੂੜਾ ਦਿਨ ਤੇ ਰਾਤ ਨੂੰ ਰੋਜ਼ਾਨਾ ਚੁੱਕਿਆ ਜਾਂਦਾ ਸੀ। ਇਸ ਗਿੱਲੇ-ਕੂੜੇ ਤੋਂ ਖਾਦ ਤਿਆਰ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਵੱਲੋਂ 3 ਕੁਇੰਟਲ ਦੇ ਲਗਭਗ ਆਰਗੈਨਿਕ ਖਾਦ ਲੋਕਾਂ ਨੂੰ ਮੁਫ਼ਤ ਦਿੱਤੀ ਗਈ ਹੈ ਅਤੇ 4 ਕੁਇੰਟਲ ਦੇ ਲਗਭਗ ਖਾਦ ਸਟੋਰ ਕੀਤੀ ਹੋਈ ਹੈ। ਦੱਸਣਯੋਗ ਹੈ ਕਿ 2018 ਵਿੱਚ 524ਵਾਂ ਸਥਾਨ, 2019 ਵਿੱਚ 461ਵਾਂ ਸਥਾਨ, 2020 'ਚ ਸ਼ਹਿਰ ਨਾਭਾ ਦਾ 64ਵਾਂ ਸਥਾਨ, 2021 ਵਿੱਚ 22ਵਾਂ ਤੇ 2022 ਵਿੱਚ 19ਵਾਂ ਸਥਾਨ ਪ੍ਰਾਪਤ ਕੀਤਾ ਹੈ। ਇਸ ਮੌਕੇ ਕਪਿਲ ਮਾਨ, ਸੁਖਦੇਵ ਸਿੰਘ ਮਾਨ, ਆਮ ਆਦਮੀ ਪਾਰਟੀ ਸ਼ਹਿਰੀ ਮੀਤ ਪ੍ਰਧਾਨ ਰਮਨ ਜਿੰਦਲ ਭੋਲਾ, ਕੌਂਸਲਰ ਹਰਪ੍ਰੀਤ ਸਿੰਘ ਪ੍ਰੀਤ, ਤੇਜਿੰਦਰ ਖਹਿਰਾ, ਸੰਦੀਪ ਸ਼ਰਮਾ ਯੂਥ ਪ੍ਰਧਾਨ, ਨਗਰ ਕੌਂਸਲ ਮੁਲਾਜਮ ਸੀ ਐਫ਼ ਨਵਦੀਪ ਕੌਰ ਤੇ ਗਗਨਦੀਪ ਕੌਰ ਆਦਿ ਹਾਜ਼ਰ ਸਨ।



## ਸੰਤ ਕਬੀਰ ਸਕੂਲ 'ਚ ਦੁਸਹਿਰਾ ਧੂਮਧਾਮ ਨਾਲ ਮਨਾਇਆ



**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)** ਸੰਤ ਕਬੀਰ ਕਾਨਵੈਂਟ ਸੀਨੀਅਰ ਸੀਨੀਅਰ ਸੈਕੰਡਰੀ ਸਕੂਲ ਵਿਖੇ ਬਦੀ ਉੱਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਤਿਉਹਾਰ ਦੁਸਹਿਰਾ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਰਾਵਣ ਦਹਿਨ ਦਾ ਪ੍ਰੋਗਰਾਮ ਆਯੋਜਤ ਕੀਤਾ ਗਿਆ, ਜਿਸ ਵਿੱਚ ਡਾ. ਪ੍ਰਮੋਦ ਗੋਇਲ (ਕੰਟਰੋਲਰ ਆਫ਼ ਐਗਜਾਮੀਨੇਸ਼ਨ, ਆਦੇਸ਼ ਮੈਡੀਕਲ ਕਾਲਜ) ਤੇ ਡਾ. ਮੋਨਿਕਾ ਗੁਪਤਾ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਸਭ ਤੋਂ ਪਹਿਲਾਂ ਸ੍ਰੀ ਰਾਮ ਜੀ ਅਤੇ ਰਾਵਣ ਦੀ ਪੂਜਾ ਕੀਤੀ ਗਈ। ਮੈਡਮ ਸੋਨੀਆ ਸ਼ਰਮਾ ਨੇ ਦੁਸਹਿਰੇ ਬਾਰੇ ਜਾਣਕਾਰੀ ਦਿੱਤੀ। ਸਕੂਲ ਸਟਾਫ਼ ਨੇ ਭਜਨ ਪੇਸ਼ ਕੀਤੇ। ਵਿਦਿਆਰਥੀਆਂ ਨੇ ਰਮਾਇਣ ਦੇ ਪਾਤਰਾਂ ਦਾ ਕਿਰਦਾਰ ਨਿਭਾਇਆ। ਮੁੱਖ ਮਹਿਮਾਨ, ਪ੍ਰਿੰਸੀਪਲ ਤੇ ਸਮੂਹ ਸਟਾਫ਼ ਦੁਆਰਾ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਪੁਤਲਿਆਂ ਦਾ ਦਹਨ ਕੀਤਾ ਗਿਆ। ਸ੍ਰੀ ਪ੍ਰਮੋਦ ਗੋਇਲ ਨੇ ਵਧਾਈ ਦਿੱਤੀ ਤੇ ਕਿਹਾ ਕਿ ਸਾਨੂੰ ਆਪਣੇ ਅੰਦਰ ਦੀਆਂ ਬੁਰਾਈਆਂ ਨੂੰ ਖਤਮ ਕਰਨ ਦਾ ਪ੍ਰਣ ਕਰਨਾ ਚਾਹੀਦਾ ਹੈ। ਸਕੂਲ ਦੇ ਐਮ.ਡੀ. ਪ੍ਰੋ. ਐਮ.ਐਲ.ਅਰੋੜਾ, ਪ੍ਰਿੰਸੀਪਲ ਕੰਚਨ ਬਾਲਾ, ਹੈੱਡ ਮਿਸਟਰੈਸ ਸੋਨੀਆਂ ਧਵਨ ਤੇ ਰਚਨਾ ਜਿੰਦਲ ਨੇ ਬੱਚਿਆਂ ਨੂੰ ਦੁਸਹਿਰੇ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

## ਮੰਗਤ ਰਾਏ ਮੁੜ ਗੱਲਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਚੁਣੇ



**ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)** ਗੱਲਾ ਮਜ਼ਦੂਰ ਯੂਨੀਅਨ ਦੀ ਚੋਣ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਕਾਮਰੇਡ ਨਾਨਕ ਸਿੰਘ ਤਪਾ ਦੀ ਅਗਵਾਈ 'ਚ ਮੰਗਤ ਰਾਏ ਮੁੜ ਪ੍ਰਧਾਨ ਚੁਣੇ ਗਏ। ਇਸ ਮੌਕੇ ਉਨ੍ਹਾਂ ਯਕੀਨ ਦਿਵਾਇਆ ਕਿ ਜੋ ਜ਼ਿੰਮੇਵਾਰੀ ਦਿੱਤੀ ਗਈ ਹੈ, ਉਸ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਸ਼ਿੰਗਾਰਾ ਸਿੰਘ, ਪਾਲਾ ਸਿੰਘ, ਜੋਰਾ ਸਿੰਘ, ਸੇਵਕ ਸਿੰਘ ਪਾਲ ਸਿੰਘ, ਰੌਸ਼ਨ ਲਾਲ ਨੇ ਗਲ਼ 'ਚ ਹਾਰ ਪਾ ਕੇ ਵਧਾਈ ਦਿੱਤੀ।

## ਪਰਾਲੀ ਨੂੰ ਧਰਤੀ 'ਚ ਦਬਾਉਣ ਨਾਲ ਉਪਜਾਊ ਸ਼ਕਤੀ ਵਧ ਜਾਂਦੀ ਹੈ : ਡਾ. ਸਰਬਜੀਤ ਸਿੰਘ

**ਬਠਿੰਡਾ, (ਬਖਤੌਰ ਢਿੱਲੋਂ)**

ਝੋਨੇ ਦੀ ਪਰਾਲੀ ਨੂੰ ਜ਼ਮੀਨ ਵਿੱਚ ਦਬਾ ਦੇਣ ਨਾਲ ਧਰਤੀ 'ਚ ਜੈਵਿਕ ਕਾਰਬਨ ਦੀ ਮਾਤਰਾ ਵਿੱਚ ਵਾਧਾ ਹੋ ਜਾਂਦਾ ਹੈ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਵਧ ਜਾਂਦੀ ਹੈ। ਇਹ ਵਿਚਾਰ ਡਾ. ਸਰਬਜੀਤ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਨੇ ਪ੍ਰਗਟ ਕੀਤੇ। ਉਹ ਮੁੱਖ ਖੇਤੀਬਾੜੀ ਅਫ਼ਸਰ ਬਠਿੰਡਾ ਡਾ. ਦਿਲਬਾਗ ਸਿੰਘ ਦੇ ਨਿਰਦੇਸਾਂ ਅਨੁਸਾਰ ਬਲਾਕ ਖੇਤੀਬਾੜੀ ਅਫ਼ਸਰ ਡਾ. ਜਗਦੀਸ਼ ਸਿੰਘ ਦੀ ਅਗਵਾਈ ਵਿੱਚ ਪਿੰਡ ਆਕਲੀਆ ਕਲਾਂ ਵਿਖੇ ਇੱਕ ਕਿਸਾਨ ਸਿਖਲਾਈ ਕੈਂਪ ਨੂੰ ਸੰਬੋਧਨ ਕਰ ਰਹੇ ਸਨ। ਡਾ. ਸਰਬਜੀਤ ਸਿੰਘ ਨੇ ਝੋਨੇ ਦੀ ਪਰਾਲੀ ਨੂੰ ਜ਼ਮੀਨ ਵਿੱਚ ਦਬਾਉਣ ਲਈ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ ਸੁਪਰ ਸੀਡਰ, ਹੈਪੀਸੀਡਰ, ਪਲਟਾਵੇਂ ਹਲ਼ ਆਦਿ ਦੀ ਵਿਸਥਾਰਪੂਰਵਕ ਜਾਣਕਾਰੀ ਮੁਹੱਈਆ ਕੀਤੀ। ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਪਰਾਲੀ ਨੂੰ ਸਾੜਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਨਸ਼ਟ ਹੋ ਜਾਂਦੀ ਹੈ ਅਤੇ ਮਿੱਤਰ ਕੀੜੇ ਖਤਮ ਹੋ ਜਾਂਦੇ ਹਨ ਜਿਸ ਕਾਰਨ ਕਿਸਾਨ ਦਾ ਭਾਰੀ ਨੁਕਸਾਨ ਹੁੰਦਾ ਹੈ। ਉਹਨਾਂ ਸੁਝਾਅ ਦਿੱਤਾ ਕਿ ਪਰਾਲੀ ਨੂੰ ਜ਼ਮੀਨ ਵਿੱਚ ਦਬਾ ਕੇ ਉਸ ਤੋਂ ਲਾਭ ਲਿਆ ਜਾ ਸਕਦਾ ਹੈ, ਪਰਾਲੀ ਦਬਾਉਣ ਨਾਲ ਧਰਤੀ 'ਚ ਜੈਵਿਕ ਕਾਰਬਨ ਦੀ ਮਾਤਰਾ ਵਧ ਕੇ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੁੰਦਾ ਹੈ।

ਕੈਂਪ ਦੌਰਾਨ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਾ. ਜਸਵਿੰਦਰ ਕੁਮਾਰ ਖੇਤੀਬਾੜੀ ਵਿਕਾਸ ਅਫ਼ਸਰ ਨੇ ਕਿਹਾ ਕਿ ਪਰਾਲੀ ਦਬਾਉਣ ਨਾਲ ਮਿੱਟੀ ਵਿਚਲੇ ਸਤਾਰਾਂ ਖ਼ੁਰਾਕੀ ਤੱਤਾਂ ਦੀ ਘਾਟ ਪੂਰੀ ਹੋ ਜਾਂਦੀ ਹੈ ਤੇ ਇਸ ਨਾਲ ਗੁਣਕਾਰੀ ਸੂਖਮ ਜੀਵਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਹੈ। ਡਾ. ਹੀਰਾ ਲਾਲ ਖੇਤੀਬਾੜੀ ਵਿਕਾਸ ਅਫ਼ਸਰ ਨੇ ਕਿਹਾ ਕਿ ਪਰਾਲੀ ਸਾੜਨ ਨਾਲ ਹਵਾ ਪ੍ਰਦੂਸ਼ਣ ਵਧਦਾ ਹੈ ਤੇ ਧਰਤੀ ਦੀ ਉਪਜਾਊ ਸ਼ਕਤੀ ਘਟਦੀ ਹੈ। ਬੁਲਾਰਿਆਂ ਨੇ ਕਿਸਾਨਾਂ ਦੇ ਹਿੱਤ ਲਈ ਝੋਨੇ ਦੀ ਪਰਾਲੀ ਨੂੰ ਸਾੜਣ ਦੀ ਬਜਾਏ ਧਰਤੀ ਵਿੱਚ ਦਬਾਉਣ ਦਾ ਸੁਝਾਅ ਦਿੱਤਾ। ਕੈਂਪ ਵਿੱਚ ਸ੍ਰੀ ਸਵਰਨਜੀਤ ਸਿੰਘ, ਸ੍ਰੀ ਤਾਰਾ ਸਿੰਘ ਖੇਤੀਬਾੜੀ ਸਬ ਇੰਸਪੈਕਟਰ ਅਤੇ ਕਿਸਾਨਾਂ ਨੇ ਭਾਗ ਲਿਆ। ਕਿਸਾਨਾਂ ਨੇ ਖੇਤੀਬਾੜੀ ਅਫ਼ਸਰਾਂ ਦੇ ਸੁਝਾਵਾਂ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।



## ਦੁਸਹਿਰੇ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ

**ਬਰੇਟਾ (ਰੀਤਵਾਲ)**

ਹਰ ਸਾਲ ਦੀ ਤਰ੍ਹਾਂ ਗਿਆਨ ਸਾਗਰ ਕਾਨਵੈਂਟ ਸਕੂਲ ਕਾਹਨਗੜ੍ਹ ਵਿਖੇ ਇਸ ਵਾਰ ਵੀ ਦੁਸਹਿਰੇ ਦਾ ਤਿਉਹਾਰ ਬੜੇ ਧੂਮ-ਧਾਮ ਨਾਲ ਮਨਾਇਆ ਗਿਆ। ਦੁਸਹਿਰੇ ਦੇ ਤਿਉਹਾਰ ਨੂੰ ਲੈ ਕੇ ਬੱਚਿਆਂ ਵਿੱਚ ਵਧੇਰੇ ਉਤਸ਼ਾਹ ਵੇਖਣ ਨੂੰ ਮਿਲਿਆ। ਸਕੂਲ ਵਿੱਚ ਅਧਿਆਪਕਾਂ ਦੀ ਮਿਹਨਤ ਸਦਕਾ ਰਾਵਣ ਦਾ ਬੁੱਤ ਤਿਆਰ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਭਾਰਤ ਦੀਪ ਗਰਗ ਨੇ ਬੱਚਿਆਂ ਨੂੰ ਦੁਸਹਿਰੇ ਦੇ ਤਿਉਹਾਰ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਗਵਾਨ ਸ਼੍ਰੀ ਰਾਮ ਨੇ ਸ਼ਾਰਦੀਆ ਨਵਰਾਤਰੀ ਦੇ ਦਸਵੇਂ ਦਿਨ ਰਾਵਣ ਨੂੰ ਮਾਰਿਆ। ਉਨ੍ਹਾਂ ਨੇ ਆਪਣੀ ਪਤਨੀ ਸੀਤਾ ਅਤੇ ਹੋਰਾਂ ਨੂੰ ਰਾਵਣ ਦੇ ਅੱਤਿਆਚਾਰਾਂ ਤੋਂ ਬਚਾਇਆ ਸੀ। ਇਹ ਪ੍ਰੰਪਰਾ ਹਰ ਸਾਲ ਮਨਾਈ ਜਾਂਦੀ ਹੈ। ਹਰ ਸਾਲ ਦੁਸਹਿਰੇ ਦੇ ਦਿਨ ਰਾਵਣ, ਮੇਘਨਾਥ ਤੇ ਕੁੰਭਕਰਣ ਦੇ ਪੁਤਲੇ ਉਨ੍ਹਾਂ ਨੂੰ ਬੁਰਾਈ ਦੇ ਪ੍ਰਤੀਕ ਮੰਨਦੇ ਹੋਏ ਸਾੜੇ ਜਾਂਦੇ ਹਨ। ਵਿਜੈ ਦਸ਼ਮੀ ਦਾ ਤਿਉਹਾਰ 9 ਦਿਨਾਂ ਤੱਕ ਮਾਂ ਦੁਰਗਾ ਦੀ ਨਵਰਾਤਰੀ ਉਪਰੰਤ 10ਵੇਂ ਦਿਨ ਮਨਾਇਆ ਜਾਂਦਾ ਹੈ। ਹਰ ਸਾਲ ਦੁਸਹਿਰੇ ਦਾ ਤਿਉਹਾਰ ਅਸ਼ਵਿਨ ਮਹੀਨੇ ਦੇ ਸ਼ੁਕਲ ਪਕਸ਼ ਦੇ ਦਸਵੇਂ ਦਿਨ ਮਨਾਇਆ ਜਾਂਦਾ ਹੈ। ਇਸ ਸਾਲ ਦੁਸਹਿਰਾ 5 ਅਕਤੂਬਰ ਨੂੰ ਮਨਾਇਆ ਜਾਵੇਗਾ। ਵਿਜੇ ਦਸ਼ਮੀ ਦਾ ਤਿਉਹਾਰ ਦੇਸ਼ ਭਰ ਵਿੱਚ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ, ਪਰ ਇਸ ਤਿਉਹਾਰ ਨੂੰ ਮਨਾਉਣ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਦੁਸਹਿਰੇ ਦਾ ਤਿਉਹਾਰ ਕਿਉਂ ਮਨਾਇਆ ਜਾਂਦਾ ਹੈ। ਕਥਾ ਅਨੁਸਾਰ, ਸ਼ਰਦੀਆ ਨਵਰਾਤਰੀ ਦੀ ਸ਼ੁਰੂਆਤ ਸ਼੍ਰੀ ਰਾਮ ਦੁਆਰਾ ਕੀਤੀ ਗਈ ਸੀ। ਅਸ਼ਵਿਨ ਦੇ ਮਹੀਨੇ ਵਿੱਚ ਸ਼੍ਰੀ ਰਾਮ ਨੇ ਮਾਂ ਦੁਰਗਾ ਦੇ ਨੌਂ ਰੂਪਾਂ ਦੀ ਪੂਜਾ ਕੀਤੀ। ਇਹ ਸਭ ਜਾਣਦੇ ਹਨ ਕਿ ਭਗਵਾਨ ਸ਼੍ਰੀ ਰਾਮ ਦੇ 14 ਸਾਲਾਂ ਦੇ ਬਨਵਾਸ ਦੇ ਦੌਰਾਨ, ਮਾਂ ਸੀਤਾ ਨੂੰ ਰਾਵਣ ਨੇ ਅਗਵਾ ਕਰ ਲਿਆ ਸੀ। ਭਗਵਾਨ ਸ਼੍ਰੀ ਰਾਮ ਨੇ ਮਾਤਾ ਸੀਤਾ ਨੂੰ ਬਚਾਉਣ ਤੇ ਅਧਰਮੀ ਰਾਵਣ ਦਾ ਨਾਸ਼ ਕਰਨ ਲਈ ਰਾਵਣ ਨਾਲ ਕਈ ਦਿਨ ਲੜਾਈ ਲੜੀ। ਰਾਵਣ ਨਾਲ ਇਸ ਲੜਾਈ ਦੇ ਦੌਰਾਨ, ਭਗਵਾਨ ਸ਼੍ਰੀ ਰਾਮ ਨੇ ਅਸ਼ਵਿਨ ਮਹੀਨੇ ਦੀ ਸ਼ਾਰਦੀਆ ਨਵਰਾਤਰੀ ਦੇ ਦੌਰਾਨ ਲਗਾਤਾਰ ਨੌਂ ਦਿਨਾਂ ਤੱਕ ਮਾਂ ਦੁਰਗਾ ਦੀ ਪੂਜਾ ਕੀਤੀ। ਇਸ ਤੋਂ ਬਾਅਦ ਹੀ ਮਾਤਾ ਦੁਰਗਾ ਦੇ ਆਸ਼ੀਰਵਾਦ ਨਾਲ, ਭਗਵਾਨ ਸ਼੍ਰੀ ਰਾਮ ਨੇ ਸ਼ਾਰਦੀਆ ਨਵਰਾਤਰੀ ਦੇ ਦਸਵੇਂ ਦਿਨ ਰਾਵਣ ਨੂੰ ਮਾਰਿਆ। ਹਰ ਸਾਲ ਦੁਸਹਿਰੇ ਦੇ ਦਿਨ ਰਾਵਣ, ਮੇਘਨਾਥ ਤੇ ਕੁੰਭਕਰਣ ਦੇ ਪੁਤਲੇ ਉਨ੍ਹਾਂ ਨੂੰ ਬੁਰਾਈ ਦੇ ਪ੍ਰਤੀਕ ਮੰਨਦੇ ਹੋਏ ਸਾੜੇ ਜਾਂਦੇ ਹਨ। ਇਸ ਮੌਕੇ ਸਕੂਲ ਦੇ ਚੈਅਰਮੈਨ ਰਾਮਪਾਲ ਸਿੰਘ ਸੇਖੋਂ ਤੇ ਸਮੁੱਚੇ ਸਟਾਫ਼ ਵੱਲੋਂ ਬੱਚਿਆਂ ਤੇ ਮਾਪਿਆਂ ਨੂੰ ਦੁਸਹਿਰੇ ਦੇ ਤਿਉਹਾਰ ਦੀਆਂ ਲੱਖ-ਲੱਖ ਮੁਬਾਰਕਾਂ ਦਿੱਤੀਆਂ ਗਈਆਂ।



## ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪਰਾਲੀ ਦੀ ਸਾਂਭ-ਸੰਭਾਲ ਸੰਬੰਧੀ ਕਾਲਜ ਪੱਧਰੀ ਕੈਂਪ



**ਮਲੋਟ, (ਗੁਰਮੀਤ ਸਿੰਘ ਮੱਕੜ)**

ਕ੍ਰਿਸ਼ੀ ਵਿਗਿਆਨ ਕੇਂਦਰ, ਗੋਨੇਆਣਾ, ਸ਼੍ਰੀ ਮੁਕਤਸਰ ਸਾਹਿਬ ਵਲੋਂ ਡਾ. ਐਨ.ਐਸ. ਧਾਲੀਵਾਲ, ਐਸੋਸੀਏਟ ਡਾਇਰੈਕਟਰ, ਕੇ.ਵੀ.ਕੇ., ਮੁਕਤਸਰ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਕਾਲਜ, ਮਲੋਟ ਵਿਖੇ ਪਰਾਲੀ ਦੀ ਸਾਂਭ-ਸੰਭਾਲ ਸਬੰਧੀ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕਾਲਜ ਦੇ ਲਗਭਗ 250 ਵਿਦਿਆਰਥੀਆਂ ਨੇ ਭਾਗ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਪ੍ਰਿੰਸੀਪਲ ਡਾ. ਰਜਿੰਦਰ ਸਿੰਘ ਸੇਖੋਂ ਨੇ ਆਏ ਮਹਿਮਾਨਾਂ ਤੇ ਖੇਤੀ ਮਾਹਿਰਾਂ ਦਾ ਸੁਆਗਤ ਕੀਤਾ। ਉਨ੍ਹਾਂ ਦੱਸਿਆ ਕਿ ਪਰਾਲੀ ਸੰਭਾਲਣਾ ਅਜੋਕੇ ਸਮੇਂ ਦੀ ਸਭ ਤੋਂ ਮਹੱਤਵਪੂਰਨ ਲੋੜ ਹੈ ਤੇ ਇਸ ਪ੍ਰਤੀ ਜਾਗਰੂਕਤਾ ਮੁਹਿਮ ਚਲਾਉਣ ਲਈ ਉਨ੍ਹਾਂ ਕੇ.ਵੀ.ਕੇ. ਦੇ ਯਤਨਾਂ ਦੀ ਸ਼ਲਾਘਾ ਕੀਤੀ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡਾ. ਕਰਮਜੀਤ ਸ਼ਰਮਾ, ਪ੍ਰੋਫੈਸਰ (ਪਸਾਰ ਸਿੱਖਿਆ) ਨੇ ਪਰਾਲੀ ਨੂੰ ਅੱਗ ਲਾਉਣ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ। ਪਰਾਲੀ ਦੀ ਸਾਂਭ ਸੰਭਾਲ ਲਈ ਕੇ.ਵੀ.ਕੇ. ਵੱਲੋਂ ਕੀਤੀਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਦੱਸਿਆ ਤੇ ਵਿਦਿਆਰਥੀਆਂ ਨੂੰ ਇਸ ਜਾਗਰੂਕਤਾ ਮੁਹਿਮ ਵਿਚ ਅਹਿਮ ਜ਼ਿੰਮੇਵਾਰੀ ਨਿਭਾਉਣ ਲਈ ਪ੍ਰੇਰਿਆ। ਇੰਜਨੀਅਰ ਮਹਿਕਪ੍ਰੀਤ ਕੌਰ, ਸਹਾਇਕ ਪ੍ਰੋਫੈਸਰ (ਖੇਤੀਬਾੜੀ ਇੰਜੀਨੀਅਰ) ਨੇ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਲਈ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ ਬਾਰੇ ਜਾਣਕਾਰੀ ਦਿੱਤੀ। ਇਸ ਦੌਰਾਨ ਉਨ੍ਹਾਂ ਨੇ ਪਰਾਲੀ ਦੀ ਖੇਤਾਂ ਵਿੱਚ ਹੀ ਸਾਂਭ ਸੰਭਾਲ ਕਰਨ 'ਤੇ ਜ਼ੋਰ ਦਿੰਦੇ ਹੋਏ ਦੱਸਿਆ ਕਿ ਇਸ ਨਾਲ ਕਣਕ ਦੀ ਬਿਜਾਈ ਦਾ ਖਰਚਾ ਤਾਂ ਘੱਟਦਾ ਹੀ ਹੈ ਤੇ ਨਾਲ ਹੀ ਪਰਾਲੀ ਵਿਚ ਮੌਜੂਦ ਖੁਰਾਕੀ ਤੱਤ ਜ਼ਮੀਨ ਵਿਚ ਮਿਲ ਕੇ ਜ਼ਮੀਨ ਨੂੰ ਉਪਜਾਊ ਵੀ ਬਣਾਉਂਦੇ ਹਨ। ਡਾ. ਗੁਰਮੇਲ ਸਿੰਘ ਸੰਧੂ, ਸਹਾਇਕ ਪ੍ਰੋਫੈਸਰ (ਪੌਦਾ ਸੁਰੱਖਿਆ) ਨੇ ਪਰਾਲੀ ਵਾਲੇ ਖੇਤਾਂ ਵਿਚ ਬੀਜੀ ਕਣਕ ਤੇ ਆਉਣ ਵਾਲੇ ਕੀੜੇ-ਮਕੌੜਿਆਂ ਦੇ ਜੀਵਨ ਚੱਕਰ, ਫੈਲਾਅ, ਨੁਕਸਾਨ ਤੇ ਅਗੇਤੀ ਰੋਕਥਾਮ ਸਬੰਧੀ ਜ਼ਰੂਰੀ ਨੁਕਤੇ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਕਣਕ ਵਿਚ ਸੁੰਡੀ ਦੀ ਰੋਕਥਾਮ ਲਈ ਝੋਨੇ ਵਿਚ ਹੀ ਸੁੰਡੀ ਦਾ ਸਰਵੇਖਣ ਤੇ ਉਸਦੀ ਰੋਕਥਾਮ ਕਰਨੀ ਜ਼ਰੂਰੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਫ਼ਲਾਂ ਤੇ ਸ਼ਬਜੀਆਂ ਦੀ ਪੌਸ਼ਟਿਕ ਮਹੱਤਤਾ ਸਮਝਾਉਂਦੇ ਹੋਏ ਘਰੇਲੂ ਬਗੀਚੀ ਲਾਉਣ ਦੀ ਸਲਾਹ ਦਿੱਤੀ। ਮੈਡਮ ਚਰਨਜੀਤ ਕੌਰ, ਗ੍ਰਹਿ ਵਿਗਿਆਨ ਨੇ ਕੇ.ਵੀ.ਕੇ. ਵਲੋਂ ਔਰਤਾਂ ਲਈ ਲਗਾਏ ਜਾਂਦੇ ਕਿੱਤਾ ਮੁੱਖੀ ਸਿਖਲਾਈ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਫ਼ਲਾਂ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਅਤੇ ਸੰਤੁਲਤ ਭੋਜਨ ਦੀ ਮਹੱਤਤਾ ਬਾਰੇ ਵੀ ਵਿਦਿਆਰਥੀਆਂ ਨਾਲ ਜਾਣਕਾਰੀ ਸਾਂਝੀ ਕੀਤੀ।ਕੈਂਪ ਦੇ ਅਖੀਰ ਵਿੱਚ ਡਾ. ਕਰਮਜੀਤ ਸ਼ਰਮਾ ਨੇ ਕਾਲਜ ਪ੍ਰਸ਼ਾਸਨ, ਪ੍ਰਬੰਧਕੀ ਸਟਾਫ਼ ਅਤੇ ਵਿਦਿਆਰਥੀਆਂ ਦਾ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ।

## ਵਿਦਿਆਰਥੀ ਚੇਤਨਾ ਪ੍ਰੀਖਿਆ 'ਚ ਭਾਗ ਲੈਣ ਵਾਲੇ ਬੱਚੇ ਸਨਮਾਨਤ



**ਸੰਗਰੂਰ (ਪ੍ਰਵੀਨ ਸਿੰਘ)**

ਤਰਕਸ਼ੀਲ ਇਕਾਈ ਦੇ ਆਗੂਆਂ ਨੇ ਤਰਕਸ਼ੀਲ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਹਿੱਤ ਸਕੂਲਾਂ 'ਚ ਤਰਕਸ਼ੀਲ ਪ੍ਰੋਗਰਾਮਾਂ ਦੀ ਚਲਾਈ ਲੜੀ ਤਹਿਤ ਆਦਰਸ਼ (ਮਾਡਲ) ਸੀਨੀਅਰ ਸੈਕੰਡਰੀ ਸਕੂਲ ਵਿੱਚ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ। ਤਰਕਸ਼ੀਲ ਆਗੂ ਮਾਸਟਰ ਪਰਮਵੇਦ, ਚਰਨ ਕਮਲ ਸਿੰਘ ਤੇ ਸੀਤਾ ਰਾਮ ਨੇ ਸੁਸਾਇਟੀ ਦੀ ਸਮਝ ਵਿਦਿਆਰਥੀਆਂ ਅਤੇ ਸਟਾਫ਼ ਨਾਲ ਸਾਂਝੀ ਕਰਦਿਆਂ ਉਨ੍ਹਾਂ ਹਾਜ਼ਰੀਨ ਨੂੰ ਅੰਧ ਵਿਸ਼ਵਾਸਾਂ, ਵਹਿਮਾਂ-ਭਰਮਾਂ ਤੇ ਰੂੜ੍ਹੀਵਾਦੀ ਵਿਚਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰ ਅਪਨਾਉਣ ਦਾ ਭਾਵਪੂਰਤ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਇਸ ਦੁਨੀਆਂ ਵਿੱਚ ਘਟਨਾਵਾਂ ਵਾਪਰਦੀਆਂ ਹਨ ਤੇ ਉਨ੍ਹਾਂ ਦੇ ਕਾਰਨ ਜਾਣਨਾ ਹੀ ਤਰਕਸ਼ੀਲਤਾ ਹੈ। ਕਿਸੇ ਅਖੌਤੀ ਸਿਆਣੇ, ਤਾਂਤਰਿਕ ਕੋਲ ਕੋਈ ਗੈਬੀ ਸ਼ਕਤੀ ਨਹੀਂ। ਜਿਸ ਨਾਲ ਕਿਸੇ ਦਾ ਕੁੱਝ ਸੰਵਾਰਿਆ ਜਾਂ ਨੁਕਸਾਨਿਆ ਜਾ ਸਕੇ। ਉਨ੍ਹਾਂ ਕੋਲ ਸਿਰਫ਼ ਤੇ ਸਿਰਫ਼ ਭਰਮਾਊ ਨੁਕਤੇ ਹੁੰਦੇ ਹਨ, ਜਿਸ ਨਾਲ ਲੋਕਾਂ ਦੀ ਲੁੱਟ ਕਰਦੇ ਹਨ। ਜਾਦੂ ਬਾਰੇ ਉਨ੍ਹਾਂ ਦੱਸਿਆ ਕਿ ਜਾਦੂ ਹੱਥ ਦੀ ਸਫ਼ਾਈ, ਮੁਹਾਰਤ ਤੇ ਵਿਗਿਆਨਕ ਨਿਯਮਾਂ 'ਤੇ ਅਧਾਰਤ ਹੁੰਦੇ ਹਨ। ਜਾਦੂਗਰ ਇਹ ਵਿਖਾ ਕੇ ਘਰ ਤੋਰਦਾ ਹੈ, ਪਰ ਬਾਬੇ ਅਜਿਹਾ ਕੁਝ ਕਰਕੇ ਆਪਣੇ-ਆਪ ਨੂੰ ਪਹੁੰਚੇ ਹੋਏ ਪੇਸ਼ ਕਰਕੇ ਲੋਕਾਂ ਦੀ ਆਰਥਿਕ, ਮਾਨਸਿਕ ਤੇ ਇਥੋਂ ਤੱਕ ਕਿ ਸਰੀਰਕ ਲੁੱਟ ਵੀ ਕਰਦੇ ਹਨ। ਪ੍ਰਿੰਸੀਪਲ ਜੋਗਾ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਅਪਨਾਉਣ ਤੇ ਕੀ, ਕਿਉਂ, ਕਿਵੇਂ ਆਦਿ ਗੁਣ ਨੂੰ ਲੜ ਬੰਨ੍ਹਣ ਲਈ ਪ੍ਰੇਰਿਆ। ਆਗੂਆਂ ਨੇ ਦੱਸਿਆ ਕਿ ਚੌਥੀ ਤਰਕਸ਼ੀਲ ਵਿਦਿਆਰਥੀ ਚੇਤਨਾ ਪ੍ਰੀਖਿਆ 'ਚ ਭਾਗ ਲੈਣ ਵਾਲੇ 51 ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਉਨ੍ਹਾਂ ਦੀ ਵਿਗਿਆਨਕ ਸੋਚ ਪ੍ਰਤੀ ਲਗਨ ਨੂੰ ਉਤਸ਼ਾਹਤ ਕਰਨ ਦਾ ਉਪਰਾਲਾ ਕੀਤਾ ਗਿਆ। ਪ੍ਰੀਖਿਆ 'ਚ ਸਹਾਈ ਅਧਿਆਪਕਾਂ ਤੇ ਪ੍ਰਿੰਸੀਪਲ ਨੂੰ ਵੀ ਸਨਮਾਨਤ ਕੀਤਾ ਗਿਆ।

## ਟੈਗੋਰ ਗਲੋਬਲ ਸਕੂਲ 'ਚ ਦੁਸਹਿਰਾ ਧੂਮਧਾਮ ਨਾਲ ਮਨਾਇਆ



**ਸਮਰਾਲਾ, (ਸੁਰਜੀਤ ਸਿੰਘ)**

ਟੈਗੋਰ ਗਲੋਬਲ ਸੀ:ਸੈ: ਸਕੂਲ ਵਿਖੇ ਦੁਸਹਿਰੇ ਦੇ ਪਾਵਨ ਤਿਉਹਾਰ ਨੂੰ ਮੁੱਖ ਰੱਖਦਿਆਂ ਸਕੂਲ ਵਿੱਚ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਦੌਰਾਨ ਵਿਦਿਆਰਥੀ ਭਗਵਾਨ ਸ੍ਰੀ ਰਾਮ ਚੰਦਰ ਜੀ, ਮਾਤਾ ਸੀਤਾ ਜੀ ਤੇ ਸ੍ਰੀ ਲਛਮਣ ਜੀ ਆਦਿ ਦੇ ਸਰੂਪ ਨਕਲ ਕਰਦੇ ਨਜ਼ਰ ਆਏ ਅਤੇ ਵਿਦਿਆਰਥੀਆਂ ਨੇ ਦੁਸਹਿਰੇ ਦੇ ਭਾਸ਼ਣਾਂ, ਕਵਿਤਾਵਾਂ ਤੇ ਨਾਟਕ ਸਮੇਤ ਵੱਖ-ਵੱਖ ਗਤੀਵਿਧੀਆਂ ਨਾਲ ਆਪਣੀ ਸ਼ਮੂਲੀਅਤ ਦਰਜ ਕਰਾਉਣ ਦੇ ਨਾਲ-ਨਾਲ ਮੰਚ 'ਤੇ ਰਾਮ-ਲੀਲਾ ਦੀ ਸਫ਼ਲ ਪੇਸ਼ਕਾਰੀ ਕੀਤੀ। ਸਮਾਗਮ ਦੌਰਾਨ ਸਕੂਲ ਦੇ ਪ੍ਰਿੰਸੀਪਲ ਸਾਹਿਬ ਸ੍ਰੀ ਮਨੋਜ ਕੁਮਾਰ ਵੱਲੋਂ ਰਾਵਣ, ਕੁੰਭਕਰਨ ਅਤੇ ਮੇਘਨਾਥ ਦੇ ਪੁਤਲਿਆਂ ਨੂੰ ਤੀਰ ਨਾਲ ਅੱਗ ਲਾ ਕੇ ਸਾੜਿਆ ਗਿਆ ਅਤੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੁਸਹਿਰੇ ਦੇ ਤਿਉਹਾਰ ਜੋ ਬਦੀ ਉੱਪਰ ਨੇਕੀ ਦੀ ਜਿੱਤ ਦਾ ਪ੍ਰਤੀਕ ਹੈ, ਦੇ ਸੰਬੰਧ ਵਿੱਚ ਭਗਵਾਨ ਰਾਮ ਚੰਦਰ ਜੀ ਦੀਆਂ ਸਿੱਖਿਆਵਾਂ ਉੱਪਰ ਚੱਲਦੇ ਹੋਏ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਹਮੇਸ਼ਾ ਸੱਚ ਨਾਲ ਡਟ ਕੇ ਖੜਨ ਦਾ ਸੰਦੇਸ਼ ਦਿੱਤਾ।

## ...ਸਫ਼ਾ 1 ਦੇ ਬਾਕੀ

### ਡੀ ਜੀ ਪੀ ਜੇਲ੍ਹ ਦਾ 'ਕਾਤਲ' ਗ੍ਰਿਫ਼ਤਾਰ..

ਜਾਂਚ ਤੋਂ ਪਤਾ ਲੱਗਾ ਹੈ ਕਿ ਲੋਹੀਆ ਨੇ ਆਪਣੇ ਪੈਰ 'ਤੇ ਤੇਲ ਮਲਿਆ ਸੀ, ਜਿਸ 'ਤੇ ਸੋਜ਼ ਦਿਖਾਈ ਦੇ ਰਹੀ ਸੀ। ਕਾਤਲ ਨੇ ਲੋਹੀਆ ਦਾ ਗਲਾ ਵੱਢਣ ਲਈ ਕੈਚੱਪ ਦੀ ਟੁੱਟੀ ਬੋਤਲ ਦੀ ਵਰਤੋਂ ਕੀਤੀ ਅਤੇ ਬਾਅਦ ਵਿਚ ਲਾਸ਼ ਨੂੰ ਸਾੜਨ ਦੀ ਕੋਸ਼ਿਸ਼ ਕੀਤੀ। ਰਿਹਾਇਸ਼ 'ਤੇ ਮੌਜੂਦ ਚੌਕੀਦਾਰਾਂ ਨੇ ਕਮਰੇ ਦੇ ਅੰਦਰ ਅੱਗ ਦੇਖੀ। ਕਮਰੇ ਦਾ ਦਰਵਾਜ਼ਾ ਅੰਦਰੋਂ ਬੰਦ ਸੀ ਅਤੇ ਦਰਵਾਜ਼ਾ ਤੋੜਨਾ ਪਿਆ।

ਪੁਲਸ ਨੂੰ ਯਾਸਿਰ ਦੀ ਇਕ ਡਾਇਰੀ ਮਿਲੀ ਹੈ, ਜਿਸ ਤੋਂ ਲੱਗਦਾ ਹੈ ਕਿ ਉਹ ਜ਼ਿੰਦਗੀ ਤੋਂ ਬਹੁਤ ਜ਼ਿਆਦਾ ਦੁਖੀ ਸੀ। ਉਸ ਨੇ ਡਾਇਰੀ ਵਿਚ ਲਿਖਿਆ ਕਿ ਉਸ ਦੀ ਜ਼ਿੰਦਗੀ ਵਿਚ ਪਿਆਰ ਜ਼ੀਰੋ ਫੀਸਦੀ, ਤਣਾਅ 90 ਫੀਸਦੀ, ਦੁੱਖ 100 ਫੀਸਦੀ ਤੇ ਫੇਕ ਸਮਾਈਲ 100 ਫੀਸਦੀ ਹੈ। ਇਸ ਦੇ ਆਧਾਰ 'ਤੇ ਪੁਲਸ ਨੇ ਦਾਅਵਾ ਕੀਤਾ ਹੈ ਕਿ ਉਹ ਮੌਤ ਬਾਰੇ ਸੋਚਦਾ ਰਹਿੰਦਾ ਸੀ।

### ਚੋਣ ਕਮਿਸ਼ਨ ਜਾਗਿਆ, ਪਾਰਟੀਆਂ ਨੂੰ ..

'ਤੇ ਕੋਰਟ ਨੇ ਕਮਿਸ਼ਨ ਨੂੰ ਝਾੜ ਪਾਈ ਸੀ। ਪੰਜਾਬ ਚੋਣਾਂ ਮੌਕੇ ਆਮ ਆਦਮੀ ਪਾਰਟੀ ਨੇ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ। ਅਕਾਲੀ ਦਲ ਨੇ ਹਰ ਮਹਿਲਾ ਨੂੰ 2 ਹਜ਼ਾਰ ਰੁਪਏ ਦੇਣ ਦਾ ਵਾਅਦਾ ਕੀਤਾ ਸੀ। ਯੂ ਪੀ ਚੋਣਾਂ ਵਿਚ ਕਾਂਗਰਸ ਨੇ ਘਰੇਲੂ ਔਰਤ ਨੂੰ 2 ਹਜ਼ਾਰ ਰੁਪਏ, 12ਵੀਂ ਦੀਆਂ ਵਿਦਿਆਰਥਣਾਂ ਨੂੰ ਸਮਾਰਟ ਫੋਨ ਦੇਣ, ਭਾਜਪਾ ਨੇ 2 ਕਰੋੜ ਟੈਬਲੇਟ ਦੇਣ ਦਾ ਵਾਅਦਾ ਕੀਤਾ ਸੀ। ਭਾਜਪਾ ਨੇ ਬਿਹਾਰ ਚੋਣਾਂ ਵਿਚ ਮੁਫ਼ਤ ਕੋਰੋਨਾ ਵੈਕਸੀਨ ਦਾ ਵਾਅਦਾ ਕੀਤਾ ਸੀ। ਹੁਣ ਗੁਜਰਾਤ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਕਈ ਵਾਅਦੇ ਕਰ ਰਹੀ ਹੈ।

### ਟਿਫਿਨ ਬੰਬ ਤੇ 2 ਏ ਕੇ-56 ਰਾਈਫਲਾਂ ਸਣੇ ਗ੍ਰਿਫ਼ਤਾਰ ..

ਦੱਸਿਆ ਕਿ ਪੁਲਸ ਨੇ ਲੰਡਾ-ਰਿੰਡਾ ਅੱਤਵਾਦੀ ਮਡਿਊਲ ਦੇ ਮੈਂਬਰਾਂ ਦਾ ਪਰਦਾ ਫਾਸ਼ ਕਰਨ ਲਈ ਵੱਡੀ ਕਾਰਵਾਈ ਕੀਤੀ ਹੈ। ਪੁਲਸ ਨੇ ਮੌਜੂਦਾ ਮਡਿਊਲ ਦੇ ਪੰਜ ਸੰਚਾਲਕਾਂ ਦੀ ਪਛਾਣ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ ਅਤੇ ਉਹਨਾਂ ਨੂੰ ਫੜਨ ਲਈ ਛਾਪੇਮਾਰੀ ਸ਼ੁਰੂ ਕੀਤੀ ਜਾ ਰਹੀ ਹੈ। ਪੰਜਾਬ ਪੁਲਸ ਨੇ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈ.ਐੱਸ.ਆਈ.) ਦੀ ਹਮਾਇਤ ਪ੍ਰਾਪਤ ਡਰੋਨ ਅਧਾਰਤ ਖਾਲਿਸਤਾਨ ਟਾਈਗਰ ਫੋਰਸ (ਕੇ.ਟੀ.ਐੱਫ.) ਅੱਤਵਾਦੀ ਮਾਡਿਊਲ ਦੇ ਆਪਰੇਟਿਵ ਨੂੰ ਗ੍ਰਿਫ਼ਤਾਰ ਕੀਤਾ ਹੈ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਦੋਸ਼ੀ ਉਸ ਦੀ ਕਾਰ ਵਿੱਚੋਂ ਪੁਲਸ ਨੇ ਤਿੰਨ ਹੈਂਡ ਗਰਨੇਡ ਅਤੇ ਹਥਿਆਰ ਬਰਾਮਦ ਕੀਤੇ ਹਨ। ਇਹ ਅੱਤਵਾਦੀ ਮਾਡਿਊਲ ਕੈਨੇਡਾ ਅਧਾਰਤ ਅੱਤਵਾਦੀ/ਗੈਂਗਸਟਰ ਅਰਸ਼ਦੀਪ ਸਿੰਘ ਉਰਫ ਅਰਸ਼ ਡਾਲਾ ਵੱਲੋਂ ਚਲਾਇਆ ਜਾ ਰਿਹਾ ਹੈ, ਜੋ ਕੇ.ਟੀ.ਐੱਫ. ਦੇ ਕੈਨੇਡਾ ਸਥਿਤ ਮੁਖੀ ਹਰਦੀਪ ਸਿੰਘ ਨਿੱਝਰ ਦਾ ਨਜ਼ਦੀਕੀ ਸਾਥੀ ਹੈ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਹਰਪ੍ਰੀਤ ਸਿੰਘ ਉਰਫ ਹੀਰਾ ਵਾਸੀ ਜੁਝਾਰ ਨਗਰ ਬਠਿੰਡਾ ਵਜੋਂ ਹੋਈ ਹੈ। ਪੁਲਸ ਨੇ ਤਿੰਨ ਹੈਂਡ ਗਰਨੇਡਾਂ ਤੋਂ ਇਲਾਵਾ .30 ਬੋਰ ਅਤੇ 9 ਐਮ ਐਮ ਬਰੇਟਾ ਦੇ 2 ਪਿਸਤੌਲ ਸਮੇਤ 60 ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ।

ਇਹ ਕਾਰਵਾਈ ਚਮਕੌਰ ਸਾਹਿਬ ਇਲਾਕੇ ਤੋਂ ਇਸੇ ਮਾਡਿਊਲ ਦੇ ਦੋ ਕਾਰਕੁਨਾਂ ਵੀਜਾ ਸਿੰਘ ਉਰਫ ਗਗਨ ਉਰਫ ਗੱਗੂ ਅਤੇ ਰਣਜੋਧ ਸਿੰਘ ਉਰਫ ਜੋਤੀ ਦੀ ਗ੍ਰਿਫ਼ਤਾਰੀ ਤੋਂ ਦੋ ਦਿਨ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ। ਇਸ ਤੋਂ ਪਹਿਲਾਂ ਫਿਰੋਜ਼ਪੁਰ ਪੁਲਸ ਨੇ ਫਿਰੋਜ਼ਪੁਰ ਦੇ ਪਿੰਡ ਆਰਿਫਕੇ ਵਿੱਚ ਝੋਨੇ ਦੇ ਖੇਤਾਂ ਵਿੱਚੋਂ ਇੱਕ ਅਤਿ-ਆਧੁਨਿਕ ਏਕੇ-47 ਅਸਾਲਟ ਰਾਈਫਲ ਸਮੇਤ ਦੋ ਮੈਗਜ਼ੀਨਾਂ ਅਤੇ 60 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਸਨ, ਜਿਨ੍ਹਾਂ ਨੂੰ ਵੀਜ਼ਾ ਸਿੰਘ ਅਤੇ ਰਣਜੋਧ ਸਿੰਘ ਨੇ ਪ੍ਰਾਪਤ ਕਰਨਾ ਸੀ।

ਡੀ ਜੀ ਪੀ ਨੇ ਦੱਸਿਆ ਕਿ ਮੁੱਢਲੀ ਪੁੱਛਗਿੱਛ ਦੌਰਾਨ ਮੁਲਜ਼ਮ ਹਰਪ੍ਰੀਤ ਨੇ ਕਬੂਲਿਆ ਕਿ ਉਹ ਅਰਸ਼ ਡਾਲਾ ਦੇ ਨਜ਼ਦੀਕੀ ਸਾਥੀ ਅਮਨਦੀਪ ਸਿੰਘ ਉਰਫ ਬੱਬੂ, ਜੋ ਕਿ ਇਸ ਵੇਲੇ ਹੁਸ਼ਿਆਰਪੁਰ ਜੇਲ੍ਹ ਵਿੱਚ ਬੰਦ ਹੈ, ਦੇ ਇਸ਼ਾਰੇ 'ਤੇ ਅੰਮ੍ਰਿਤਸਰ ਵਿਖੇ ਹੈਂਡ ਗ੍ਰਨੇਡ ਅਤੇ ਹਥਿਆਰਾਂ ਦੀ ਖੇਪ ਪਹੁੰਚਾਉਣ ਜਾ ਰਿਹਾ ਸੀ। ਐੱਸ ਐੱਸ ਪੀ ਮੋਗਾ ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਦੋਸ਼ੀ ਹਰਪ੍ਰੀਤ ਨੇ ਦੱਸਿਆ ਕਿ ਇਹ ਖੇਪ ਅਰਸ਼ ਡਾਲਾ ਦੇ ਮਨੀਲਾ ਸਥਿਤ ਸਾਥੀ ਮਨਪ੍ਰੀਤ ਸਿੰਘ ਉਰਫ ਪੀਤਾ ਅਤੇ ਅੰਮ੍ਰਿਤਪਾਲ ਸਿੰਘ ਉਰਫ ਐਮੀ, ਜੋ ਪਾਕਿਸਤਾਨ ਵਿੱਚ ਅੱਤਵਾਦੀਆਂ ਨਾਲ ਵੀ ਜੁੜੇ ਹੋਏ ਹਨ, ਦੇ ਨਿਰਦੇਸ਼ਾਂ 'ਤੇ ਵੀਜ਼ਾ ਸਿੰਘ ਅਤੇ ਰਣਜੋਧ ਸਿੰਘ ਵੱਲੋਂ ਸਰਹੱਦੀ ਖੇਤਰ ਤੋਂ ਲਿਆਂਦੀ ਗਈ ਸੀ। ਮਨਪ੍ਰੀਤ ਪੀਤਾ ਅਤੇ ਐਮੀ ਨੇ ਇਹ ਖੇਪ ਮੋਗਾ ਵਿੱਚ ਦੋ ਅਣਪਛਾਤੇ ਵਿਅਕਤੀਆਂ ਨੂੰ ਸੌਂਪੀ ਸੀ, ਜਿਨ੍ਹ ਨੇ ਅੱਗੇ ਉਸ ਨੂੰ ਇਹ ਖੇਪ ਅੰਮ੍ਰਿਤਸਰ ਵਿੱਚ ਕਿਸੇ ਅਣਦੱਸੀ ਥਾਂ 'ਤੇ ਪਹੁੰਚਾਉਣ ਲਈ ਕਿਹਾ।

### ਅਮਰੀਕਾ 'ਚ ਕਈ ਹਿੰਦੂ ਜਥੇਬੰਦੀਆਂ ਖਿਲਾਫ..

ਵਿਚ ਪਿਛਲੇ ਦੋ ਮਹੀਨਿਆਂ 'ਚ ਹੋਈਆਂ ਘਟਨਾਵਾਂ ਲਈ ਇਨ੍ਹਾਂ ਜਥੇਬੰਦੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਭਾਰਤੀ ਆਜ਼ਾਦੀ ਦਿਵਸ 'ਤੇ ਅਮਰੀਕਾ ਵਿਚ ਕਈ ਥਾਈਂ ਪਰੇਡ ਵਿਚ ਬੁਲਡੋਜ਼ਰ ਨੂੰ ਉਪਲੱਬਧੀਆਂ ਦਾ ਪ੍ਰਤੀਕ ਦੱਸਣ ਦੀ ਕੋਸ਼ਿਸ਼ ਕੀਤੀ ਗਈ ਸੀ। ਕਈ ਅਮਰੀਕੀ ਜਥੇਬੰਦੀਆਂ ਨੇ ਇਸ ਨੂੰ ਬਟਵਾਰੇ ਤੇ ਨਫਰਤ ਦਾ ਪ੍ਰਤੀਕ ਦੱਸ ਕੇ ਆਲੋਚਨਾ ਕੀਤੀ। ਇਸ ਤੋਂ ਬਾਅਦ ਸਮਾਜੀ ਜਥੇਬੰਦੀਆਂ ਨੇ ਅਮਰੀਕਾ ਵਿਚ ਹੋਣ ਵਾਲੇ ਸਾਧਵੀ ਰਿਤੰਭਰਾ ਦੇ ਪ੍ਰੋਗਰਾਮ ਦਾ ਵਿਰੋਧ ਕੀਤਾ ਤੇ ਪ੍ਰੋਗਰਾਮ ਰੱਦ ਕਰਵਾਇਆ।

## ਦਿਪਾਂਕਰ ਅਕੈਡਮੀ ਦਾ ਨਕਸ਼ ਬਣਿਆ ਪੀ. ਐੱਨ. ਬੀ. ਮੇਟ ਲਾਈਫ ਪੰਜਾਬ ਓਪਨ ਚੈਂਪੀਅਨ

### ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਅਧਿਕਾਰੀਆਂ ਨੇ ਜੇਤੂਆਂ ਨੂੰ ਵੰਡੇ 2.50 ਲੱਖ ਦੇ ਨਕਦ ਪੁਰਸਕਾਰ

**ਜਲੰਧਰ (ਨਵਾਂ ਜ਼ਮਾਨਾ ਸਰਵਿਸ)**— ਡਿਸਟ੍ਰਿਕ ਬੈਡਮਿੰਟਨ ਐਸੋਸੀਏਸ਼ਨ ਵੱਲੋਂ ਰਾਏਜ਼ਾਦਾ ਹੰਸਰਾਜ ਸਟੇਡੀਅਮ 'ਚ ਆਯੋਜਿਤ ਪੀ. ਐੱਨ. ਬੀ. ਮੇਟ ਲਾਈਫ ਪੰਜਾਬ ਓਪਨ ਬੈਡਮਿੰਟਨ ਟੂਰਨਾਮੈਂਟ ਮੰਗਲਵਾਰ ਨੂੰ ਸਮਾਪਤ ਹੋਇਆ। ਤਿੰਨ ਦਿਨ ਤੱਕ ਚੱਲੇ ਟੂਰਨਾਮੈਂਟ ਵਿੱਚ ਪੰਜਾਬ ਦੇ ਨੌਜਵਾਨ ਖਿਡਾਰੀਆਂ ਨੇ ਹਿੱਸਾ ਲੈ ਕੇ ਆਪਣੀ ਪ੍ਰਤਿਭਾ ਦਿਖਾਈ। ਫਾਈਨਲ ਸਮਾਰੋਹ 'ਚ ਜੇਤੂਆਂ ਨੂੰ ਢਾਈ ਲੱਖ ਦੇ ਨਕਦ ਪੁਰਸਕਾਰ ਸਮੇਤ ਟਰਾਫੀਆਂ ਅਤੇ ਸਰਟੀਫਿਕੇਟ ਵੰਡੇ ਗਏ। ਇਸ ਦੌਰਾਨ ਮੰਚ 'ਤੇ ਮੁੱਖ ਮਹਿਮਾਨ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਉੱਪ ਪ੍ਰਧਾਨ ਐੱਮ. ਕੇ. ਚੋਪੜਾ, ਸਕੱਤਰ ਅਨੁਪਮ ਕੁਮਾਰਿਆ, ਉੱਪ ਪ੍ਰਧਾਨ ਰਾਕੇਸ਼ ਖੰਨਾ, ਖਜ਼ਾਨਚੀ ਰਿਤਿਨ ਖੰਨਾ ਅਤੇ ਜੇ. ਬੀ. ਸੀ. ਦੇ ਆਯੋਜਨ ਸਕੱਤਰ ਸੰਕੇਤ ਸ਼ੈਟੀ ਮੌਜੂਦ ਰਹੇ। ਇਸ ਮੌਕੇ 'ਤੇ ਡਿਸਟ੍ਰਿਕ ਬੈਡਮਿੰਟਨ ਐਸੋਸੀਏਸ਼ਨ ਦੇ ਸਕੱਤਰ ਅਤੇ ਸਾਬਕਾ ਰਾਸ਼ਟਰੀ ਖਿਡਾਰੀ ਰਿਤਿਨ ਖੰਨਾ ਨੇ ਕਿਹਾ ਕਿ ਪੰਜਾਬ ਵਿੱਚ ਲੱਗਭਗ 630 ਨੌਜਵਾਨ ਖਿਡਾਰੀਆਂ ਨੇ ਇਸ ਟੂਰਨਾਮੈਂਟ 'ਚ ਭਾਗ ਲਿਆ, ਜਿਨ੍ਹਾਂ ਨੇ ਜ਼ਮੀਨੀ ਪੱਧਰ 'ਤੇ ਬੈਡਮਿੰਟਨ ਨੂੰ ਹੱਲਾਸ਼ੇਰੀ ਦੇਣ ਲਈ ਪ੍ਰਮੁੱਖ ਭੂਮਿਕਾ ਨਿਭਾਈ ਹੈ। ਪੂਰੇ ਦੇਸ਼ ਵਿੱਚ ਅਜਿਹੇ 12 ਟੂਰਨਾਮੈਂਟਾਂ ਦਾ ਆਯੋਜਨ ਕੀਤਾ ਗਿਆ ਸੀ। ਉਨ੍ਹਾਂ ਨੇ ਟੂਰਨਾਮੈਂਟ ਦੀਆਂ ਜੇਤੂ ਟੀਮਾਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਵੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਫਾਈਨਲ ਸਮਾਰੋਹ ਵਿੱਚ ਲੜਕੇ ਅੰਡਰ-17 'ਚ ਦਿਪਾਂਕਰ ਅਕੈਡਮੀ ਦਾ ਨਕਸ਼ ਵਰਮਾ ਜੇਤੂ ਰਿਹਾ। ਦੂਸਰਾ ਸਥਾਨ ਪ੍ਰਥਮ ਸੂਦ, ਜਦ ਕਿ ਤੀਸਰਾ ਸਥਾਨ ਨਿਰਭੈ ਘਾਂਘਸ ਅਤੇ ਦਾਨਿਸ਼ ਭਨੋਤ ਨੇ ਹਾਸਿਲ ਕੀਤਾ। ਲੜਕੀਆਂ ਅੰਡਰ-17 ਵਿੱਚ ਪਹਿਲਾ ਸਥਾਨ ਮਾਨਿਯਾ ਰਲਹਨ ਨੇ ਹਾਸਿਲ ਕੀਤਾ। ਦੂਸਰਾ ਸਥਾਨ ਇਸ਼ਿਤਾ ਸ਼ਰਮਾ ਅਤੇ ਤੀਸਰੇ ਸਥਾਨ 'ਤੇ ਮਨਮੀਤ ਕੌਰ ਅਤੇ ਤਾਇਸ਼ਾ ਜੈਨ ਰਹੀਆਂ। ਲੜਕੀਆਂ ਅੰਡਰ-15 ਵਿੱਚ ਪਹਿਲਾ ਸਥਾਨ ਮਨਪ੍ਰੀਤ ਕੌਰ ਨੇ ਹਾਸਿਲ ਕੀਤਾ। ਦੂਸਰਾ ਸਥਾਨ ਅਮਿਆ ਸਚਦੇਵਾ ਆਪਣੇ ਨਾਮ ਕਰਨ 'ਚ ਕਾਮਯਾਬ ਰਹੀ ਅਤੇ ਤੀਸਰੇ ਸਥਾਨ 'ਤੇ ਉੱਨਤੀ ਕੁਮਾਰ ਅਤੇ ਖੁਸ਼ਦੀਪ ਕੌਰ ਰਹੀਆਂ। ਇਸੇ ਤਰ੍ਹਾਂ ਲੜਕੇ ਅੰਡਰ-15 'ਚ ਦਾਨਿਸ਼ ਭਨੋਤ ਪਹਿਲੇ ਸਥਾਨ 'ਤੇ, ਦੂਸਰੇ ਸਥਾਨ 'ਤੇ ਅਭਿਮੁਕਤ ਨਾਰਾਇਣ ਰਿਸ਼ੀ ਅਤੇ ਤੀਸਰੇ ਸਥਾਨ 'ਤੇ ਸਤਾਵਨ ਜੈਨ ਅਤੇ ਗੀਤਾਂਸ਼ ਸ਼ਰਮਾ ਰਹੇ। ਲੜਕੀਆਂ ਅੰਡਰ-13 ਕੈਟਾਗਰੀ 'ਚ ਅਮਿਆ ਸਚਦੇਵਾ ਨੇ ਪਹਿਲੇ ਸਥਾਨ 'ਤੇ ਕਬਜ਼ਾ ਕੀਤਾ, ਦੂਸਰੇ ਸਥਾਨ 'ਤੇ ਮਹਿਵੀਸ਼ ਕੌਰ, ਜਦ ਕਿ ਤੀਸਰੇ ਸਥਾਨ 'ਤੇ ਇਨਾਇਤ ਗੁਲਾਟੀ ਤੇ ਅਮਿਲਿਆ ਭਾਖੂ ਰਹੀਆਂ। ਗੱਲ ਕਰੀਏ ਲੜਕੇ ਅੰਡਰ-13 ਕੈਟਾਗਰੀ ਦੀ ਤਾਂ ਵਿਰੇਨ ਸੇਠ ਪਹਿਲੇ ਸਥਾਨ 'ਤੇ ਜਗ੍ਹਾ ਬਣਾਉਣ 'ਚ ਕਾਮਯਾਬ ਰਹੇ। ਵਜ਼ੀਰ ਸਿੰਘ ਨੇ ਦੂਸਰਾ ਸਥਾਨ ਹਾਸਿਲ ਕੀਤਾ ਅਤੇ ਤੀਸਰੇ ਸਥਾਨ 'ਤੇ ਸ਼ਿਵੇਨ ਢੀਂਗਰਾ ਤੇ ਸਿੰਘ ਜੋਰਾਵਰ ਸਿੰਘ ਰਹੇ। ਇਸੇ ਤਰ੍ਹਾਂ ਲੜਕੀਆਂ ਅੰਡਰ-11 ਕੈਟਾਗਰੀ 'ਚ ਇਨਾਇਤ ਗੁਲਾਟੀ ਨੇ ਪਹਿਲਾ ਸਥਾਨ, ਜਪਲੀਨ ਕੌਰ ਨੇ ਦੂਸਰਾ ਅਤੇ ਤੀਸਰੇ ਸਥਾਨ 'ਤੇ ਜੈਸਮੀਨ ਸੈਣੀ ਤੇ ਕਾਮਿਲ ਸੱਭਰਵਾਲ ਰਹੀਆਂ। ਲੜਕੇ ਅੰਡਰ-11 'ਚ ਅਭਿਮਨਿਊ ਸਿੰਘ ਪਹਿਲਾ ਸਥਾਨ, ਦੂਸਰੇ 'ਤੇ ਸਵਾਸਤਿਕ ਸੱਧੀ, ਜਦ ਕਿ ਤੀਸਰਾ ਸਥਾਨ ਆਰੁਸ਼ ਸਾਹਨਵਾਲ ਅਤੇ ਢਿੱਲੋਂ ਹਰਸ਼ਬੀਰ ਸਿੰਘ ਨੇ ਹਾਸਿਲ ਕੀਤਾ। ਲੜਕੀਆਂ ਅੰਡਰ-9 'ਚ ਹਰਗੁਣ ਕੌਰ ਪਹਿਲਾ ਸਥਾਨ ਹਾਸਿਲ ਕਰਨ 'ਚ ਕਾਮਯਾਬ ਰਹੀ। ਦੂਸਰੇ 'ਤੇ ਗੁਰਮਹਿਰ ਅਤੇ ਤੀਸਰੇ 'ਤੇ ਸਮਾਇਰਾ ਅੱਗਰਵਾਲ ਤੇ ਤਾਨੀਆ ਧੀਮਾਨ ਰਹੀਆਂ। ਲੜਕੇ ਅੰਡਰ-9 'ਚ ਯੁਵਾਨ ਬਾਂਸਲ ਪਹਿਲੇ ਸਥਾਨ 'ਤੇ ਰਹੇ, ਸਮਰਥ ਦੂਸਰੇ ਅਤੇ ਤੀਸਰਾ ਸਥਾਨ ਕਵਿਸ਼ ਅਰੋੜਾ ਤੇ ਰਬੀਗਵੀਲ ਅੰਜੀ ਨੇ ਆਪਣੇ ਨਾਂਅ ਕੀਤਾ।




## ਬਿਨਾਂ ਬਹੁਮਤ ਦੇ ਨਗਰ ਨਿਗਮ ਮੇਅਰ ਕੁਰਸੀ 'ਤੇ ਬਿਰਾਜਮਾਨ : ਬਾਲੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪੰਜਾਬ ਵਿੱਚ ਲੋਕਤੰਤਰ ਨਾਂਅ ਦੀ ਕੋਈ ਚੀਜ਼ ਨਹੀਂ ਰਹਿ ਗਈ ਇਸ ਸਰਕਾਰ ਖਤਰੇ ਵਿੱਚ ਹੈ। ਹੁਸ਼ਿਆਰਪੁਰ ਵਿੱਚ ਬਿਨਾਂ ਬਹੁਮਤ ਦੇ ਮੇਅਰ ਕੁਰਸੀ 'ਤੇ ਵਿਰਾਜਮਾਨ ਹਨ। ਜਿੱਥੇ ਬਹੁਮਤ ਦਿਖਾਉਣਾ ਹੁੰਦਾ ਹੈ ਉਥੇ ਬਹੁਮਤ ਦਿਖਾਇਆ ਨਹੀ ਜਾ ਰਿਹਾ ਅਤੇ ਬਹੁਮਤ ਵਾਲੀ ਸਰਕਾਰ ਖੁਦ ਹੀ ਬਹੁਮਤ ਦਿਖਾ ਰਹੀ ਹੈ। ਕਰਮਵੀਰ ਬਾਲੀ ਨੇ ਕਿਹਾ ਕਿ ਵਾਰਡ ਨੰਬਰ 6 ਅਤੇ 27 ਕੌਂਸਲਰ ਤੋਂ ਬਿਨਾਂ ਖਾਲੀ ਹਨ ਜਿਸ ਕਰਕੇ 6 ਮਹੀਨੇ ਤੱਕ ਚੋਣਾਂ ਕਰਵਾਉਣ ਕਾਨੂੰਨਣ ਜਰੂਰੀ ਹਨ। ਵਾਰਡ ਨੰਬਰ 6 ਵਿੱਚ ਬ੍ਰਹਮ ਸ਼ੰਕਰ ਜਿੰਪਾ ਦੇ ਚੋਣਾਂ ਜਿੱਤਣ ਤੋਂ ਬਾਅਦ ਖਾਲੀ ਹੈ ਅਤੇ ਵਾਰਡ ਨੰਬਰ 27 ਕੌਂਸਲਰ ਦੇ ਸਵਰਗ ਸਿਧਾਰਨ ਤੋਂ ਬਾਅਦ ਖਾਲੀ ਹੈ। ਜਿਸ ਦੀ ਵਜ੍ਹਾ ਨਾਲ ਜਨਤਾ ਨੂੰ ਕੰਮ ਕਰਵਾਉਣ ਵਿੱਚ ਪਰੇਸ਼ਾਨੀ ਆ ਰਹੀ ਹੈ। ਸਤ੍ਹਾ ਪਾਰਟੀ ਚੋਣਾਂ ਕਰਵਾਉਣ ਤੋਂ ਘਬਰਾ ਰਹੀ ਹੈ। ਉਸ ਨੂੰ ਪਤਾ ਹੈ ਕਿ ਜਨਤਾ ਦਾ ਰੁਖ ਉਲਟ ਹੈ ਜੇ ਇਹ ਸੀਟਾਂ ਚਲੀਆਂ ਗਈਆਂ ਤਾਂ ਮੰਤਰੀ ਨੂੰ ਤਿਆਗ ਪੱਤਰ ਦੇਣਾ ਪੈ ਸਕਦਾ ਹੈ। ਇਸ ਵਜ੍ਹਾ ਨਾਲ ਡਰ ਦੇ ਕਾਰਨ ਚੋਣਾਂ ਨਹੀ ਹੋ ਰਹੀਆਂ। ਜੇ ਲੋਕਤੰਤਰ ਤੇ ਵਿਸ਼ਵਾਸ਼ ਹੈ ਤਾਂ ਵਾਰਡ ਨੰਬਰ 6 ਅਤੇ 27 ਦੀਆਂ ਚੋਣਾਂ ਜਲਦੀ ਕਰਵਾਈਆਂ ਜਾਣ। ਪੰਜਾਬ ਦੇ ਮੁੱਖ ਮੰਤਰੀ ਭਗਵਾਨ ਮਾਨ ਨੂੰ ਸੰਗਰੂਰ ਦੀ ਜਨਤਾ ਫਤਵਾ ਦੇ ਚੁੱਕੀ ਹੈ। ਉਨਾਂ ਨੂੰ ਹੁਣ ਵਿਸ਼ਵਾਸ਼ਮਤ ਲੈਣ ਦੀ ਜ਼ਰੂਰਤ ਨਹੀ ਹੈ। ਪੰਜਾਬ ਦੀ ਜਨਤਾ 6 ਮਹੀਨੇ ਦੇ ਸ਼ਾਸਨਕਾਲ ਤੋਂ ਅੱਕ ਚੁੱਕੀ ਹੈ ਅਤੇ ਜਵਾਬ ਦੇਣ ਦੀ ਤਿਆਰੀ ਵਿੱਚ ਬੈਠੀ ਹੈ। ਹੈਰਾਨੀ ਦੀ ਗੱਲ ਹੈ ਕਿ ਰਾਜਪਾਲ ਨੂੰ ਵੀ ਗੁਮਰਾਹ ਕੀਤਾ ਜਾ ਰਿਹਾ ਹੈ। ਅਵਿਸ਼ਵਾਸ਼ ਤਾਂ ਵਿਰੋਧੀ ਪੇਸ਼ ਕਰਦੇ ਹਨ। ਹੈਰਾਨੀ ਹੈ ਸੱਤਾਪੱਖ ਦਾ ਭਾਰੀ ਬਹੁਮਤ ਹੋਣ 'ਤੇ ਵੀ ਵਿਸ਼ਵਾਸ਼ ਮਤ ਹਾਸਿਲ ਕਰ ਰਿਹਾ ਹੈ ਜਦਕਿ ਉਸ ਨੂੰ ਆਪਣੇ ਵਿਧਾਇਕਾਂ 'ਤੇ ਹੀ ਵਿਸ਼ਵਾਸ਼ ਨਹੀਂ ਰਿਹਾ। ਕਰਮਵੀਰ ਬਾਲੀ ਨੇ ਕਿਹਾ ਕਿ ਲੋਕਤੰਤਰ ਨੂੰ ਹਰ ਕੀਮਤ ਤੇ ਬਹਾਲ ਰੱਖਿਆ ਜਾਵੇ। ਇਸ ਮੌਕੇ 'ਤੇ ਚੇਅਰਮੈਨ ਨਵਲ ਕਿਸ਼ੋਰ ਕਾਲੀਆ, ਪੱਛਮ ਮੰਡਲ ਪ੍ਰਧਾਨ ਨਰਿੰਦਰ ਸਿੰਘ, ਪੂਰਵ ਮੰਡਲ ਪ੍ਰਧਾਨ ਨਿਰਮਲ ਸਿੰਘ, ਵਿਦਿਆ ਭੂਸ਼ਣ, ਗੁਡੂ ਸਿੰਘ, ਨੀਰਜ ਸ਼ਰਮਾ, ਰਾਕੇਸ਼ ਕੁਮਾਰ ਆਦਿ ਮੌਜੂਦ ਸਨ।


### ਉਤਰ ਰੇਲਵੇ

**ਨਿਵਿਦਾ ਸੂਚਨਾ**

ਉਪ ਮੁੱਖ ਇੰਜੀਨੀਅਰ/ਪੁਲ/ਕਾਰਜਸ਼ਾਲਾ, ਉਤਰ ਰੇਲਵੇ, ਜਲੰਧਰ ਛਾਉਣੀ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਓਪਨ ਈ-ਟੈਂਡਰ ਨੂੰ ਏਕਲ ਪੈਕੇਟ ਸਿਸਟਮ ਦੇ ਤਹਿਤ ਮੰਗ ਕੀਤੀ ਗਈ ਹੈ।

| ਲ. ਨੰ. | ਨਿਵਿਦਾ ਨੰ. | ਕੰਮ ਦਾ ਵੇਰਵਾ | ਅੰਦਾਜ਼ਨ ਲਾਗਤ (ਰੁਪਏ) | ਬਿਆਨਾ ਰਾਸ਼ੀ (ਰੁਪਏ) | ਖੁਲ਼ਣ ਦੀ ਮਿਤੀ | IREPS 'ਤੇ ਬੋਲੀ ਲਗਾਉਣ ਦੀ ਮਿਤੀ | ਨਿਵਿਦਾ ਫਾਰਮ ਦੀ ਲਾਗਤ (ਰੁਪਏ) | ਕੰਮ ਸਮਾਪਤੀ ਦਾ ਸਮਾਂ |
|---|---|---|---|---|---|---|---|---|
| 1. | OT-18-2022-JRC | ਐਸਐਸਈ/ਪੁਲ/ਐਮ/ਜਲੰਧਰ ਸ਼ਹਿਰ ਦੇ ਅਧਿਕਾਰ ਖੇਤਰ ਦੇ ਤਹਿਤ 14 ਪੁਲਾਂ (ਨਥੀ ਸੂਚੀ ਦੇ ਅਨੁਸਾਰ) ਤੇ ਸਾਈਡ ਪਾਥਵੇ ਦਾ ਨਿਰਮਾਣ ਅਤੇ ਫਿਕਸਿੰਗ ਕੀਤਾ ਜਾਣਾ ਹੈ। | 7749353.83 | 155000.00 | 21.10.2022 | 07.10.2022 ਤੋਂ 21.10.2022 | 0 | 06 ਮਹੀਨੇ |
| 2. | OT-17-2022-JRC | ਆਈਐਸ: 4759 ਦੇ ਅਨੁਸਾਰ ਐਚ-ਬੀਮ ਸਟੀਲ ਸਲੀਪਰ (ਹਲਕੇ ਸਟੀਲ ਸਮਗਰੀ) ਦਾ ਹਾਟ ਡਿਪ ਗੈਲਵਨਾਈਜੇਸ਼ਨ 705 ਗ੍ਰਾਮ/ ਵਰਗ ਮੀਟਰ (100 ਮਾਈਕ੍ਰੋਨ ਮੋਟੀ) ਦੀ ਦਰ ਨਾਲ ਜ਼ਿੰਕ ਕੋਟਿੰਗ ਬਣਾਏ ਰਖਣਾ, ਜਿਸ ਵਿਚ ਲੋਡਿੰਗ, ਅਨਲੋਡਿੰਗ, ਬ੍ਰਿਜ ਵਰਕਸ਼ਾਪ ਜਲੰਧਰ ਕੈਂਟ ਤੋਂ ਫਰਮ ਦੇ ਪਰਿਸਰ ਤਕ ਅਤੇ ਵਾਪਸ ਜਾਣਾ ਸ਼ਾਮਲ ਹੈ। ਪੁਲ ਵਰਕਸ਼ਾਪ ਜਲੰਧਰ ਕੈਂਟ ਵਿਚ ਸਮਗਰੀ ਦੀ ਅਨਲੋਡਿੰਗ ਦੇ ਨਾਲ। ਇਸ ਲਾਗਤ ਵਿਚ ਸਾਰੇ ਕਰ ਸ਼ਾਮਲ ਹਨ। (ਐਚ-ਬੀਮ ਸਲੀਪਰ ਦੀ ਸੰਖਿਆ = 1895)। | 10844156.55 | 204200.00 | 21.10.2022 | 07.10.2022 ਤੋਂ 21.10.2022 | 0 | 06 ਮਹੀਨੇ |

| | |
|---|---|
| ਨਿਵਿਦਾ ਪੇਸ਼ ਕਰਨ ਅਤੇ ਟੈਂਡਰ ਖੁਲ਼ਣ ਦੇ ਲਈ ਮਿਤੀ ਅਤੇ ਸਮਾਂ। | ਹਰੇਕ ਦੇ ਖਿਲਾਫ ਦਿਖਾਈਆਂ ਗਈਆਂ ਮਿਤੀਆਂ ਤੇ 15:00 ਵਜੇ ਤਕ ਅਤੇ ਉਸੇ ਸਮੇਂ 15:00 ਵਜੇ ਦੇ ਬਾਅਦ। |
| ਵੈਬਸਾਈਟ ਵੇਰਵਾ ਜਿਥੋਂ ਟੈਂਡਰ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ ਅਤੇ ਡਾਊਨਲੋਡ ਕੀਤਾ ਜਾ ਸਕਦਾ ਹੈ। | ਵਿਸਤ੍ਰਿਤ ਈ-ਨਿਵਿਦਾ ਸੂਚਨਾ ਉਤਰੀ ਰੇਲਵੇ ਵੈਬਸਾਈਟ www.nr.indianrailways.gov.in 'ਤੇ ਉਪਲਬਧ ਹੈ ਅਤੇ ਨਿਵਿਦਾ ਦਸਤਾਵੇਜ਼ www.ireps.gov.in ਤੇ ਉਪਲਬਧ ਹੈ। |

No.80-W/30/Bridges/ Invitation. Dated: 30.09.2022 2606/22

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕਿਸਾਨ-ਮਜ਼ਦੂਰ ਜਥੇਬੰਦੀ ਵੱਲੋਂ ਤਰਨਤਾਰਨ ਰੇਲਵੇ ਸਟੇਸ਼ਨ 'ਤੇ ਚੱਕਾ ਜਾਮ

**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**
ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਦੀ ਅਗਵਾਈ ਵਿੱਚ ਸੈਂਕੜੇ ਕਿਸਾਨਾਂ, ਮਜ਼ਦੂਰਾਂ, ਬੀਬੀਆਂ ਅਤੇ ਨੌਜਵਾਨਾਂ ਵੱਲੋਂ ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦੇਣ, ਬਿਜਲੀ ਵੰਡ ਰੂਲਜ਼ 2022 ਦਾ ਨੋਟੀਫਿਕੇਸ਼ਨ ਰੱਦ ਕਰਨ, ਝੋਨਾ ਖਰੀਦ ਤੇ 23 ਕੁਇੰਟਲ ਅਤੇ ਹੋਰ ਬੇਲੋੜੀਆਂ ਸ਼ਰਤਾਂ ਖਤਮ ਕਰਨ, ਪਰਾਲੀ ਦਾ ਯੋਗ ਹੱਲ ਕਰਨ ਆਦਿ ਮੰਗਾਂ ਨੂੰ ਲੈ ਕੇ ਤਰਨਤਾਰਨ ਰੇਲਵੇ ਸਟੇਸ਼ਨ ਉਤੇ ਤਿੰਨ ਘੰਟੇ ਲਈ ਰੇਲਾਂ ਦਾ ਚੱਕਾ ਜਾਮ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆ ਸੂਬਾ ਆਗੂ ਹਰਪ੍ਰੀਤ ਸਿੰਘ ਸਿਧਵਾਂ, ਜ਼ਿਲ੍ਹਾ ਆਗੂ ਫਤਿਹ ਸਿੰਘ ਪਿੱਦੀ, ਜਰਨੈਲ ਸਿੰਘ ਨੂਰਦੀ, ਸਲਵਿੰਦਰ ਸਿੰਘ ਜੀਓਬਾਲਾ, ਧੰਨਾ ਸਿੰਘ ਲਾਲੂਘੁੰਮਣ, ਗੁਰਜੀਤ ਸਿੰਘ ਗੰਡੀਵਿੰਡ, ਸਲਵਿੰਦਰ ਸਿੰਘ ਡਾਲੇਕੇ, ਸੁਖਵਿੰਦਰ ਸਿੰਘ ਦੁੱਗਲਵਾਲਾ, ਮਨਜਿੰਦਰ ਸਿੰਘ ਗੋਲਵੜ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਕਾਰਪੋਰੇਟ ਪੱਖੀ ਅਤੇ ਲੋਕ ਵਿਰੋਧੀ ਹਨ। ਦੋਵੇਂ ਸਰਕਾਰਾਂ ਰਲ ਕੇ ਕਾਰਪੋਰੇਟ ਘਰਾਣਿਆਂ ਨੂੰ ਹਰੇਕ ਅਦਾਰੇ ਤੇ ਕਾਬਜ ਕਰਨਾ ਚਾਹੁੰਦੀਆਂ ਹਨ । ਕੇਂਦਰ ਸਰਕਾਰ ਵੱਲੋਂ ਲਗਾਤਾਰ ਸੂਬਿਆਂ ਦੇ ਹੱਕ ਖੋਹੇ ਜਾ ਰਹੇ ਹਨ ਜਿਵੇਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚ ਪੰਜਾਬ ਅਤੇ ਹਰਿਆਣੇ ਨੂੰ ਬਾਹਰ ਕੱਢਣਾ ਅਤੇ ਆਪਣੀ ਮਰਜ਼ੀ ਨਾਲ ਬਿਜਲੀ ਵੰਡ ਰੂਲਜ਼ 2022 ਨੋਟੀਫਿਕੇਸ਼ਨ ਪਾਸ ਕਰਕੇ ਬਿਜਲੀ ਬੋਰਡ ਨਿੱਜੀ ਹੱਥਾਂ ਵਿੱਚ ਦੇਣ



ਦਾ ਰਾਹ ਪੱਧਰਾ ਕੀਤਾ ਗਿਆ ਹੈ। ਉਹਨਾਂ ਨੇ ਕਿਹਾ ਕਿ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਸੰਘਰਸ਼ ਕਰ ਰਹੇ ਲਖੀਮਪੁਰ ਖੀਰੀ ਦੇ ਕਿਸਾਨਾਂ ਉਪਰ ਭਾਜਪਾ ਮੰਤਰੀ ਅਜੇ ਮਿਸ਼ਰਾ ਦੇ ਮੁੰਡੇ ਵੱਲੋ ਗੱਡੀ ਚੜ੍ਹਾ ਕੇ ਮੌਤ ਦੀ ਘਾਟ ਉਤਾਰਨਾ ਅਤੇ ਮੋਦੀ ਸਰਕਾਰ ਵੱਲੋਂ ਆਪਣੇ ਮੰਤਰੀ ਨੂੰ ਬਚਾਉਣਾ ਅਤੇ ਅੰਦੋਲਨ ਦੌਰਾਨ ਮੰਨੀਆਂ ਹੋਈਆਂ ਮੰਗਾਂ ਪੂਰੀਆਂ ਨਾ ਕਰਨਾ ਆਦਿ ਕੇਂਦਰ ਸਰਕਾਰ ਦੀ ਨੀਤੀ ਦੇਸ਼ ਦੇ ਲੋਕਾਂ ਨਾਲ ਵੱਡਾ ਧੋਖਾ ਹੈ। ਇਸ ਮੌਕੇ ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਨੂੰ ਨਿਸ਼ਾਨੇ ਤੇ ਲੈਂਦਿਆਂ ਕਿਹਾ ਕਿ ਬਦਲਾਅ ਦੇ ਰੂਪ ਵਿਚ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ 'ਤੇ ਵਿਸ਼ਵਾਸ ਕਰਕੇ ਵੋਟਾਂ ਪਾਈਆਂ ਸਨ ਪਰ ਪੰਜਾਬ ਸਰਕਾਰ ਲੋਕਾਂ ਦੀਆਂ ਆਸਾਂ 'ਤੇ ਪੂਰਾ ਨਹੀਂ ਉਤਰ ਸਕੀ। ਉਪਰੋਂ ਕਿਸਾਨਾਂ ਖਿਲਾਫ ਕਾਨੂੰਨ ਬਣਾਏ ਜਾ ਰਹੇ ਹਨ। ਇਸ ਮੌਕੇ ਰੇਲ ਦੀ ਪਟੜੀ ਤੋਂ ਕੇਂਦਰ ਅਤੇ ਪੰਜਾਬ ਦੇ ਕੰਨ ਖੋਲ੍ਹਣ ਲਈ ਕਿਸਾਨਾਂ ਤੇ ਮਜ਼ਦੂਰਾਂ ਨੇ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਲਖੀਮਪੁਰ ਖੀਰੀ ਦੇ ਕਿਸਾਨਾਂ ਨੂੰ ਸ਼ਹੀਦ ਹੋਇਆਂ ਨੂੰ ਪੂਰਾ ਸਾਲ ਹੋਣ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਇਨਸਾਫ ਦੀ ਮੰਗ ਕੀਤੀ ਅਤੇ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਨੂੰ ਮੁਆਵਜ਼ਾ ਅਤੇ ਪਰਿਵਾਰ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ। ਇਸ ਮੌਕੇ ਕੁਲਵਿੰਦਰ ਸਿੰਘ ਕੈਰੋਂਵਾਲ, ਸਰਵਣ ਸਿੰਘ ਵਲੀਪੁਰ, ਕਰਮਜੀਤ ਸਿੰਘ ਗੱਗੋਬੂਆ, ਬਲਜੀਤ ਸਿੰਘ ਬਘੇਲ ਸਿੰਘ ਵਾਲਾ, ਬਲਜਿੰਦਰ ਸਿੰਘ ਸੇਰੋਂ, ਹਰਦੀਪ ਸਿੰਘ ਜੌਹਲ, ਰਣਯੋਧ ਸਿੰਘ ਗੱਗੋਬੂਆ, ਪਰਮਜੀਤ ਸਿੰਘ ਛੀਨਾ ਬਿੱਧੀਚੰਦ ,ਬੀਬੀ, ਮਨਜੀਤ ਕੌਰ ਬੁੱਘਾ, ਪਰਮਜੀਤ ਕੌਰ ਬੁੱਘਾ, ਸਵਰਨ ਕੌਰ ਰੂੜੇਹਾਸਲ, ਲਖਵਿੰਦਰ ਕੌਰ ਵਾਂ, ਨਿਰਮਲ ਕੌਰ ਵਾਂ, ਦਵਿੰਦਰ ਕੌਰ ਪਿੱਦੀ, ਹਰਜੀਤ ਕੌਰ ਪਿੱਦੀ ਆਦਿ ਆਗੂ ਹਾਜ਼ਰ ਸਨ।

# ਜਮਹੂਰੀ ਕਿਸਾਨ ਸਭਾ ਨੇ ਲਖੀਮਪੁਰ ਖੀਰੀ ਕਾਂਡ ਦੇ ਸ਼ਹੀਦਾਂ ਨੂੰ ਦਿੱਤੀ ਭਾਵ-ਭਿੰਨੀ ਸ਼ਰਧਾਂਜਲੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**
ਸੰਯੁਕਤ ਕਿਸਾਨ ਮੋਰਚੇ ਦੇ ਦੇਸ਼ ਵਿਆਪੀ ਸੱਦੇ ਤੇ ਸਬ ਡਵੀਜ਼ਨ ਅਜਨਾਲਾ ਦੇ ਬੱਸ ਸਟੈਂਡ ਸਾਹਮਣੇ ਸੈਂਕੜੇ ਕਿਸਾਨਾਂ ਮਜ਼ਦੂਰਾਂ ਨੌਜਵਾਨਾਂ ਨੇ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਇਕੱਠੇ ਹੋ ਕੇ ਕੇਂਦਰ ਦੀ ਮੋਦੀ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਲਖੀਮਪੁਰ ਖੀਰੀ ਵਿਖੇ ਸ਼ਹੀਦ ਹੋਏ ਕਿਸਾਨਾਂ ਅਤੇ ਪੱਤਰਕਾਰ ਦੀ ਪਹਿਲੀ ਸ਼ਹੀਦੀ ਵਰੇਗੰਢ ਮੌਕੇ ਰੋਸ ਦਿਵਸ ਮਨਾਇਆ ਜਿਸ ਦੀ ਅਗਵਾਈ ਸੁਖਦੇਵ ਸਿੰਘ ਡੱਬਰ ਸੀਤਲ ਸਿੰਘ ਤਲਵੰਡੀ ਸਤਨਾਮ ਸਿੰਘ ਝੰਡੇਰ ਮੰਗਲ ਸਿੰਘ ਧਰਮਕੋਟ ਆਦਿ ਆਗੂਆਂ ਨੇ ਕੀਤੀ। ਇਸ ਮੌਕੇ ਹੋਏ ਇਕੱਠ ਨੂੰ ਸੰਬੋਧਨ ਕਰਦਿਆਂ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾਈ ਪ੍ਰਧਾਨ ਡਾਕਟਰ ਸਤਨਾਮ ਸਿੰਘ ਅਜਨਾਲਾ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਜਤਿੰਦਰ ਸਿੰਘ ਛੀਨਾ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਧਨਵੰਤ ਸਿੰਘ ਖਤਰਾਏ ਕਲਾਂ ਪੰਜਾਬ ਕਿਸਾਨ ਯੂਨੀਅਨ ਦੇ ਬਲਵਿੰਦਰ ਸਿੰਘ ਧਰਮਕੋਟ ਨੇ ਕਿਹਾ ਕਿ ਲਖੀਮਪੁਰ ਖੀਰੀ ਵਿਖੇ ਹੋਏ ਕਤਲਾਂ ਦੀ ਘਟਨਾ ਪਿੱਛੇ ਸੋਚੀ ਸਮਝੀ ਸਾਜਿਸ਼ ਸੀ ਜਿਸ ਨੂੰ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਣੀ ਅਤੇ ਉਸਦੇ ਪੁੱਤਰ ਅਸ਼ੀਸ਼ ਮਿਸ਼ਰਾ ਨੇ ਰਚਿਆ ਸੀ ਜਿਸ ਵਿਚ ਚਾਰ ਕਿਸਾਨ ਅਤੇ ਇੱਕ ਪੱਤਰਕਾਰ ਨੂੰ ਗੱਡੀ ਹੇਠਾਂ ਕੁਚਲ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਘਟਨਾ ਨੂੰ ਵਾਪਰਿਆਂ ਇੱਕ ਸਾਲ ਬੀਤ ਚੁੱਕਾ ਹੈ ਪਰ ਸ਼ਹੀਦ ਪਰਿਵਾਰਾਂ ਨੂੰ ਇਨਸਾਫ ਦੇਣ ਦੀ ਥਾਂ ਚਾਰ ਨੌਜਵਾਨ ਕਿਸਾਨਾਂ ਉੱਪਰ ਪਰਚਾ ਦਰਜ ਕਰਕੇ ਜੇਲ੍ਹ ਵਿੱਚ ਬੰਦ ਕੀਤਾ ਹੋਇਆ ਹੈ ਜਿਸ ਵਿਰੁੱਧ ਦੇਸ਼ ਵਿੱਚ ਥਾਂ ਥਾਂ ਰੋਸ ਪ੍ਰਦਰਸ਼ਨ ਕੀਤੇ ਗਏ ਹਨ ਪਰ ਪ੍ਰਸ਼ਾਸਨ ਵੱਲੋਂ ਕਈ ਵਾਰ ਯਕੀਨ ਦਿਵਾਉਣ ਉਪਰੰਤ ਵੀ ਇਨਸਾਫ ਨਹੀਂ ਮਿਲਿਆ। ਸਮੂਹ ਆਗੂਆਂ ਨੇ ਮੰਗ ਕੀਤੀ ਕਿ ਲਖੀਮਪੁਰ ਖੀਰੀ ਕਤਲੇਆਮ ਦੇ ਮੁੱਖ ਸਾਜਿਸ਼ਕਰਤਾ ਅਜੈ ਮਿਸ਼ਰਾ ਟੈਣੀ ਨੂੰ ਮੰਤਰੀ ਮੰਡਲ ਤੋਂ ਤੁਰੰਤ ਬਰਖਾਸਤ ਕੀਤਾ ਕਰਕੇ ਜੇਲ ਭੇਜਿਆ ਜਾਵੇ ਜੇਲ੍ਹ ਵਿੱਚ ਬੰਦ ਕਿਸਾਨਾਂ ਨੂੰ ਤੁਰੰਤ ਰਿਹਾਅ ਕੀਤਾ ਗਿਆ ਫਰਜ਼ੀ ਕੇਸ ਰੱਦ ਕੀਤੇ ਜਾਣ ਸ਼ਹੀਦ



ਕਿਸਾਨਾਂ ਅਤੇ ਜਖਮੀਆਂ ਦੀ ਆਰਥਿਕ ਮਦਦ ਕੀਤੀ ਜਾਵੇ ਅਤੇ ਸਰਕਾਰੀ ਨੌਕਰੀ ਦਿੱਤੀ ਜਾਵੇ। ਮੁਜਾਹਰੇ ਉਪਰੰਤ ਕਾਰਕੁੰਨਾਂ ਵੱਲੋਂ ਸ਼ਹਿਰ ਦੇ ਬਜਾਰਾਂ ਵਿੱਚ ਮਾਰਚ ਕਰਨ ਉਪਰੰਤ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਪਾਲ ਸਿੰਘ ਛੀਨਾ, ਅਵਤਾਰ ਸਿੰਘ ਜੱਸੜ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾਈ ਮੀਤ ਪ੍ਰਧਾਨ ਕੁਲਵੰਤ ਸਿੰਘ ਮੱਲੂਨੰਗਲ, ਸੁਖਦੇਵ ਸਿੰਘ ਸਹਿੰਸਰਾ, ਵਿਜੇ ਸ਼ਾਹ ਧਾਰੀਵਾਲ, ਸੁਰਜੀਤ ਸਿੰਘ ਦੁਧਰਾਏ, ਸੁੱਚਾ ਸਿੰਘ ਤੇੜਾ, ਦਵਿੰਦਰ ਸਿੰਘ ਗੱਗੋਮਾਹਲ, ਬੀਬੀ ਅਜੀਤ ਕੌਰ ਕੋਟ ਰਜਾਦਾ, ਰਣਜੀਤ ਸਿੰਘ ਮੁਹਾਰ, ਸਤਨਾਮ ਸਿੰਘ ਚੱਕ ਔਲ ਨੇ ਸੰਬੋਧਨ ਕੀਤਾ। ਇਸ ਉਪਰੰਤ ਐੱਸ. ਡੀ. ਐੱਮ. ਅਜਨਾਲਾ ਰਾਹੀਂ ਕਿਸਾਨਾਂ ਨੇ ਇਕ ਮੰਗ ਪੱਤਰ ਕੇਂਦਰ ਸਰਕਾਰ ਨੂੰ ਭੇਜਿਆ।

# ਪਾਕਿਸਤਾਨੀ ਡਰੋਨ ਵੱਲੋਂ ਸੁੱਟੀ ਇੱਕ ਕਿਲੋ 234 ਗ੍ਰਾਮ ਹੈਰੋਇਨ ਬਰਾਮਦ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)**
ਥਾਣਾ ਖੇਮਕਰਨ ਦੀ ਪੁਲਸ ਨੇ ਐੱਸ.ਐੱਚ.ਓ. ਕੰਵਲਜੀਤ ਰਾਇ ਦੀ ਅਗਵਾਈ ਹੇਠ ਪਕਿਸਤਾਨੀ ਤਸਕਰਾਂ ਦੇ ਮਨਸੂਬਿਆਂ 'ਤੇ ਪਾਣੀ ਫੇਰਦਿਆਂ ਸਰਹੱਦੀ ਪਿੰਡ ਕਲਸ 'ਚ ਪਕਿਸਤਾਨ ਤਰਫੋਂ ਭਾਰਤ ਸਰਹੱਦ ਅੰਦਰ ਦਾਖਲ ਹੋਏ ਡਰੋਨ ਵੱਲੋਂ ਸੁੱਟੀ ਗਈ ਹੈਰੋਇਨ ਨੂੰ ਬਰਾਮਦ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ । ਇਸ ਸਬੰਧੀ ਥਾਣਾ ਖੇਮਕਰਨ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਡੀ.ਐੱਸ.ਪੀ. ਭਿੱਖੀਵਿੰਡ ਪ੍ਰੀਤਇੰਦਰ ਸਿੰਘ 'ਤੇ ਥਾਣਾ ਮੁਖੀ ਖੇਮਕਰਨ ਇੰਸਪੈਕਟਰ ਕੰਵਲਜੀਤ ਰਾਇ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖਬਰ ਖਾਸ ਵੱਲੋਂ ਗੁਪਤ ਸੂਚਨਾ ਦਿੱਤੀ ਜਾ ਰਹੀ ਸੀ ਕਿ ਪਾਕਿ ਤਸਕਰਾਂ ਵੱਲੋਂ ਡਰੋਨ ਰਾਹੀਂ ਹੈਰੋਇਨ ਦੀ ਖੇਪ ਭਾਰਤ ਦੇ ਸਰਹੱਦੀ ਖੇਤਰ 'ਚ ਸੁੱਟਣ ਦੀ ਕੀਤੀ ਜਾਵੇਗੀ, ਜਿਸ ਸਬੰਧੀ ਥਾਣਾ ਖੇਮਕਰਨ ਦੀ ਪੁਲਸ ਨੂੰ ਬੀਤੀ 2 ਅਕਤੂਬਰ ਦੀ ਦਰਮਿਆਨੀ ਰਾਤ ਜਦ ਇਸ ਘਟਨਾ ਦੀ ਗੁਪਤ ਸੂਚਨਾ ਮਿਲੀ, ਜਿਸ ਦੇ ਅਧਾਰ 'ਤੇ ਖੇਮਕਰਨ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਪਿੰਡ ਕਲਸ 'ਚ ਪਾਕਿਸਤਾਨੀ ਡਰੋਨ ਦੁਆਰਾ ਸੁੱਟੀ ਗਈ ਹੈਰੋਇਨ ਨੂੰ ਸਰਚ ਦੌਰਾਨ ਬਰਾਮਦ ਕੀਤਾ ਤਾਂ ਲਗਭਗ ਹੈਰੋਇਨ ਦਾ ਵਜਨ ਕਰੀਬ ਇਕ ਕਿਲੋ 234 ਗ੍ਰਾਮ ਹੋਇਆ ਜਿਸ ਸੰਬੰਧੀ ਖੇਮਕਰਨ ਪੁਲਸ ਨੇ ਕੇਸ ਦਰਜ ਕਰਕੇ ਜਾਂਚ ਅਰੰਭ ਕਰ ਦਿੱਤੀ ਹੈ। ਇਸ ਮੌਕੇ ਏ.ਐੱਸ.ਆਈ., ਸਾਹਬ ਸਿੰਘ, ਭਗਵੰਤ ਸਿੰਘ, ਗੁਰਮੀਤ ਸਿੰਘ, ਗੁਰਜੰਟ ਸਿੰਘ, ਇੰਦਰਜੀਤ ਸਿੰਘ, ਹਰਪਾਲ ਸਿੰਘ, ਦਲਵਿੰਦਰ ਸਿੰਘ ਆਦਿ ਪੁਲਸ ਮੁਲਾਜ਼ਮ ਹਾਜ਼ਰ ਸਨ।

# ਸੀ ਕੇ ਡੀ ਆਈ ਐਮ ਟੀ ਦੇ ਵਿਦਿਆਰਥੀਆਂ ਵੱਲੋਂ ਪਿੰਗਲਵਾੜੇ 'ਚ ਫੇਰੀ

**ਤਰਨ ਤਾਰਨ (ਪ੍ਰਿਤਪਾਲ ਸਿੰਘ)**
ਸੀ.ਕੇ.ਡੀ.ਆਈ.ਐਮ.ਟੀ. ਤਰਨ ਤਾਰਨ ਦੇ ਵਿਦਿਆਰਥੀਆਂ ਨੇ ਪ੍ਰਿੰਸੀਪਲ ਜਸਬੀਰ ਸਿੰਘ ਦੀ ਯੋਗ ਅਗਵਾਈ ਵਿੱਚ ਭਗਤ ਪੂਰਨ ਸਿੰਘ ਪਿੰਗਲਵਾੜਾ ਮਾਨਾਂਵਾਲਾ ਅੰਮ੍ਰਿਤਸਰ ਵਿਖੇ ਜਾ ਕੇ ਰਹਿ ਰਹੇ ਲੋਕਾਂ ਨਾਲ ਸਮਾਂ ਗੁਜ਼ਾਰਿਆ। ਇਸ ਫੇਰੀ ਦਾ ਖਾਸ ਮਕਸਦ ਬੱਚਿਆਂ ਨੂੰ ਉੱਥੇ ਰਹਿ ਰਹੇ ਲੋਕਾਂ ਦੀ ਜਿੰਦਗੀ ਅਤੇ ਲੋੜਾਂ ਤੋਂ ਜਾਣੂ ਕਰਵਾਉਣਾ ਸੀ। ਪਿੰਗਲਵਾੜਾ ਦੇ ਐਡਮਨਿਸਟਰੇਟਿਵ ਇੰਚਾਰਜ ਜੈ ਸਿੰਘ ਨੇ ਭਗਤ ਪੂਰਨ ਸਿੰਘ ਜੀ ਦੇ ਜੀਵਨ ਅਤੇ ਪਿੰਗਲਵਾੜੇ ਦੀ ਸਥਾਪਨਾ ਬਾਰੇ ਵਿਦਿਆਰਥੀਆਂ ਨੂੰ ਵਿਸਥਾਰ ਸਹਿਤ ਦੱਸਿਆ। ਇਸ ਤੋਂ ਬਆਦ ਬੱਚਿਆਂ ਨੂੰ ਪਿੰਗਲਵਾੜੇ ਅੰਦਰ ਬਣੇ ਬਿਰਧ-ਘਰ, ਮੰਦ-ਬੁੱਧੀ ਬੱਚਿਆਂ ਅਤੇ ਬਜ਼ੁਰਗਾਂ ਦੀਆਂ ਬਣੀਆਂ ਵੱਖ-ਵੱਖ ਵਾਰਡਾਂ। ਗੂੰਗੇ-ਬੋਲੇ ਬੱਚਿਆਂ ਲਈ ਬਣੇ ਸਕੂਲ, ਨਕਲੀ ਅੰਗ ਬਣਾਉਣ ਵਾਲੇ ਸੈਂਟਰ ਆਦਿ ਦਾ ਦੌਰਾ ਕਰਵਾਇਆ ਗਿਆ। ਕਾਲਜ ਦੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੇ ਪਹਿਲ ਕਦਮੀ ਕਰਦਿਆਂ ਆਪਣੀ-ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾਇਆ ਅਤੇ ਬੱਚਿਆਂ ਤੇ ਬਜ਼ੁਰਗਾਂ ਵਿੱਚ ਫ਼ਲ ਵੰਡ ਕੇ ਉਹਨਾਂ ਦੇ ਚਿਹਰਿਆਂ ਤੇ ਖੁਸ਼ੀ ਦਾ ਅਹਿਸਾਸ ਕੀਤਾ। ਵਿਦਿਆਰਥੀਆਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਉਹਨਾਂ ਨੂੰ ਇਸ ਫੇਰੀ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਿਆ ਹੈ ਅਤੇ ਉਹ ਭਵਿੱਖ ਵਿੱਚ ਵੀ ਅਜੇਹੇ ਲੋਕਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰਨਗੇ। ਇਸ ਮੌਕੇ ਹਰਜੀਤ ਸਿੰਘ ਪ੍ਰਧਾਨ ਚੀਫ ਖਾਲਸਾ ਦੀਵਾਨ ਲੋਕਲ ਕਮੇਟੀ, ਜਸਪਾਲ ਸਿੰਘ ਰਿਟਾਇਰਡ ਪੀ.ਸੀ.ਐਸ. ਅਫਸਰ ਮੈਂਬਰ ਇੰਚਾਰਜ ਨੇ ਇਸ ਮੌਕੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਇਸ ਸ਼ਲਾਘਾਯੋਗ ਕੰਮ ਲਈ ਵਧਾਈ ਦਿੱਤੀ ਅਤੇ ਅਗਾਂਹ ਤੋਂ ਵੀ ਇਸੇ ਤਰ੍ਹਾਂ ਲੋਕ-ਭਲਾਈ ਦੇ ਕੰਮ ਕਰਨ ਲਈ ਪ੍ਰੇਰਿਆ।



# ਨਸ਼ੇ ਦੇ ਸੌਦਾਗਰਾਂ ਤੇ ਸ਼ਰਾਰਤੀ ਅਨਸਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ : ਥਾਣਾ ਮੁਖੀ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**
ਤਰਨਤਾਰਨ ਜ਼ਿਲੇ ਦੇ ਐੱਸ. ਐੱਸ. ਪੀ. ਰਣਜੀਤ ਸਿੰਘ ਢਿੱਲੋਂ 'ਤੇ ਡੀ. ਐੱਸ. ਪੀ. ਭਿੱਖੀਵਿੰਡ ਪ੍ਰੀਤਇੰਦਰ ਸਿੰਘ ਦੀਆਂ ਹਦਾਇਤਾਂ ਅਨੁਸਾਰ ਐੱਸ. ਐੱਚ. ਓ. ਚਰਨ ਸਿੰਘ ਥਾਣਾ ਮੁਖੀ ਭਿੱਖੀਵਿੰਡ ਨੇ ਨਸ਼ੇ ਦੇ ਸੌਦਾਗਰਾਂ ਤੇ ਸ਼ਰਾਰਤੀ ਅਨਸਰਾਂ 'ਤੇ ਲਗਾਮ ਕੱਸ ਦਿੱਤੀ ਹੈ ਅਤੇ ਲਗਾਤਾਰ ਹੀ ਨਸ਼ੇ ਦੇ ਸੌਦਾਗਰਾਂ ਨੂੰ ਕਾਨੂੰਨੀ ਸ਼ਿਕੰਜੇ 'ਚ ਲਿਆਉਣ ਲਈ ਦਿਨ-ਰਾਤ ਇੱਕ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਉਹ ਥਾਣਾ ਸਰਹਾਲੀ ਵਿਖੇ ਆਪਣੀਆਂ ਸੇਵਾਵਾਂ ਬੜੀ ਤਨਦੇਹੀ ਨਾਲ ਨਿਭਾ ਚੁੱਕੇ ਹਨ। ਇਸ ਮੌਕੇ ਥਾਣਾ ਭਿੱਖੀਵਿੰਡ ਮੁਖੀ ਚਰਨ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਜੋ ਵੀ ਨਸ਼ੇ ਦਾ ਕਾਰੋਬਾਰ ਕਰਦੇ ਹਨ, ਉਨ੍ਹਾਂ ਨੂੰ ਅਪੀਲ ਹੈ ਕਿ ਨਸ਼ੇ ਦਾ ਕਾਰੋਬਾਰ ਛੱਡ ਦੇਣ ਨਹੀਂ ਤਾਂ ਜੇਲ ਦੀਆਂ ਸਲਾਖਾਂ ਪਿੱਛੇ ਜਾਣ ਲਈ ਤਿਆਰ ਰਹਿਣ। ਉਨ੍ਹਾਂ ਕਿਹਾ ਕਿ ਨਸ਼ੇ ਦੇ ਸੌਦਾਗਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਜਿਹੜੇ ਸ਼ਰਾਰਤੀ ਅਨਸਰ ਜਿਨ੍ਹਾਂ ਦੇ ਵਹੀਕਲਾਂ ਦੇ ਕਾਗਜ਼ ਆਧੂਰੇ ਹਨ ਉਨ੍ਹਾਂ 'ਤੇ ਵੀ ਨਕੇਲ ਕੱਸੀ ਜਾਵੇਗੀ। ਥਾਣਾ ਮੁਖੀ ਨੇ ਕਿਹਾ ਕਿ ਸਮਾਜ ਵਿੱਚੋਂ ਗੰਦਗੀ ਦੂਰ ਕਰਨ ਲਈ ਪੁਲਸ ਨੂੰ ਮੀਡੀਆ ਤੇ ਆਮ ਜਨਤਾ ਦੇ ਸਹਿਯੋਗ ਦੀ ਮੁੱਖ ਲੋੜ ਹੈ। ਉਨ੍ਹਾਂ ਅੱਗੇ ਗੱਲਬਾਤ ਦੌਰਾਨ ਕਿਹਾ ਕਿ ਅਮਨ ਸ਼ਾਂਤੀ ਨੂੰ ਹਰ ਹਾਲਤ ਵਿੱਚ ਕਾਇਮ ਰੱਖਿਆ ਜਾਵੇਗਾ। ਜੇਕਰ ਕੋਈ ਅਮਨ ਸ਼ਾਂਤੀ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਉਸ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਅਖੀਰ ਵਿੱਚ ਐੱਸ. ਐੱਚ. ਓ. ਚਰਨ ਸਿੰਘ ਭਿੱਖੀਵਿੰਡ ਨੇ ਆਪਣੇ ਵਿਚਾਰਾਂ ਰਾਹੀ ਪੰਚਾਇਤਾਂ ਅਤੇ ਆਮ ਮੋਹਤਬਰ ਵਿਅਕਤੀਆਂ ਨੂੰ ਅਪੀਲ ਕੀਤੀ ਹੈ ਕਿ ਭਿੱਖੀਵਿੰਡ ਪੁਲਸ ਨੂੰ ਕਿਸੇ ਵੀ ਨਸ਼ੇ ਦੇ ਸੌਦਾਗਰ ਦੀ ਹੈਲਪ ਕਰਨ ਲਈ ਨਾ ਆਖਿਆ ਜਾਵੇ। ਇਸ ਮੌਕੇ ਉਨ੍ਹਾਂ ਨਾਲ ਐੱਸ. ਆਈ. ਪੰਨਾ ਲਾਲ, ਏ. ਐੱਸ. ਆਈ. ਚਰਨਜੀਤ ਸਿੰਘ ਭਿੱਖੀਵਿੰਡ, ਮੁੱਖ ਮੁਨਸ਼ੀ ਸ਼ਿੰਗਾਰਾ ਸਿੰਘ, ਏ. ਐੱਸ. ਆਈ. ਸਤਨਾਮ ਸਿੰਘ, ਮੁਨਸ਼ੀ ਮਨਜੀਤ ਸਿੰਘ ਅਤੇ ਮੁਨਸ਼ੀ ਅਰਸ਼ਦੀਪ ਸਿੰਘ ਆਦਿ ਹਾਜ਼ਰ ਸਨ।



# 265 ਗ੍ਰਾਮ ਹੈਰੋਇਨ, ਮੋਟਰਸਾਈਕਲ ਤੇ ਨਾਜਾਇਜ਼ ਸ਼ਰਾਬ ਸਮੇਤ 2 ਕਾਬੂ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)**
ਸੀਨੀਅਰ ਪੁਲਸ ਕਪਤਾਨ ਤਰਨਤਾਰਨ ਰਣਜੀਤ ਸਿੰਘ ਢਿੱਲੋਂ ਦੇ ਦਿਸ਼ਾ ਨਿਰਦੇਸ਼ਾਂ ਅਤੇ ਡੀ. ਐੱਸ. ਪੀ. ਭਿੱਖੀਵਿੰਡ ਦੀਆਂ ਸਖਤ ਹਦਾਇਤਾਂ 'ਤੇ ਚਲਦਿਆਂ ਥਾਣਾ ਖਾਲੜਾ ਦੇ ਐੱਸ. ਐੱਚ. ਓ. ਲਖਵਿੰਦਰ ਸਿੰਘ ਵੱਲੋਂ ਇਲਾਕੇ ਵਿੱਚ ਨਸ਼ਾ ਵੇਚਣ ਵਾਲਿਆਂ ਨੂੰ ਕਾਬੂ ਕਰਨ ਲਈ ਚਲਾਈ ਗਈ ਮੁਹਿੰਮ ਤਹਿਤ ਚੌਕੀ ਰਾਜੋਕੇ ਦੇ ਇੰਚਾਰਜ ਏ. ਐੱਸ. ਆਈ. ਪਰਮਦੀਪ ਸਿੰਘ ਨੇ ਸਮੇਤ ਮੋਟਰਸਾਈਕਲ 2 ਨੌਜਵਾਨਾਂ ਨੂੰ 265 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ । ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਥਾਣਾ ਖਾਲੜਾ ਦੇ ਐੱਸ. ਐੱਚ. ਓ. ਲਖਵਿੰਦਰ ਸਿੰਘ ਨੇ ਦੱਸਿਆ ਕਿ ਚੌਕੀ ਰਾਜੋਕੇ ਦੇ ਇੰਚਾਰਜ ਏ. ਐੱਸ. ਆਈ. ਪਰਮਦੀਪ ਸਿੰਘ ਨੂੰ ਉਸ ਵਕਤ ਵੱਡੀ ਸਫਲਤਾ ਮਿਲੀ ਜਦੋਂ ਸਮੇਤ ਪੁਲਸ ਪਾਰਟੀ ਦੌਰਾਨੇ ਨਾਕਾਬੰਦੀ ਬਾਹੱਦ ਰਕਬਾ ਟੀ ਪੁਆਇੰਟ ਮਾੜੀਮੇਘਾ ਕੋਲੋਂ 2 ਨੌਜਵਾਨਾਂ ਨੂੰ ਮੋਟਰਸਾਈਕਲ ਨੰਬਰੀ ਪੀਬੀ 46 ਜੇ 2755 ਸਮੇਤ 265 ਗ੍ਰਾਮ ਹੈਰੋਇਨ ਨਾਲ ਕਾਬੂ ਕੀਤਾ । ਉਨ੍ਹਾਂ ਕਿਹਾ ਕਿ ਚੌਕੀ ਰਾਜੋਕੇ ਦੀ ਪੁਲਸ ਵੱਲੋਂ ਕੀਤੀ ਗਈ ਉਪਰੋਕਤ ਪੁੱਛਗਿੱਛ ਵਿੱਚ ਨੌਜਵਾਨਾਂ ਨੇ ਆਪਣਾ ਨਾਮ ਅਮਿਤ ਸ਼ਰਮਾ ਉਰਫ ਗੋਪੀ ਪੁੱਤਰ ਸਤਪਾਲ ਸਿੰਘ ਪੁੱਤਰ ਸੰਤ ਰਾਮ ਅਤੇ ਦੂਸਰੇ ਨੌਜਵਾਨ ਨੇ ਸਤਵਿੰਦਰ ਸਿੰਘ ਉਰਫ ਸਾਜਨ ਪੁੱਤਰ ਸਰਬਜੀਤ ਸਿੰਘ ਵਾਸੀ ਵਾਰਡ ਨੰਬਰ ਇੱਕ ਸੰਗਲ ਬਸਤੀ ਪੱਟੀ ਦੱਸਿਆ ਹੈ ਜਿਸ 'ਤੇ ਚੌਕੀ ਰਾਜੋਕੇ ਦੀ ਪੁਲਸ ਨੇ 21 ਸੀ-29/61/85 ਐੱਨ.ਡੀ.ਪੀ.ਐੱਸ. ਐਕਟ ਦਰਜ ਕਰਕੇ ਅਦਾਲਤ 'ਚ ਪੇਸ਼ ਕਰ ਕੇ ਰਿਮਾਂਡ ਹਾਸਲ ਕੀਤਾ ਗਿਆ ਹੈ। ਇਸੇ ਤਰ੍ਹਾਂ ਹੀ ਮੁਖਬਰ ਖਾਸ ਦੀ ਇਤਲਾਹ 'ਤੇ ਤਰਸੇਮ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਖਾਲੜਾ ਦੇ ਘਰੋਂ 37,500 ਐੱਮਐੱਲ ਦੇਸੀ ਸ਼ਰਾਬ ਬਰਾਮਦ ਕੀਤੀ ਹੈ ਜਦਕਿ ਦੋਸ਼ੀ ਤਰਸੇਮ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਖਾਲੜਾ ਮੌਕੇ ਤੋਂ ਫਰਾਰ ਦੱਸਿਆ ਜਾ ਰਿਹਾ ਹੈ ਜਿਸ ਦੀ ਭਾਲ ਲਈ ਪੁਲਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।



# ਸਰਹੱਦ 'ਤੇ ਫਿਰ ਦਾਖਲ ਹੋਇਆ ਪਾਕਿ ਡਰੋਨ, ਬੀ ਐੱਸ ਐੱਫ ਨੇ ਕੀਤੀ ਫ਼ਾਇਰਿੰਗ



**ਖਾਲੜਾ/ਭਿੱਖੀਵਿੰਡ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਇਕ ਵਾਰ ਫਿਰ ਭਾਰਤ ਪਾਕਿ ਸਰਹੱਦ 'ਤੇ ਪਾਕਿਸਤਾਨੀ ਡਰੋਨ ਦੀ ਆਵਾਜ਼ ਸੁਣਾਈ ਦੇਣ ਦੀ ਖਬਰ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੀ ਦੇਰ ਰਾਤ 02.28 ਬੀ.ਓ.ਪੀ. ਕੇ ਐੱਸ ਵਾਲਾ ਦੇ ਬੀ.ਪੀ ਨੰਬਰ 138/30 'ਤੇ ਤਾਇਨਾਤ ਬੀ.ਐੱਸ.ਐੱਫ. 103 ਬਟਾਲੀਅਨ ਦੇ ਜਵਾਨਾਂ ਨੇ ਭਾਰਤ-ਪਾਕਿਸਤਾਨ ਸਰਹੱਦ 'ਤੇ ਹਵਾ 'ਚ ਡਰੋਨ ਦੀ ਆਵਾਜ਼ ਸੁਣੀ ਤਾਂ ਸਰਹੱਦ 'ਤੇ ਤਾਇਨਾਤ ਬੀ.ਐੱਸ.ਐੱਫ. ਦੇ ਜਵਾਨਾਂ ਨੇ ਡਰੋਨ ਦੀ ਆਵਾਜ਼ ਸੁਣਦੇ ਸਾਰ ਕਰੀਬ 21 ਰਾਊਂਡ ਫਾਇਰ ਕਰਦੇ ਹੋਏ 2 ਈਲੂ ਬੰਬ ਦਾਗੇ । ਇਸ ਤੋਂ ਬਾਅਦ ਡਰੋਨ ਪਾਕਿ ਵਾਸੇ ਪਾਸੇ ਚਲਾ ਗਿਆ। ਦੱਸ ਦੇਈਏ ਕਿ ਡਰੋਨ ਦੀ ਆਵਾਜ਼ ਕਰੀਬ 2 ਮਿੰਟ ਤੱਕ ਗੂੰਜਦੀ ਰਹੀ । ਉੱਥੇ ਹੀ ਦਿਨ ਚੜ੍ਹਦੇ ਸਾਰ ਬੀ.ਐੱਸ.ਐੱਫ. ਦੀ 103 ਬਟਾਲੀਅਨ ਦੇ ਉੱਚ ਅਧਿਕਾਰੀਆਂ 'ਤੇ ਪੁਲਸ ਥਾਣਾ ਖਾਲੜਾ ਨੇ ਸਾਂਝਾ ਤਲਾਸ਼ੀ ਅਭਿਆਨ ਚਲਾਇਆ, ਜਿਸ ਦੌਰਾਨ ਕਿਸੇ ਕਿਸਮ ਦੀ ਕੋਈ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ ਹੈ।

## ਪੁਲਸ ਕਮਿਸ਼ਨਰ ਨੇ ਕੀਤੇ ਸੁਰੱਖਿਆ ਦੇ ਪੁਖਤਾ ਪ੍ਰਬੰਧ

**ਜਲੰਧਰ (ਸੁਰਿੰਦਰ ਕੁਮਾਰ)**- ਪੁਲਸ ਦੇ ਕਮਿਸ਼ਨਰ ਗੁਰਸ਼ਰਨ ਸਿੰਘ ਸੰਧੂ ਨੇ ਸ਼ਹਿਰ 'ਚ ਅਯੋਜਿਤ ਹੋਣ ਵਾਲੇ ਦੁਸਹਿਰਾ ਮਨਾਉਣ ਵਾਲੀਆਂ ਥਾਵਾਂ 'ਤੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਹਨ। ਲੋਕਾਂ ਦੀ ਸੁਰੱਖਿਆ ਵਿੱਚ ਸੀ ਸੀ ਟੀ ਵੀ ਕੈਮਰਿਆਂ ਨਾਲ ਲੰਸ ਤੀਸਰੀ ਅੱਖ ਵੀ ਤੈਨਾਤ ਕੀਤੀ ਗਈ ਹੈ, ਜਿਸ ਨਾਲ ਲੋਕਾਂ ਦੀ ਸੁਰੱਖਿਆ 'ਤੇ ਨਜ਼ਰ ਰੱਖੀ ਜਾਵੇਗੀ। ਸ਼ਹਿਰ ਦੇ ਕੁੱਲ 14 ਥਾਣਿਆਂ ਦੇ ਅਧੀਨ ਪੈਂਦੇ ਇਲਾਕਿਆਂ ਵਿੱਚ ਦੁਸਹਿਰਾ ਮਨਾਉਣ ਲਈ ਜਿਨ੍ਹਾਂ ਕਮੇਟੀਆਂ ਨੇ ਸਬੰਧਤ ਥਾਣਿਆਂ ਵਿੱਚ ਸੁਰੱਖਿਆ ਦਾ ਪ੍ਰਬੰਧ ਕਰਨ ਲਈ ਅਰਜੀ ਦਿੱਤੀ ਹੈ ਉਸ ਦੇ ਸਬੰਧ ਵਿੱਚ ਡੀ ਸੀ ਪੀ ਲਾਅ ਐਂਡ ਆਰਡਰ ਜਗਮੋਹਣ ਸਿੰਘ ਡੀ ਸੀ ਪੀ ਜਸਕਰਨਜੀਤ ਸਿੰਘ ਤੇਜਾ ਵੱਲੋਂ ਸਾਰੇ ਥਾਣਿਆਂ ਦੇ ਮੁੱਖੀਆਂ ਨੂੰ ਉਥੇ ਬਾਜ ਅੱਖ ਰੱਖਣ ਲਈ ਕਿਹਾ ਗਿਆ ਹੈ।

# ਹੈਲਪਿੰਗ ਹੈਂਡ ਸੁਸਾਇਟੀ ਵੱਲੋਂ ਲੋੜਵੰਦ ਜ਼ਖਮੀ ਦੀ ਆਰਥਿਕ ਸਹਾਇਤਾ

**ਪੱਟੀ (ਬਲਦੇਵ ਸਿੰਘ ਸੰਧੂ/ ਸ਼ਮਸ਼ੇਰ ਸਿੰਘ ਯੋਧਾ)**
ਮਾਨਵਤਾ ਦੀ ਸੇਵਾ 'ਚ ਵਿਲੱਖਣ ਪਹਿਚਾਣ ਬਣਾਉਣ ਵਾਲੀ ਸ਼ਹੀਦ ਕਰਤਾਰ ਸਿੰਘ ਸਰਾਭਾ ਹੈਲਪਿੰਗ ਹੈਂਡ ਸੁਸਾਇਟੀ ਪੱਟੀ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਮਿਸਾਲੀ ਕਾਰਜ ਕੀਤੇ ਜਾ ਰਹੇ ਹਨ ਜਿਸਨੂੰ ਅੱਗੇ ਤੋਰਦਿਆਂ ਪਿੰਡ ਕੋਟ ਬੁੱਢਾ ਦੇ ਅਮਰੀਕ ਸਿੰਘ ਜੋ ਕਿ ਸੜਕ ਹਾਦਸੇ ਦੌਰਾਨ ਜ਼ਖਮੀ ਹੋ ਗਏ ਸਨ! ਉਨ੍ਹਾਂ ਦਾ ਇਲਾਜ ਸਰਕਾਰੀ ਹਸਪਤਾਲ ਪੱਟੀ 'ਚ ਚਲ ਰਿਹਾ ਹੈ। ਸੁਸਾਇਟੀ ਵੱਲੋਂ ਇਲਾਜ ਲਈ 5 ਹਜ਼ਾਰ ਰੁਪਏ ਦੀ ਇਮਦਾਦ ਕੀਤੀ ਗਈ। ਇਸ ਮੌਕੇ ਸੁਸਾਇਟੀ ਜਨਰਲ ਸਕੱਤਰ ਸਰਬਪ੍ਰੀਤ ਸਿੰਘ ਪਨਗੋਟਾ ਨੇ ਕਿਹਾ ਕਿ ਸਮਾਜ ਦੀ ਅਜੋਕੀ ਤ੍ਰਾਸਦੀ ਹੈ ਕਿ ਜੋ ਲੋਕ ਆਰਥਿਕ ਪੱਖੋਂ ਸੇਵਾ ਕਰਨ ਦੇ ਸਮਰੱਥ ਹਨ ਉਨ੍ਹਾਂ ਆਪਣਾ ਦਾਇਰਾ ਛੋਟਾ ਕਰ ਲਿਆ ਹੈ, ਉਹ ਆਪਣੇ ਦਾਇਰੇ ਤੋਂ ਬਾਹਰ ਲੋੜਾਂ, ਥੋੜਾਂ ਦੇ ਮਾਰੇ ਲੋੜਵੰਦਾਂ ਪ੍ਰਤੀ ਸੰਵੇਦਨਹੀਣ ਹੋ ਗਏ ਹਨ। ਕੁਦਰਤ ਨੇ ਜੇ ਸਾਨੂੰ ਸਮਰੱਥ ਬਣਾਇਆ ਹੈ ਤਾਂ ਸਾਨੂੰ ਕਿਸੇ ਲੋੜਵੰਦ ਦੀ ਇਮਦਾਦ ਕਰਨੀ ਚਾਹੀਦੀ ਹੈ। ਇਸ ਮੌਕੇ ਅਮਿਤ ਜੈਨ, ਡਾਕਟਰ ਸਰਬਪ੍ਰੀਤ ਸਿੰਘ ਜਨਰਲ ਸਕੱਤਰ, ਡਾਕਟਰ ਇੰਦਰਪ੍ਰੀਤ ਸਿੰਘ ਧਾਮੀ, ਸੰਜੀਵ ਸੂਦ, ਰਾਜਦੀਪ ਸਿੰਘ ਸਰਾਫ, ਹਰਜਿੰਦਰ ਸਿੰਘ ਪੱਪੂ ਸਰਾਫ, ਵਿਸ਼ਾਲ ਸੂਦ, ਹਰੀਸ਼ ਧਵਨ, ਸੋਭਾ ਸਿੰਘ, ਮਾਸਟਰ ਗੇਜਾ ਸਿੰਘ, ਵਿਕਰਮਜੀਤ ਸਿੰਘ ਸਰਾਫ, ਆਸਥਾ ਸ਼ਰਮਾ ਅਤੇ ਸਤਨਾਮ ਸਿੰਘ ਹਾਜ਼ਰ ਸਨ।



# ਨਿਊ ਸ਼ਿਵ ਸ਼ੰਕਰ ਡਰਾਮਾਟਿਕ ਕਲੱਬ ਮਨਾਵੇਗੀ ਦੁਸਹਿਰਾ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਨਿਊ ਸ਼ਿਵ ਸ਼ੰਕਰ ਡਰਾਮਾਟਿਕ ਕਲੱਬ ਅਜਨਾਲਾ ਵੱਲੋਂ ਅਜਨਾਲਾ ਵਿਖੇ ਦੁਸਹਿਰਾ ਕੀਰਤਨ ਦਰਬਾਰ ਸੇਵਾ ਸੋਸਾਇਟੀ ਦੀ ਗਰਾਊਂਡ ਵਿਖੇ ਮਨਾਇਆ ਜਾਇਗਾ ਜਿਸ ਵਿਚ ਮੁੱਖ ਮਹਿਮਾਨ ਸਰਦਾਰ ਕੁਲਦੀਪ ਸਿੰਘ ਧਾਲੀਵਾਲ ਕੈਬਨਿਟ ਮੰਤਰੀ ਪੰਜਾਬ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਇਸ ਦੌਰਾਨ ਅਜਨਾਲਾ ਦੀਆਂ ਕਈ ਪ੍ਰਮੁੱਖ ਹਸਤੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਰਾਵਣ, ਕੁੰਭਕਰਨ ਅਤੇ ਮੇਘਨਾਦ ਦੇ ਪੁਤਲਿਆਂ ਨੂੰ 5 ਵਜੇ ਅਗਨੀ ਭੇਟ ਕੀਤਾ ਜਾਵੇਗਾ। ਇਹ ਜਾਣਕਾਰੀ ਕਲੱਬ ਦੇ ਪ੍ਰਧਾਨ ਪੰਡਿਤ ਕਿਸ਼ੋਰੀ ਲਾਲ ਸ਼ਰਮਾ ਨੇ ਦਿੱਤੀ। ਇਸ ਦੌਰਾਨ ਐਡਵੋਕੇਟ ਸੰਦੀਪ ਕੌਸ਼ਲ, ਪ੍ਰਦੀਪ ਤ੍ਰੇਹਨ, ਨਰਿੰਦਰ ਮਹਾਨਤਾ, ਰਾਜੇਸ਼ ਚੋਪੜਾ, ਸੁਰਿੰਦਰ ਸ਼ਰਮਾ, ਮਨੀਸ਼ ਸ਼ਰਮਾ, ਪ੍ਰਦੀਪ ਸ਼ਰਮਾ ਅਤੇ ਪੁਨੀਤ ਭਾਰਦਵਾਜ ਆਦਿ ਮਜੂਦ ਸਨ।

## ਸ਼੍ਰੀ ਹਨੂੰਮਾਨ ਦੀ ਸੈਨਾ ਨੇ ਮਾਤਾ ਕਾਲੀ ਦਵਾਰਾ ਮੰਦਰ 'ਚ ਮੱਥਾ ਟੇਕਿਆ



**ਬਟਾਲਾ (ਤਰਲੋਕ ਬੱਗਾ)**- ਨਵਰਾਤਰਿਆਂ ਨੂੰ ਮੁੱਖ ਰਖਦਿਆਂ ਅੰਮ੍ਰਿਤਸਰ ਤੋਂ ਵਿਸ਼ੇਸ਼ ਤੌਰ 'ਤੇ ਆਈ ਸ਼੍ਰੀ ਹਨੂੰਮਾਨ ਜੀ ਦੀ ਸੈਨਾ ਨੇ ਮਾਤਾ ਕਾਲੀ ਦਵਾਰਾ ਮੰਦਰ ਵਿਖੇ ਮੱਥਾ ਟੇਕਿਆ। ਇਸ ਮੌਕੇ ਸ਼ਰਧਾਲੂਆਂ ਵਲੋਂ ਭੇਟਾਂ ਦਾ ਗੁਣਗਾਨ ਕੀਤਾ ਗਿਆ। ਦੱਸਣਯੋਗ ਹੈ ਕਿ ਇਸ ਮੰਦਰ ਪ੍ਰਤੀ ਲੋਕਾਂ ਦੇ ਮਨਾਂ ਅੰਦਰ ਬੜੀ ਆਸਥਾ ਹੈ। ਲੋਕਾਂ ਦੀ ਹਰ ਮਨੋਕਾਮਨਾ ਇਥੇ ਪੂਰੀ ਹੁੰਦੀ ਹੈ। ਇਸ ਮੌਕੇ ਹਨੂੰਮਾਨ ਜੀ ਦੀ ਪਾਲਕੀ ਨੂੰ ਵੀ ਖੂਬ ਸਜਾਇਆ ਗਿਆ।

# ਡੀ ਟੀ ਐਫ ਦਾ ਆਨੰਦਪੁਰ ਸਾਹਿਬ 'ਚ ਸੂਬਾਈ ਮੁਜ਼ਾਹਰਾ 16 ਨੂੰ

**ਜਲੰਧਰ (ਕੇਸਰ)**-ਪੰਜਾਬ ਸਰਕਾਰ 7 ਮਹੀਨਿਆਂ ਦੇ ਗਠਿਨ ਤੋਂ ਬਾਅਦ ਵੀ ਅਧਿਆਪਕਾਂ ਦੀਆਂ ਬਦਲੀਆਂ ਕਰਨ ਲਈ ਕੋਈ ਠੋਸ ਨੀਤੀ ਨਾ ਬਣਾਏ ਜਾਣ, ਵੱਖ-ਵੱਖ ਕੈਟਾਗਰੀਆਂ ਦੇ ਪਦ ਉਨਤ ਹੋਏ ਅਧਿਆਪਕਾਂ ਉੱਪਰ ਵਿਭਾਗੀ ਟੈਸਟ ਲੈਣ ਦੇ ਚਾੜ੍ਹੇ ਫੁਰਮਾਨਾਂ , ਨਵੀਂ ਭਰਤੀ ਉੱਪਰ ਅਨੇਕ ਤਰਾਂ ਦੇ ਟੈਸਟ ਲਏ ਜਾਣ ਦੀਆਂ ਲਗਾਈਆਂ ਸ਼ਰਤਾਂ,ਅਧਿਆਪਕਾਂ ਸਮੇਤ ਸਮੁੱਚੇ ਮੁਲਾਜ਼ਮਾਂ ਦੇ ਬੰਦ ਕੀਤੇ ਭੱਤਿਆਂ ਨੂੰ ਬਹਾਲ ਨਾ ਕੀਤੇ ਜਾਣ,ਮਹਿਂਗਾਈ ਭੱਤੇ ਦੀਆਂ ਰਹਿੰਦੀਆਂ ਬਕਾਇਆ ਕਿਸ਼ਤਾਂ ਨਾ ਦਿੱਤੇ ਜਾਣ ਦੇ ਰੋਸ਼ ਵਜੋਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ 16 ਅਕਤੂਬਰ ਨੂੰ ਆਨੰਦਪੁਰ ਸਾਹਿਬ ਵਿਖੇ ਸੂਬਾਈ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਫਰੰਟ ਦੇ ਜ਼ਿਲ੍ਹਾ ਜਲੰਧਰ ਦੇ ਸਕੱਤਰ ਅਵਤਾਰ ਲਾਲ ਗੁਰਾਇਆ ਅਤੇ ਵਿੱਤ ਸਕੱਤਰ ਗੁਰਮੁਖ ਸਿੰਘ ਸਿੱਧੂ ਨੇ ਦੱਸਿਆ ਕਿ ਬਦਲਾਅ ਕਰਨ ਦੇ ਵੱਡੇ ਦਮਗਜੇ ਮਾਰਨ ਵਾਲੀ ਆਪ ਸਰਕਾਰ ਵੀ ਅਜੇ ਤੱਕ ਸਿੱਖਿਆ ਵਿਭਾਗ ਅੰਦਰ ਇਕ ਨਵੇਂ ਪੈਸੇ ਦਾ ਸੁਧਾਰ ਨਹੀ ਕਰ ਸਕੀ। ਆਪ ਸਰਕਾਰ ਵੀ ਪਹਿਲੀਆਂ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਵੱਲੋਂ ਸਿੱਖਿਆ ਵਿਭਾਗ ਵਿਚ ਚਲਾਏ ਜਾ ਰਹੇ ਪ੍ਰੋਜੈਕਟਾਂ ਉੱਪਰ ਹੀ ਕੰਮ ਕਰ ਰਹੀ ਹੈ। ਵਿਭਾਗ ਅੰਦਰ ਚਲਾਏ ਜਾ ਰਹੇ ਬੇਲੋੜੇ ਪ੍ਰੋਜੈਕਟਾਂ ਉੱਪਰ ਅਧਿਆਪਕਾਂ ਨੂੰ ਲਗਾ ਕੇ ਗਰੀਬ ਵਿਦਿਆਰਥੀਆਂ ਦਾ ਬਹੁਤ ਵੱਡਾ ਨੁਕਸਾਨ ਕੀਤਾ ਜਾ ਰਿਹਾ ਹੈ। ਸਿੱਖਿਆ ਖੇਤਰ ਦੀਆਂ ਮੁਸ਼ਕਿਲਾਂ ਅਤੇ ਪ੍ਰਸਥਿਤੀਆਂ ਨਾਲ ਨਜਿਠਣ 'ਚ ਬੁਰੀ ਤਰਾਂ ਨਾਕਾਮ ਸਿੱਧ ਹੋਈ ਸਰਕਾਰ ਨੇ ਅਧਿਆਪਕਾਂ ਦੀਆਂ ਮੰਗਾਂ ਪ੍ਰਤੀ ਬੇਰੁੱਖਾ ਰਵੱਈਆਂ ਧਾਰਨ ਕੀਤਾ ਹੋਇਆ ਹੈ,ਜਿਸ ਕਾਰਨ ਬਦਲੀਆਂ ਕਰਵਾਉਣ ਦੇ ਚਾਹਵਾਨ ਅਧਿਆਪਕ ਅਜੇ ਤੱਕ ਵੀ ਬਦਲੀਆਂ ਦੀ ਨੀਤੀ ਉਡੀਕ ਰਹੇ ਹਨ। ਉਨ੍ਹਾਂ ਕਿਹਾ ਕਿ ਅਧਿਆਪਕਾਂ ਦੀਆਂ ਉਕਤ ਮੰਗਾਂ ਮੰਨਵਾਉਣ ਲਈ ਕੀਤੇ ਜਾ ਰਹੇ ਸੂਬਾਈ ਮੁਜ਼ਾਹਰੇ ਦੀਆਂ ਜ਼ਿਲ੍ਹੇ ਅੰਦਰ ਤਿਆਰੀਆਂ ਜੰਗੀ ਪੱਧਰ 'ਤੇ ਚੱਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਧਿਆਪਕ ਆਪਣੇ ਰੋਹ ਅਤੇ ਰੋਸ ਦਾ ਪ੍ਰਗਟਾਵਾ 16 ਨੂੰ ਵੱਡੀ ਗਿਣਤੀ ਵਿਚ ਆਨੰਦਰਪੁਰ ਸਾਹਿਬ 'ਚ ਪਹੁੰਚ ਕੇ ਕਰਨਗੇ।

# ਸਮਰਪਣ ਸਪੈਸ਼ਲ ਸਕੂਲ ਤਰਨ ਤਾਰਨ 'ਚ ਦੁਸਹਿਰਾ ਮਨਾਇਆ

**ਤਰਨ-ਤਾਰਨ (ਪ੍ਰਿਤਪਾਲ ਸਿੰਘ)**
ਸਮਰਪਣ ਸਪੈਸ਼ਲ ਸਕੂਲ ਤਰਨ ਤਾਰਨ ਵਿਖੇ ਦੁਸਹਿਰਾ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਮਰਪਣ ਸੋਸਾਇਟੀ ਦੇ ਪ੍ਰਧਾਨ ਸੁਖਜੀਤ ਪਾਲ ਸਿੰਘ ਵਿਸ਼ੇਸ਼ ਰੂਪ ਵਿੱਚ ਹਾਜ਼ਿਰ ਹੋਏ। ਸਮਰਪਣ ਸੋਸਾਇਟੀ ਦੇ ਡਾਇਰੈਕਟਰ ਮੈਡਮ ਅਮਨਪ੍ਰੀਤ ਕੌਰ ਵੱਲੋਂ ਦੁਸਹਿਰੇ ਦੇ ਇਤਿਹਾਸ ਬਾਰੇ ਬੱਚਿਆ ਨੂੰ ਦੱਸਿਆ ਗਿਆ। ਬੱਚਿਆਂ ਵੱਲੋਂ ਇਸ ਮੌਕੇ ਹੱਥੀਂ ਰਾਵਣ ਦਾ ਪੁਤਲਾ ਬਣਾ ਕੇ ਰਾਵਣ ਦਹਿਨ ਕੀਤਾ ਗਿਆ। ਸਕੂਲ ਦੇ ਵਿਦਿਆਰਥੀ ਗੁਰਭੇਜ ਸਿੰਘ ਵੱਲੋਂ ਰਾਵਣ ਦੇ ਪੁਤਲੇ ਨੂੰ ਅਗਨੀ ਭੇਟ ਕੀਤਾ ਗਿਆ। ਇਸ ਮੌਕੇ ਸਪੈਸ਼ਲ ਐਜੂਕੇਟਰ ਮੈਡਮ ਪਦਮਿਨੀ ਸ਼੍ਰੀਵਾਸਤਵ, ਕਿਰਨਜੀਤ ਕੌਰ, ਖੁਸ਼ਦੀਪ ਕੌਰ ਅਤੇ ਕਾਜਲਪ੍ਰੀਤ ਕੌਰ ਆਦਿ ਹਾਜ਼ਰ ਸਨ।



# ਜੀ ਐੱਨ ਡੀ ਯੂ 'ਚ ਨਾਨ-ਟੀਚਿੰਗ ਇੰਪਲਾਈਜ਼ ਐਸੋਸੀਏਸ਼ਨ ਦੀਆਂ ਸਾਲਾਨਾ ਚੋਣਾਂ 31 ਨੂੰ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**-31 ਅਕਤੂਬਰ ਨੂੰ ਹੋਣ ਜਾ ਰਹੀਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਨ-ਟੀਚਿੰਗ ਇੰਪਲਾਇਜ਼ ਐਸੋਸੀਏਸ਼ਨ ਸਾਲਾਨਾ ਚੋਣਾਂ ਨੂੰ ਲੈ ਕੇ ਆਰੰਭੀਆਂ ਤਿਆਰੀਆਂ ਦੇ ਸਿਲਸਲੇ ਦੇ ਚੱਲਦਿਆਂ ਰਾਜਨੀਤੀ ਸ਼ਾਸ਼ਤਰ ਵਿਭਾਗ ਦੇ ਮੁਖੀ ਪ੍ਰੋ. (ਡਾ.) ਸਤਨਾਮ ਸਿੰਘ ਦਿਓਲ ਨੂੰ ਚੋਣ ਕਮ ਰਿਟਰਨਿੰਗ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਨ-ਟੀਚਿੰਗ ਇੰਪਲਾਈਜ਼ ਐਸੋਸੀਏਸ਼ਨ ਦੇ ਸਕੱਤਰ ਰਜ਼ਨੀਸ਼ ਭਾਰਦਵਾਜ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਚੋਣਾਂ ਨੂੰ ਲੈ ਕੇ ਚਾਹਵਾਨ ਉਮੀਦਵਾਰਾਂ ਦੇ ਵੱਲੋਂ ਨਾਮਜ਼ਦਗੀਆਂ ਭਰੇ ਜਾਣ ਵਾਸਤੇ ਅਤੇ ਹੋਰ ਜਾਣਕਾਰੀ ਲਈ ਚੋਣ ਕਮ ਰਿਟਰਨਿੰਗ ਅਧਿਕਾਰੀ (ਡਾ.) ਸਤਨਾਮ ਸਿੰਘ ਦਿਓਲ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਸਕੱਤਰ ਰਜ਼ਨੀਸ਼ ਭਾਰਦਵਾਜ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਨ-ਟੀਚਿੰਗ ਐਸੋਸੀਏਸ਼ਨ ਦੀਆਂ ਸਾਲਾਨਾ ਚੋਣਾਂ ਲਈ ਉਨ੍ਹਾਂ ਦੀ ਪਾਰਟੀ 'ਡੈਮੋਕਰੇਟਿਕ ਇੰਪਲਾਈਜ਼ ਫਰੰਟ' ਜਿਸ ਦਾ ਚੋਣ ਨਿਸ਼ਾਨ 'ਗੁਲਾਬ ਦਾ ਫੁੱਲ' ਹੈ ਪੂਰੀ ਤਰ੍ਹਾਂ ਸਰਗਰਮ ਹੈ। ਚੋਣਾਂ ਵਿਚ ਸਰਗਰਮੀ ਨਾਲ ਹਿੱਸਾ ਲਿਆ ਜਾਵੇਗਾ, ਜਿਸ ਨੂੰ ਲੈ ਕੇ ਪਾਰਟੀ ਦੇ ਵੱਲੋਂ ਮੀਟਿੰਗਾਂ ਦਾ ਸਿਲਸਿਲਾ ਪੂਰੇ ਜ਼ੋਰਾਂ ਤੇ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪਾਰਟੀ ਦੇ ਵੱਲੋਂ ਖੜੇ ਕੀਤੇ ਜਾ ਰਹੇ ਉਮੀਦਵਾਰਾਂ ਦੇ ਨਾਵਾਂ ਦਾ ਫੈਸਲਾ ਸਰਬਸੰਮਤੀ ਦੇ ਨਾਲ ਕਰ ਲਏ ਜਾਣ ਤੋਂ ਬਾਅਦ ਐਲਾਨ ਜਲਦ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਉਹ ਨਿਰਪੱਖ ਚੋਣਾਂ ਦੇ ਹਾਮੀ ਹਨ ਅਤੇ ਵੋਟਾਂ ਵਾਲੇ ਦਿਨ ਤੱਕ ਉਹ ਕਰਮਚਾਰੀਆਂ ਦੇ ਕੰਮਾਂ ਪ੍ਰਤੀ ਪੂਰੀ ਸੁਹਿਰਦਤਾ ਨਾਲ ਵਿਚਰਦੇ ਰਹਿਣਗੇ।



# 'ਲੋਕਪੱਖੀ ਸਮਾਜਿਕ ਤਬਦੀਲੀ ਤੇ ਵਿਗਿਆਨਕ ਚੇਤਨਾ ਦੀ ਅਹਿਮੀਅਤ' ਵਿਸ਼ੇ 'ਤੇ ਤਰਕਸ਼ੀਲ ਸੁਸਾਇਟੀ ਵੱਲੋਂ ਚੇਤਨਾ ਸੈਮੀਨਾਰ

**ਅੰਮ੍ਰਿਤਸਰ (ਜਸਵੀਰ ਪੱਟੀ)**
ਤਰਕਸ਼ੀਲ ਆਗੂ ਸੁਮੀਤ ਸਿੰਘ ਦੇ ਮਾਤਾ ਅਮਰਜੀਤ ਕੌਰ ਦੀ ਪਹਿਲੀ ਬਰਸੀ ਨੂੰ ਸਮਰਪਿਤ ਇਕ ਸੈਮੀਨਾਰ "ਲੋਕਪੱਖੀ ਸਮਾਜਿਕ ਤਬਦੀਲੀ ਅਤੇ ਵਿਗਿਆਨਕ ਚੇਤਨਾ ਦੀ ਅਹਿਮੀਅਤ" ਦੇ ਵਿਸ਼ੇ ਸੰਬੰਧੀ ਤਰਕਸ਼ੀਲ ਸੁਸਾਇਟੀ ਪੰਜਾਬ ਅੰਮ੍ਰਿਤਸਰ ਇਕਾਈ ਅਤੇ ਮਾਝਾ ਜ਼ੋਨ ਦੇ ਸਹਿਯੋਗ ਨਾਲ ਪੰਜਾਬ ਨਾਟ ਸ਼ਾਲਾ ਵਿਖੇ ਕਰਵਾਇਆ ਗਿਆ ਜਿਸ ਵਿਚ ਉੱਘੇ ਲੇਖਕ ਅਤੇ ਮਨੋਵਿਗਿਆਨੀ ਡਾ. ਸ਼ਿਆਮ ਸੁੰਦਰ ਦੀਪਤੀ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਕਾਰਜਕਾਰੀ ਸਕੱਤਰ ਅਤੇ ਪ੍ਰਸਿੱਧ ਜਮਹੂਰੀ ਵਿਦਵਾਨ ਡਾ. ਪਰਮਿੰਦਰ ਸਿੰਘ ਨੇ ਮੁੱਖ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਡਾ. ਦੀਪਤੀ ਨੇ ਕਿਹਾ ਕਿ ਮਨੁੱਖ ਨੂੰ ਆਪਣੇ ਆਲੇ ਦੁਆਲੇ ਵਾਪਰਦੀਆਂ ਕੁਦਰਤੀ ਅਤੇ ਗੈਰ ਕੁਦਰਤੀ ਘਟਨਾਵਾਂ ਦੇ ਵਿਗਿਆਨਕ ਕਾਰਨਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਠੋਸ ਹਲ ਕੱਢਣ ਦੀ ਹਮੇਸ਼ਾ ਜਗਿਆਸਾ ਰਹੀ ਹੈ ਪਰ ਸਾਡੇ ਸਮਾਜ ਵਿਚ ਸਾਮਰਾਜਪੱਖੀ ਰਾਜ ਪ੍ਰਬੰਧ ਅਤੇ ਗ਼ੈਰ-ਵਿਗਿਆਨਕ ਵਿਦਿਅਕ ਢਾਂਚੇ ਦੇ ਨਤੀਜੇ ਵਜੋਂ ਵਿਗਿਆਨਕ ਚੇਤਨਾ ਦੀ ਘਾਟ ਕਾਰਨ ਬਹੁਗਿਣਤੀ ਲੋਕਾਂ ਨੂੰ ਪੀੜ੍ਹੀ ਦਰ ਪੀੜ੍ਹੀ ਰੂੜੀਵਾਦੀ ਮਾਨਸਿਕਤਾ ਦੇ ਗ਼ੁਲਾਮ ਬਣਾ ਦਿੱਤਾ ਗਿਆ ਹੈ ਜੋ ਕਿ ਸਮਾਜਕ ਤਬਦੀਲੀ ਦੇ ਰਸਤੇ ਦੀ ਮੁੱਖ ਰੁਕਾਵਟ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਹਕੂਮਤਾਂ ਵਲੋਂ ਹਿੰਦੂਤਵ ਦੇ ਫ਼ਿਰਕੂ ਏਜੰਡੇ ਹੇਠ ਵਿਗਿਆਨਕ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਉਤੇ ਸਖਤ ਪਾਬੰਦੀਆਂ ਲਾ ਕੇ ਭਾਰਤੀ ਸੰਵਿਧਾਨ ਦੀ ਧਾਰਾ 51-ਏ (ਐਚ) ਅਤੇ ਧਾਰਾ 19 ਦੀ ਸ਼ਰੇਆਮ ਉਲੰਘਣਾ ਕੀਤੀ ਜਾ ਰਹੀ ਹੈ ਜਿਸਦੇ ਖਿਲਾਫ਼ ਸਾਨੂੰ ਅਤੇ ਸਮੂਹ ਲੋਕਪੱਖੀ ਜਨਤਕ ਜਥੇਬੰਦੀਆਂ ਨੂੰ ਆਪਣੀ ਆਵਾਜ਼ ਬੁਲੰਦ ਕਰਨ ਦੀ ਲੋੜ ਹੈ ।

ਇਸ ਮੌਕੇ ਨਾਮਵਰ ਜਮਹੂਰੀ ਚਿੰਤਕ ਡਾ. ਪਰਮਿੰਦਰ ਸਿੰਘ ਨੇ ਅਜਿਹੇ ਲੋਕਪੱਖੀ ਸਮਾਗਮਾਂ ਦੀ ਲੋੜ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਡਾਰਵਿਨ ਦੇ ਕੁਦਰਤੀ ਵਿਕਾਸ ਦੇ ਨਿਯਮਾਂ ਅਨੁਸਾਰ ਮਨੁੱਖ ਨੇ ਆਦਿ ਕਾਲ ਤੋਂ ਮੌਜੂਦਾ ਵਿਗਿਆਨ ਦੇ ਯੁੱਗ ਤਕ ਲਗਾਤਾਰ ਭੌਤਿਕ ਅਤੇ ਬੌਧਿਕ ਵਿਕਾਸ ਕੀਤਾ ਹੈ । ਮਨੁੱਖ ਨੇ ਆਪਣੇ ਜਥੇਬੰਦਕ ਸੰਘਰਸ਼ਾਂ ਰਾਹੀਂ ਸਮੇਂ ਸਮੇਂ ਦੇ ਤਾਨਾਸ਼ਾਹ ਹੁਕਮਰਾਨਾਂ ਵਲੋਂ ਜਨਤਾ ਨੂੰ ਦਬਾਉਣ ਲਈ ਕੀਤੇ ਜਾਂਦੇ ਜਬਰ,ਜ਼ੁਲਮਾਂ, ਕਾਲੇ ਕਾਨੂੰਨਾਂ ਅਤੇ ਖੌਫਨਾਕ ਕੁਦਰਤੀ ਤੇ ਗ਼ੈਰ ਕੁਦਰਤੀ ਹਾਲਾਤ ਦਾ ਹੌਂਸਲੇ ਨਾਲ ਮੁਕਾਬਲਾ ਅਤੇ ਡਟਵਾਂ ਵਿਰੋਧ ਕੀਤਾ ਹੈ ਅਤੇ ਇਤਿਹਾਸਕ ਜਿੱਤਾਂ ਪ੍ਰਾਪਤ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਮਨੁੱਖ ਦਾ ਇਤਿਹਾਸ ਸੰਘਰਸ਼ਾਂ ਅਤੇ ਤਬਦੀਲੀਆਂ ਦਾ ਇਤਿਹਾਸ ਹੈ ਅਤੇ ਸੰਸਾਰ ਵਿਚ ਵਿਗਿਆਨ ਦਾ ਹੋਇਆ ਅੱਜ ਤਕ ਦਾ ਵਿਕਾਸ ਅਤੇ ਲੋਕਪੱਖੀ ਤਬਦੀਲੀਆਂ ਸਿਰਫ ਮਨੁੱਖ ਦੇ ਤਰਕਸ਼ੀਲ ਦ੍ਰਿਸ਼ਟੀਕੋਣ, ਮਿਹਨਤ,ਦ੍ਰਿੜ





ਹੌਂਸਲੇ ਅਤੇ ਸੰਘਰਸ਼ਸ਼ੀਲ ਮਾਨਸਿਕਤਾ ਅਪਨਾਉਣ ਕਰਕੇ ਹੀ ਸੰਭਵ ਹੋ ਸਕੇ ਹਨ। ਉਨ੍ਹਾਂ ਮੌਜੂਦਾ ਹਕੂਮਤਾਂ ਦੀਆਂ ਫਾਸ਼ੀਵਾਦੀ ਨੀਤੀਆਂ ਅਤੇ ਕਾਲੇ ਕਾਨੂੰਨਾਂ ਦੇ ਖਿਲਾਫ ਦੇਸ਼ ਭਰ ਵਿਚੋਂ ਉਠ ਰਹੇ ਜਮਹੂਰੀ ਜਨਤਕ ਅੰਦੋਲਨਾਂ ਦੀ ਪ੍ਰਸੰਸਾ ਕੀਤੀ ਅਤੇ ਪਿਛਲੇ ਸਾਲ ਹੋਏ ਇਤਿਹਾਸਕ ਕਿਸਾਨ ਅੰਦੋਲਨ ਦੀ ਸਫ਼ਲਤਾ ਨੂੰ ਵਿਸਥਾਰ ਵਿਚ ਬਿਆਨ ਕੀਤਾ ।

ਇਸ ਮੌਕੇ ਪੰਜਾਬ ਨਾਟਸ਼ਾਲਾ ਦੇ ਸੰਸਥਾਪਕ ਜਤਿੰਦਰ ਬਰਾੜ ਅਤੇ ਮੁਲਾਜ਼ਮ ਆਗੂ ਕਾਮਰੇਡ ਸੁਖਮਿੰਦਰ ਰੰਧਾਵਾ ਨੇ ਕਿਹਾ ਕਿ ਆਪਣਿਆਂ ਦੀ ਯਾਦ ਵਿਚ ਅਜਿਹੇ ਚੇਤਨਾ ਸੈਮੀਨਾਰ ਕਰਵਾਉਣੇ ਹੀ ਲੋਕਪੱਖੀ ਸਮਾਜਿਕ ਅਤੇ ਸਭਿਆਚਾਰਕ ਤਬਦੀਲੀ ਦਾ ਸਬੂਤ ਹੈ ਅਤੇ ਸਮਾਜ ਵਿਚ ਅਜਿਹੀਆਂ ਸਿਹਤਮੰਦ ਪਿਰਤਾਂ ਪਾਉਣ ਲਈ ਆਮ ਲੋਕਾਈ ਨੂੰ ਤਰਕਸ਼ੀਲ ਦ੍ਰਿਸ਼ਟੀਕੋਣ ਅਪਨਾਉਣ ਅਤੇ ਅਮਲ ਕਰਨ ਦੀ ਲੋੜ ਹੈ। ਇਸ ਮੌਕੇ ਕਾਮਰੇਡ ਬਲਵਿੰਦਰ ਦੁਧਾਲਾ , ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਗੁਰਬਚਨ ਸਿੰਘ ਅਤੇ ਪ੍ਰਸਿੱਧ ਫਿਲਮ ਅਤੇ ਰੰਗਮੰਚ ਅਦਾਕਾਰ ਜਸਵੰਤ ਜੱਸ ਨੇ ਮਾਤਾ ਅਮਰਜੀਤ ਨੂੰ ਯਾਦ ਕਰਦਿਆਂ ਕਿਹਾ ਕਿ ਮੌਜੂਦਾ ਹਕੂਮਤਾਂ ਦੀਆਂ ਸਾਮਰਾਜਪੱਖੀ , ਫ਼ਿਰਕੂ ਅਤੇ ਲੋਕ ਮਾਰੂ ਆਰਥਿਕ ਨੀਤੀਆਂ ਨੇ ਸਾਡੇ ਭਵਿੱਖ ਅਤੇ ਹੋਂਦ ਲਈ ਵੱਡੀਆਂ ਚੁਣੌਤੀਆਂ ਖੜੀਆਂ ਕਰ ਦਿੱਤੀਆਂ ਹਨ ਅਤੇ ਵਿਗਿਆਨਕ ਚੇਤਨਾ ਅਤੇ ਲੋਕਪੱਖੀ ਜਨਤਕ ਸੰਘਰਸ਼ਾਂ ਦਾ ਰਾਹ ਅਪਨਾ ਕੇ ਹੀ ਲੋਕਪੱਖੀ ਸਮਾਜਿਕ ਤਬਦੀਲੀ ਅਤੇ ਸ਼ਹੀਦ ਭਗਤ ਸਿੰਘ ਦੇ ਸੁਫ਼ਨਿਆਂ ਦਾ ਰਾਜ ਪ੍ਰਬੰਧ ਯਕੀਨੀ ਬਣਾਏ ਜਾ ਸਕਦੇ ਹਨ।

ਸੈਮੀਨਾਰ ਦੇ ਅੰਤ ਵਿਚ ਤਰਕਸ਼ੀਲ ਆਗੂ ਸੁਮੀਤ ਸਿੰਘ ਨੇ ਵਿਦਵਾਨ ਬੁਲਾਰਿਆਂ ਅਤੇ ਆਏ ਹੋਏ ਮਹਿਮਾਨਾਂ, ਰਿਸ਼ਤੇਦਾਰਾਂ, ਪਰਿਵਾਰਕ ਮੈਂਬਰਾਂ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂਆਂ ਅਤੇ ਮੈਂਬਰਾਂ ਦਾ ਇਸ ਸੈਮੀਨਾਰ ਵਿਚ ਪਹੁੰਚਣ 'ਤੇ ਧੰਨਵਾਦ ਕੀਤਾ ਅਤੇ ਜ਼ਿੰਦਗੀ ਵਿਚ ਤਰਕਸ਼ੀਲ ਸਾਹਿਤ ਪੜ੍ਹਨ ਤੇ ਵਿਗਿਆਨਕ ਸੋਚ ਅਪਨਾਉਣ ਦੀ ਅਪੀਲ ਕੀਤੀ। ਤਰਕਸ਼ੀਲ ਸੁਸਾਇਟੀ ਮਾਝਾ ਜੋਨ ਦੇ ਵਿੱਤ ਮੁਖੀ ਮੁਖਤਿਆਰ ਗੋਪਾਲਪੁਰਾ ਨੇ ਸਟੇਜ ਸੰਚਾਲਣ ਕੀਤਾ ਅਤੇ ਤਰਕਸ਼ੀਲ ਆਗੂਆਂ ਜਸਪਾਲ ਬਾਸਰਕੇ, ਅਸ਼ਵਨੀ ਕੁਮਾਰ, ਸ਼ਕਤੀ ਅਤੇ ਨਵਰੀਤ ਵਲੋਂ ਪ੍ਰਬੰਧਕੀ ਜ਼ਿੰਮੇਵਾਰੀ ਬਾਖੂਬੀ ਨਿਭਾਈ ਗਈ। ਸਮਾਗਮ ਦੀ ਸਮਾਪਤੀ ਉਪਰੰਤ ਆਏ ਹੋਏ ਮਹਿਮਾਨਾਂ ਨੂੰ ਤਰਕਸ਼ੀਲ ਮੈਗਜ਼ੀਨ ਵੰਡਿਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਮਹੂਰੀ ਆਗੂ ਯਸ਼ਪਾਲ ਝਬਾਲ, ਡਾ. ਪੁਰਸ਼ੋਤਮ ਲਾਲ, ਰੇਲਵੇ ਆਗੂ ਗੁਰਦੀਪ ਸਿੰਘ, ਡਾ. ਕਸ਼ਮੀਰ ਸਿੰਘ, ਨਰਿੰਦਰ ਸਿੰਘ ਬਟਾਲਾ, ਪੱਤਰਕਾਰ,ਧਰਮਿੰਦਰ ਸਿੰਘ ਮਹਿਤਾ ਚੌਕ,ਮਨਦੀਪ ਸਿੰਘ,ਦਮਨਜੀਤ ਕੌਰ,ਮੈਡਮ ਊਸ਼ਾ ਦੀਪਤੀ, ਜੋਗਿੰਦਰਪਾਲ ਕੌਰ, ਪ੍ਰੀਤ ਕੰਵਲ ਕੌਰ, ਗੁਰਮੀਤ ਕੌਰ, ਜਸਜੀਤ ਕੌਰ, ਤਲਵਿੰਦਰ ਸਿੰਘ ਸੁਧਾਰ,ਮਨਜੀਤ ਕੌਰ,ਕੰਵਲਜੀਤ ਸਿੰਘ, ਮਹਿੰਦਰ ਪਾਲ ਸਿੰਘ,ਲਾਲ ਚੰਦ,ਰਵਿੰਦਰ ਮਹਾਜਨ,ਕੁਲਦੀਪ ਸਿੰਘ, ਤਰਕਸ਼ੀਲ ਬਲਦੇਵ ਰਾਜ ਵੇਰਕਾ, ਅਮਨ ਰਣਜੀਤ ਗੱਗੋਮਾਹਲ,ਸੁਖਮੀਤ ਸਿੰਘ,ਮਾਸਟਰ ਕੁਲਜੀਤ ਵੇਰਕਾ,ਮਨਜੀਤ ਬਾਸਰਕੇ, ਵਿਸ਼ਵਪ੍ਰੀਤ, ਹਰਪ੍ਰੀਤ ਮੀਆਂਵਿੰਡ, ਹਰਜਿੰਦਰ ਜਲਾਲਪੁਰ, ਕਪਤਾਨ ਸਿੰਘ,ਬਨਾਰਸੀ ਦਾਸ, ਬਲਬੀਰ ਸਿੰਘ ਅਤੇ ਨਵਜੀਤ ਆਦਿ ਨੇ ਸ਼ਮੂਲੀਅਤ ਕੀਤੀ।

ਨਵਾਂ ਜ਼ਮਾਨਾ
ਬੁੱਧਵਾਰ, 5 ਅਕਤੂਬਰ 2022

# ਆਓ, ਪਲਾਸਟਿਕ ਨੂੰ ਨਾਂਹ ਕਹੀਏ

ਪਲਾਸਟਿਕ ਦੇ ਅਣਗਿਣਤ ਉਤਪਾਦ ਇਸ ਸਮੇਂ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕੇ ਹਨ । ਅਸੀਂ ਥੋੜ੍ਹੇ-ਬਹੁਤੇ ਸਫ਼ਰ ਦੌਰਾਨ ਵੀ ਪਲਾਸਟਿਕ ਦੀਆਂ ਪਾਣੀ ਦੀਆਂ ਬੋਤਲਾਂ ਖ਼ਰੀਦ ਕੇ ਗੱਡੀ ਵਿੱਚ ਰੱਖ ਲੈਂਦੇ ਹਾਂ ਤੇ ਪੀਂਦੇ ਰਹਿੰਦੇ ਹਾਂ। ਅਸੀਂ ਇਹ ਜਾਣਨ ਦੀ ਕਦੇ ਕੋਸ਼ਿਸ਼ ਨਹੀਂ ਕੀਤੀ ਕਿ ਇਹ ਪਾਣੀ ਸਾਡੇ ਲਈ ਕਿੰਨਾ ਹਾਨੀਕਾਰਕ ਹੈ। ਪਲਾਸਟਿਕ ਦੀਆਂ ਬੋਤਲਾਂ ਵਿੱਚ ਬੰਦ ਇਹ ਪਾਣੀ ਸਾਡੀ ਸਿਹਤ ਲਈ ਹੀ ਨਹੀਂ, ਵਾਤਾਵਰਨ ਤੇ ਜੀਵ-ਜੰਤੂਆਂ ਲਈ ਵੀ ਜਾਨਲੇਵਾ ਹੁੰਦਾ ਹੈ।

ਹਾਵਰਡ ਸਕੂਲ ਆਫ਼ ਪਬਲਿਕ ਹੈਲਥ ਦੇ ਇੱਕ ਅਧਿਐਨ ਮੁਤਾਬਕ ਦੇਖਿਆ ਗਿਆ ਹੈ ਕਿ ਜਿਨ੍ਹਾਂ ਲੋਕਾਂ ਨੇ ਪਲਾਸਟਿਕ ਦੀਆਂ ਬੋਤਲਾਂ ਵਿਚਲੇ ਪਾਣੀ ਦੀ ਵਰਤੋਂ ਕੀਤੀ, ਉਨ੍ਹਾਂ ਵਿੱਚ ਪਲਾਸਟਿਕ ਬਣਾਉਣ ਸਮੇਂ ਵਰਤੇ ਜਾਂਦੇ ਰਸਾਇਣਕ ਬਿਸਫੇਨਾਲ ਏ (ਬੀ ਪੀ ਏ) ਦੀ ਮਾਤਰਾ ਕਾਫ਼ੀ ਜ਼ਿਆਦਾ ਪਾਈ ਗਈ ਸੀ। ਪਲਾਸਟਿਕ ਬੋਤਲਾਂ ਕਾਰਬਨ, ਆਕਸੀਜਨ ਤੇ ਕਲੋਰਾਈਡ ਤੋਂ ਬਣਿਆ ਇੱਕ ਪਦਾਰਥ ਹੈ। ਪਲਾਸਟਿਕ ਦੀਆਂ ਬੋਤਲਾਂ ਬਣਾਉਣ ਲਈ ਵਰਤਿਆ ਜਾਂਦਾ ਬੀ ਪੀ ਏ ਇੱਕ ਬਹੁਤ ਹੀ ਹਾਨੀਕਾਰਕ ਰਸਾਇਣ ਹੈ। ਪਾਣੀ ਦੀਆਂ ਬੋਤਲਾਂ ਨੂੰ ਲੰਮੇ ਸਮੇਂ ਤੱਕ ਰੱਖਣ ’ਤੇ ਗਰਮ ਹੋ ਜਾਣ ਉੱਤੇ ਇਸ ਦਾ ਪੱਧਰ ਵਧ ਜਾਂਦਾ ਹੈ।

ਪਲਾਸਟਿਕ ਦੀਆਂ ਬੋਤਲਾਂ ਵਿੱਚ ਬੰਦ ਪਾਣੀ ਦੀ ਲੰਮੇ ਸਮੇਂ ਤੱਕ ਵਰਤੋਂ ਕਾਰਨ ਸਰੀਰ ਦੇ ਹਾਰਮੋਨਾਂ ਵਿੱਚ ਗੜਬੜ ਪੈਦਾ ਹੋ ਜਾਂਦੀ ਹੈ। ਇਸ ਨਾਲ ਮਰਦਾਂ ਵਿੱਚ ਸ਼ੁਕਰਾਣੂਆਂ ਦੀ ਗਿਣਤੀ ਘਟ ਜਾਂਦੀ ਹੈ ਤੇ ਉਹ ਨਾਮਰਦ ਵੀ ਹੋ ਸਕਦੇ ਹਨ। ਲੜਕੀਆਂ ਵਿੱਚ ਛੋਟੀ ਉਮਰ ਵਿੱਚ ਹੀ ਜਵਾਨੀ ਦੇ ਲੱਛਣ ਪ੍ਰਗਟ ਹੋਣੇ ਸ਼ੁਰੂ ਹੋ ਸਕਦੇ ਹਨ। ਬੋਤਲ ਵਾਲਾ ਪਾਣੀ ਪੀਣ ਨਾਲ ਜਿਗਰ ਦੇ ਰੋਗ ਤੇ ਔਰਤਾਂ ਵਿੱਚ ਛਾਤੀ ਦਾ ਕੈਂਸਰ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਨਾਲ ਸ਼ੂਗਰ ਤੇ ਦਿਲ ਦੇ ਰੋਗਾਂ ਦਾ ਵੀ ਖ਼ਤਰਾ ਵਧ ਜਾਂਦਾ ਹੈ।

ਵੇਦਅਮ੍ਰਿਤ ਦੀ ਸੰਸਥਾਪਕ ਡਾ. ਵੈਸ਼ਾਲੀ ਦਾ ਕਹਿਣਾ ਹੈ ਕਿ ਜਦੋਂ ਪਲਾਸਟਿਕ ਵਾਲੀ ਪਾਣੀ ਦੀ ਬੋਤਲ ਗਰਮੀ ਦੇ ਸੰਪਰਕ ਵਿੱਚ ਆਉਂਦੀ ਹੈ ਤਾਂ ਉਹ ਪਾਣੀ ਵਿੱਚ ਮਾਈਕਰੋ ਪਲਾਸਟਿਕ ਛੱਡ ਦਿੰਦੀ ਹੈ, ਜੋ ਪਾਣੀ ਪੀਣ ਤੋਂ ਬਾਅਦ ਸਾਡੇ ਸਰੀਰ ਵਿੱਚ ਚਲਾ ਜਾਂਦਾ ਹੈ। ਇਸ ਸੂਖਮ ਪਲਾਸਟਿਕ ਕਾਰਨ ਹਾਰਮੋਨ ਦਾ ਸੰਤੁਲਨ ਵਿਗੜ ਜਾਂਦਾ ਹੈ ਤੇ ਔਰਤਾਂ ਬਾਂਝਪਨ ਦੀਆਂ ਸ਼ਿਕਾਰ ਹੋ ਸਕਦੀਆਂ ਹਨ। ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਹਰ ਜਾਗਰੂਕ ਵਿਅਕਤੀ ਆਪਣੇ ਸਮਾਜ ਨੂੰ ਪਲਾਸਟਿਕ ਦੀਆਂ ਬੋਤਲਾਂ ਵਿਚਲੇ ਪਾਣੀ ਦੀ ਵਰਤੋਂ ਦੇ ਹਾਨੀਕਾਰਨ ਅਸਰਾਂ ਤੋਂ ਜਾਣੂੰ ਕਰਾਵੇ। ਇਸ ਲਈ ਜ਼ਰੂਰੀ ਹੈ ਕਿ ਅਸੀਂ ਪਾਣੀ ਨੂੰ ਰੱਖਣ ਲਈ ਪੁਰਾਣੇ ਢੰਗ-ਤਰੀਕੇ ਅਪਣਾਈਏ। ਮਿੱਟੀ, ਤਾਂਬੇ ਤੇ ਕੱਚ ਦੇ ਬਰਤਨਾਂ ਵਿੱਚ ਹੀ ਪਾਣੀ ਸਮੇਤ ਹਰ ਤਰਲ ਪਦਾਰਥ ਨੂੰ ਰੱਖੀਏ ਤੇ ਵਰਤੀਏ।

ਇਸ ਨਾਲ ਸਾਡਾ ਆਪਣਾ ਵੀ ਭਲਾ ਹੋਵੇਗਾ ਤੇ ਸਮੁੱਚੀ ਕਾਇਨਾਤ ਦਾ ਵੀ। ਭਾਰਤ ਇਸ ਸਮੇਂ ਸਾਲਾਨਾ 35 ਲੱਖ ਟਨ ਪਲਾਸਟਿਕ ਕਚਰਾ ਪੈਦਾ ਕਰਦਾ ਹੈ। ਪਿਛਲੇ ਪੰਜ ਸਾਲਾਂ ਵਿੱਚ ਪ੍ਰਤੀ ਵਿਅਕਤੀ ਪਲਾਸਟਿਕ ਕਚਰਾ ਉਤਪਾਦਨ ਦੁੱਗਣਾ ਹੋ ਗਿਆ ਹੈ। ਇਸ ਸਮੇਂ ਪਲਾਸਟਿਕ ਕਚਰਾ ਵਾਤਾਵਰਨ ਲਈ ਸਭ ਤੋਂ ਵੱਡਾ ਖ਼ਤਰਾ ਬਣ ਚੁੱਕਾ ਹੈ। ਪਲਾਸਟਿਕ ਕਚਰਾ ਹਵਾ ਪ੍ਰਦੂਸ਼ਣ ਨੂੰ ਵੀ ਵਧਾਉਂਦਾ ਹੈ। ਪਲਾਸਟਿਕ ਦੀਆਂ ਬੋਤਲਾਂ ਪਾਣੀ ਪੀਣ ਤੋਂ ਬਾਅਦ ਤੁਸੀਂ ਇਧਰ-ਉਧਰ ਸੁੱਟ ਦਿੰਦੇ ਹੋ, ਇਹ ਨਦੀਆਂ ਨਾਲਿਆਂ ਰਾਹੀਂ ਅੱਗੇ ਦੀ ਅੱਗੇ ਸਮੁੰਦਰੀ ਪਾਣੀਆਂ ਤੱਕ ਪੁੱਜ ਰਹੀਆਂ ਹਨ। ਇਸ ਤਰ੍ਹਾਂ ਇਹ ਜਲ ਜੀਵਾਂ ਲਈ ਵੀ ਖ਼ਤਰਾ ਬਣ ਚੁੱਕੀਆਂ ਹਨ। ਦੁਨੀਆ ਭਰ ਵਿੱਚ ਇਸ ਸਮੇਂ ਹਰ ਮਿੰਟ 10 ਲੱਖ ਪਲਾਸਟਿਕ ਦੀਆਂ ਬੋਤਲਾਂ ਖ਼ਰੀਦੀਆਂ ਜਾਂਦੀਆਂ ਹਨ। ਯੂਰੋ ਮਾਨੀਟਰ ਇੰਟਰਨੈਸ਼ਨਲ ਦੇ ਅੰਕੜੇ ਮੁਤਾਬਕ ਪਿਛਲੇ ਇੱਕ ਸਾਲ ਦੌਰਾਨ 480 ਅਰਬ ਤੋਂ ਵੱਧ ਬੋਤਲਾਂ ਵਿਕੀਆਂ ਸਨ। ਇਹ ਸਭ ਕੁਝ ਜਾਣਦੇ ਹੋਏ ਵੀ ਕੀ ਤੁਸੀਂ ਪਾਣੀ ਪੀਣ ਲਈ ਪਲਾਸਟਿਕ ਦੀਆਂ ਬੋਤਲਾਂ ਖ਼ਰੀਦੋਗੇ ਜਾਂ ਫਿਰ ਇਸ ਦਾ ਬਦਲ ਅਪਣਾਓਗੇ।

## ਸਿਰ ਵਾਰਨਾ ਕਿ ਵਰਤਣਾ ?

ਜ਼ੁਲਮੋ ਸਿਤਮ ਜਾਂ ਧੌਂਸ ਖਿਲਾਫ਼ ਖੜ੍ਹਨਾ,
‘ਗਹਿਣਾ’ ਨਾਬਰੀ ਮੁੱਢੋਂ ਪੰਜਾਬ ਦਾ ਐ।
ਖ਼ੂਨੀ ਸਿਆਸਤਾਂ ਦੋਸਤੋ ਸਮਝ ਲਈਏ,
ਅੱਗੇ ਸਮਾਂ ਬਿਖੜਾ ਬੇ-ਹਿਸਾਬ ਦਾ ਐ।
ਅੱਗਾ-ਪਿੱਛਾ ਵਿਚਾਰੇ ਬਿਨ ਧੁੱਸ ਦੇਣੀ,
ਕਾਹਲ ਕਰਨੀ ਵੀ ਕੰਮ ਅਜਾਬ ਦਾ ਐ।
ਬਿਨਾਂ ‘ਯੋਗ ਤਰੀਕੇ’ ਜੇ ਹੱਥ ਲਾਈਏ,
ਸਾੜ ਦੇਣਾ ਹੀ ਕੰਮ ‘ਤੇਜ਼ਾਬ’ ਦਾ ਐ।
ਲੈ ਕੇ ਵਿਰਸੇ ਤੋਂ ‘ਜੋਸ਼ ਤੇ ਹੋਸ਼’ ਦੋਵੇਂ,
ਵਰਤਮਾਨ ‘ਪ੍ਰਸੰਗ’ ਵੱਲ ਪਰਤੀਏ ਜੀ।
ਫਾਇਦਾ ਵੱਧ ਨੁਕਸਾਨ ਵੀ ਘੱਟ ਹੁੰਦਾ,
ਸਿਰ ਵਾਰਨੇ ਨਾਲੋਂ ਜੇ ‘ਵਰਤੀਏ’ ਜੀ।

-ਤਰਲੋਚਨ ਸਿੰਘ ਦੁਪਾਲਪੁਰ, 001-408-915-1268

# ਜਨ-ਅੰਦੋਲਨ ਤੇ ਸਮਾਜਿਕ ਸਦਭਾਵਨਾ ਹੀ ਦੇ ਸਕਦੀਆਂ ਹਨ ਦੇਸ਼ ਨੂੰ ਸਹੀ ਦਿਸ਼ਾ


ਡਾ. ਅਰੁਣ ਮਿੱਤਰਾ

ਅੱਜ ਖੱਬੀਆਂ ਧਿਰਾਂ ਸਮੇਤ ਹਰ ਰਾਜਨੀਤਕ ਪਾਰਟੀ ਨੂੰ ਫਿਕਰ ਲੱਗੀ ਹੈ ਕਿ ਜੇਕਰ 2024 ਵਿੱਚ ਭਾਜਪਾ ਫਿਰ ਸੱਤਾ ਵਿੱਚ ਆ ਗਈ ਤਾਂ ਅਥਾਹ ਕੁਰਬਾਨੀਆਂ ਦੇ ਕੇ ਬਰਤਾਨਵੀ ਸਾਮਰਾਜ ਵਿਰੁੱਧ ਲੰਮੇ ਸੰਘਰਸ਼ ਤੋਂ ਬਾਅਦ ਪ੍ਰਾਪਤ ਹੋਈ ਅਜ਼ਾਦੀ ਉਪਰੰਤ ਲੋਕਤੰਤਰ ਅਤੇ ਧਰਮ ਨਿਰਪੱਖਤਾ ’ਤੇ ਅਧਾਰਿਤ ਬਣਿਆ ਸਾਡਾ ਸੰਵਿਧਾਨ ਖ਼ਤਮ ਕਰ ਦਿੱਤਾ ਜਾਏਗਾ। ਇਸ ਨਾਲ ਦੇਸ਼ ਦੇ ਬਹੁਤ ਸਾਰੇ ਰਾਜਨੀਤਕ ਦਲਾਂ ਦਾ ਵਜੂਦ ਹੀ ਖਤਰੇ ਵਿੱਚ ਪੈ ਜਾਏਗਾ। ਇਹ ਡਰ ਅਚਾਨਕ ਪੈਦਾ ਨਹੀਂ ਹੋਇਆ, ਬਲਕਿ ਜਿਸ ਢੰਗ ਦੇ ਨਾਲ ਸੀ ਬੀ ਆਈ ਤੇ ਈ ਡੀ ਵੱਲੋ ਵਿਰੋਧੀਆਂ ’ਤੇ ਛਾਪੇ ਮਾਰੇ ਜਾ ਰਹੇ ਹਨ ਤੇ ਨਿਆਂ ਪਾਲਿਕਾ ਸਣੇ ਸਾਰੀਆਂ ਸੰਵਿਧਾਨਕ ਸੰਸਥਾਵਾਂ ਦੇ ਮਹੱਤਵ ਨੂੰ ਤਹਿਸ-ਨਹਿਸ ਕੀਤਾ ਜਾ ਰਿਹਾ ਹੈ, ਗੈਰ-ਭਾਜਪਾ ਰਾਜਨੀਤਕ ਦਲ ਇਸ ਬਾਰੇ ਸੋਚਣ ਲਈ ਮਜਬੂਰ ਹੋ ਗਏ ਹਨ।

ਇਹ ਕੋਈ ਲੁਕਵੀਂ ਗੱਲ ਨਹੀਂ ਹੈ ਕਿ ਰਾਜਨੀਤਕ ਦਲਾਂ ਦੇ ਬਹੁਤ ਸਾਰੇ ਆਗੂ ਭ੍ਰਿਸ਼ਟਾਚਾਰ ਵਿਚ ਡੁੱਬੇ ਹੋਏ ਹਨ। ਮੋਟੇ ਤੌਰ ’ਤੇ ਖੱਬੀਆਂ ਧਿਰਾਂ ਨੂੰ ਛੱਡ ਕੇ ਸਾਰੀਆਂ ਸਰਮਾਏਦਾਰ ਪਾਰਟੀਆਂ ਦਾ ਇਹੋ ਹਾਲ ਹੈ। ਸ਼ਾਸਨ ਕਰਦੀ ਪਾਰਟੀ ਦਾ ਹਾਲ ਤਾਂ ਹੋਰ ਵੀ ਬਦਤਰ ਹੈ। ਇਸ ਦੇ ਅਨੇਕਾਂ ਆਗੂ ਰਾਜਤੰਤਰ ਦਾ ਸਹਾਰਾ ਲੈ ਕੇ ਬਚੇ ਹੋਏ ਹਨ। ਭ੍ਰਿਸ਼ਟਾਚਾਰ ਨੂੰ ਰੋਕਣ ਦੇ ਲਈ ਕਿਸੇ ਵੀ ਖਾਤੇ ਦਾ ਆਡਿਟ ਕਰਨਾ ਜ਼ਰੂਰੀ ਹੈ। ਇਸ ਹਿਸਾਬ ਨਾਲ ਪੀ ਐੱਮ ਕੇਅਰ ਫ਼ੰਡ ਅਤੇ ਚੋਣ ਬਾਂਡ ਬਾਰੇ ਕੋਈ ਜਾਣਕਾਰੀ ਨਾ ਦੇਣਾ ਅਤੇ ਨਾ ਹੀ ਆਡਿਟ ਹੋਣਾ ਸਿਰੇ ਦੇ ਭ੍ਰਿਸ਼ਟਾਚਾਰ ਦੀ ਮਿਸਾਲ ਹੈ। ਇਸ ਲਈ ਸਾਰੀਆਂ ਪਾਰਟੀਆਂ ਵੱਲੋਂ ਇੱਕ-ਮੁੱਠ ਅਵਾਜ ਚੁੱਕਣਾ ਅਤਿ ਜ਼ਰੂਰੀ ਹੈ ਤੇ 2024 ਵਿਚ ਭਾਜਪਾ ਨੂੰ ਰੋਕਣਾ ਪਰਮ ਕਰਤੱਵ ਹੈ।

ਇਹ ਚੰਗੀ ਗੱਲ ਹੈ ਕਿ ਲੱਗਭੱਗ ਸਾਰੀਆਂ ਖੱਬੀਆਂ ਧਿਰਾਂ ਵੀ ਇਸ ਗੱਲ ਨੂੰ ਸਮਝੀਆਂ ਹਨ ਕਿ ਜੇਕਰ ਕਾਰਪੋਰੇਟ ਪੱਖੀ, ਧਾਰਮਿਕ ਕੱਟੜਵਾਦੀ ਤੇ ਫਾਸ਼ੀਵਾਦੀ ਸਰਕਾਰ ਦੇ ਵਿਰੁੱਧ ਲੜਨਾ ਹੈ ਤਾਂ ਇੱਕਮੁੱਠ ਹੋ ਕੇ ਵਿਸ਼ਾਲ ਮੋਰਚਾ ਉਸਾਰ ਕੇ ਲੜਨਾ ਪਵੇਗਾ। ਦੇਰ ਆਏ ਦਰੁਸਤ ਆਏ, ਪਰ ਇਤਿਹਾਸ ਵਿਚ ਜੇਕਰ ਖੱਬੀ ਧਿਰ ਨਾ ਟੁਟਦੀ ਤੇ ਪਾਟੋ-ਧਾੜ ਨਾ ਹੋਈ ਹੁੰਦੀ ਤਾਂ ਦੇਸ਼ ਦੀ ਰਾਜਨੀਤਕ ਸਥਿਤੀ ਇਸ ਨੀਵੇਂ ਪੱਧਰ ਦੀ ਨਹੀਂ ਸੀ ਹੋਣੀ, ਪਰ ਅੱਜ ਮਜ਼ਬੂਤ ਲੋਕ ਪੱਖੀ ਵਿਚਾਰ ਵਾਲੀ ਧਿਰ ਹੋਣ ਦੇ ਬਾਵਜੂਦ ਖੱਬੀ ਧਿਰ ਹਾਸ਼ੀਏ ’ਤੇ ਬੈਠੀ ਹੈ। ਚਲੋ ਚੰਗੀ ਗੱਲ ਹੈ ਕਿ ਵੱਖਰੀਆਂ ਹੋਈਆਂ ਅਨੇਕਾਂ ਖੱਬੀਆਂ ਧਿਰਾਂ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਹੈ। ਅੱਜ ਸ਼ਾਇਦ ਇਨ੍ਹਾਂ ਗੱਲਾਂ ਬਾਰੇ ਚਰਚਾ ਕਰਨ ਦਾ ਸਮਾਂ ਨਹੀਂ। ਅੱਜ ਤਾਂ ਇਸ ਗੱਲ ਤੇ ਵਿਚਾਰ ਕਰਨਾ ਜ਼ਰੂਰੀ ਹੈ ਕਿ ਉਪਰੋਕਤ ਸਾਰੀ ਪਹੁੰਚ ਨੂੰ ਅਮਲੀ ਜਾਮਾ ਕਿਵੇਂ ਪਹਿਨਾਇਆ ਜਾਵੇ ਤੇ ਆਰ.ਐਸ.ਐਸ ਅਤੇ ਭਾਜਪਾ ਵਲੋਂ ਜੋ ਗੈਰ ਜ਼ਰੂਰੀ ਮੁੱਦਿਆਂ ਤੇ ਬੇਮਤਲਬੀ ਚਰਚਾ ਛੇੜੀ ਜਾ ਰਹੀ ਹੈ ਤੇ ਮੀਡੀਆ ਰਾਹੀਂ ਉਭਾਰੀ ਜਾ ਰਹੀ ਹੈ, ਉਸਨੂੰ ਲੋਕ ਪੱਖੀ ਵਿਸ਼ਿਆਂ ਦੀ ਚਰਚਾ ਵਿਚ ਕਿਵੇਂ ਬਦਲਿਆ ਜਾਵੇ।

ਮੌਜੂਦਾ ਰਾਜ ਤੰਤਰ ਪੂਰੀ ਤਰ੍ਹਾਂ ਕੱਟੜਵਾਦ ਨੂੰ ਵਧਾ ਰਿਹਾ ਹੈ ਅਤੇ ਧਾਰਮਕ ਭੇਦਭਾਵ ਵਰਤ ਕੇ ਆਪਣੀ ਸੱਤਾ ਨੂੰ ਜਾਰੀ ਰੱਖਣਾ ਚਾਹੁੰਦਾ ਹੈ। ਇਸ ਲਈ ਇਹ ਸਮਾਂ ਵਿਹਾ ਚੁੱਕੀ ਬ੍ਰਾਹਮਣਵਾਦੀ ਤੇ ਮੰਨੂਵਾਦੀ ਸੋਚ ਨੂੰ ਬੜੇ ਸ਼ਾਤਰਾਨਾ ਢੰਗ ਨਾਲ ਪ੍ਰਚਾਰਨ ਵਿਚ ਲੱਗਿਆ ਹੋਇਆ ਹੈ। ਆਪਣੀਆਂ ਅਸਫ਼ਲਤਾਵਾਂ ਨੂੰ ਲੁਕਾਉਣ ਦਾ ਇਸ ਤੋਂ ਵਧੀਆ ਹੋਰ ਕੋਈ ਤਰੀਕਾ ਇਹਨਾਂ ਕੋਲ ਨਹੀਂ ਹੈ।

ਇਹ ਗੱਲ ਤਾਂ ਹੁਣ ਸਾਫ ਹੋ ਗਈ ਹੈ ਕਿ ਜਦੋਂ ਤੋਂ ਮੌਜੂਦਾ ਸਰਕਾਰ ਸੱਤਾ ਵਿੱਚ ਆਈ ਹੈ ਆਰਥਕ ਸੰਕਟ ਵਿੱਚ ਵਾਧਾ ਹੋਇਆ ਹੈ। ਬੇਰੁਜ਼ਗਾਰੀ ਅਤੇ ਮਹਿੰਗਾਈ ਦੀ ਦਰ ਵਧ ਰਹੀ ਹੈ; ਗੁਣਵੱਤਕ ਸਿੱਖਿਆ ਤੇ ਸਿਹਤ ਸੇਵਾਵਾਂ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਹਨ। ਖੇਤ ਮਜ਼ਦੂਰਾਂ ਅਤੇ ਕਿਸਾਨਾਂ ਵਿੱਚ ਆਤਮ ਹੱਤਿਆਵਾਂ ਦੀ ਦਰ ਬਹੁਤ ਵਧ ਗਈ ਹੈ, ਜੋ ਕਿ ਉਨ੍ਹਾਂ ਦੇ ਵਿਚ ਆਰਥਕ ਸੰਕਟ ਨੂੰ ਸਾਫ-ਸਾਫ ਦਰਸਾਉਂਦੀ ਹੈ। ਛੋਟੇ ਉਦਯੋਗ ਵੀ ਇਸ ਸੰਕਟ ਤੋਂ ਬਚੇ ਨਹੀਂ ਹਨ। ਸਾਡਾ ਵਿਸ਼ਾਲ ਦੇਸ਼ ਵਿਕਾਸ ਦੇ ਅਨੇਕਾਂ ਸੂਚਕ ਅੰਕਾਂ ਵਿਚ ਗੁਆਂਢੀ ਦੇਸ਼ਾਂ ਨਾਲੋਂ ਵੀ ਪਛੜ ਗਿਆ ਹੈ, ਪਰ ਫਿਰ ਵੀ ਇਹ ਸਰਕਾਰ ਕਾਰਪੋਰੇਟ ਪੱਖੀ ਨੀਤੀਆਂ ਅਪਣਾ ਕੇ ਦੇਸ਼ ਦੀ ਆਰਥਿਕਤਾ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਰਹੀ ਹੈ। ਆਰ.ਐੱਸ.ਐੱਸ ਦੇ ਗੁਰੂ ਗੋਲਵਲਕਰ ਦੇ ਉਸ ਕਥਨ, ‘ਜੇਕਰ ਸੱਤਾ ਵਿਚ ਲਗਾਤਾਰ ਕਾਬਜ਼ ਰਹਿਣਾ ਹੈ ਤਾਂ ਦੇਸ ਦੀ ਸੰਪਤੀ ਨੂੰ ਚਾਰ-ਪੰਜ ਘਰਾਣਿਆਂ ਨੂੰ ਸੌਂਪ ਦਿਓ ਅਤੇ 95 ਫੀਸਦੀ ਜਨਤਾ ਨੂੰ ਕੰਗਾਲ ਬਣਾ ਦਿਉ’, ਨੂੰ ਅੱਜ ਇਸ ਸਰਕਾਰ ਵੱਲੋਂ ਅਮਲ ਵਿਚ ਲਿਆਂਦਾ ਜਾ ਰਿਹਾ ਹੈ।

ਸੱਤਾ ਵਿਚ ਕਾਇਮ ਰਹਿਣ ਲਈ ਇਹ ਸਰਕਾਰ ਸਾਮ - ਦਾਮ- ਦੰਡ- ਭੇਦ ਦੀ ਨੀਤੀ ਅਪਣਾ ਕੇ ਵਿਰੋਧੀਆਂ ਦੇ ਉਪਰ ਲਗਾਤਾਰ ਛਾਪੇ ਮਾਰ ਰਹੀ ਹੈ ਤੇ ਮੀਡੀਆ ਤੰਤਰ ਰਾਹੀਂ ਬਦਨਾਮ ਕਰਨ ’ਤੇ ਲੱਗੀ ਹੋਈ ਹੈ। ਵਿਰੋਧੀ ਭਾਵੇਂ ਕਿਸੇ ਵੀ ਧਰਮ ਜਾਂ ਫਿਰਕੇ ਦੇ ਹੋਣ, ਪਰ ਸਰਕਾਰ ਦੇ ਉਲਟ ਵਿਚਾਰਧਾਰਾ ਰੱਖਦੇ ਹੋਣ। ਹਾਂ, ਇਹ ਗੱਲ ਜ਼ਰੂਰ ਹੈ ਕਿ ਘੱਟ ਗਿਣਤੀਆਂ ’ਤੇ ਹਮਲੇ ਕਿਤੇ ਵਧ ਹਨ। ਉਨ੍ਹਾਂ ਨੂੰ ਦਬਾਇਆ ਵੀ ਜਾ ਰਿਹਾ ਹੈ ਤੇ ਉਹਨਾਂ ਦੀ ਆਰਥਿਕਤਾ ਨੂੰ ਵੀ ਸੱਟ ਮਾਰੀ ਜਾ ਰਹੀ ਹੈ। ਦਲਿਤਾਂ ਜਾਂ ਇਸਤਰੀਆਂ ਦੀ ਹਾਲਤ ਵੀ ਚੰਗੀ ਨਹੀਂ। ਹਿੰਦੂ ਰਾਸ਼ਟਰ ਦੇ ਨਿਸ਼ਾਨੇ ਦੀ ਪੂਰਤੀ ਲਈ ਹਿੰਦੂ ਧਰਮ ਦੀ ਵਿਆਖਿਆ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ, ਇੱਥੋਂ ਤੱਕ ਕਿ ਮੰਨੂ ਸਮਰਿਤੀ ਲਾਗੂ ਕਰਨ ਦੀ ਗੱਲ ਵੀ ਕਿਸੇ ਨਾ ਕਿਸੇ ਦੇ ਮੂੰਹੋਂ ਕਹਾਈ ਜਾ ਰਹੀ ਹੈ। ਸਾਡੇ ਦੇਸ਼ ਦੇ ਮਹਾਨ ਦਾਰਸ਼ਨਿਕਾਂ ਵਿਵੇਕਾਨੰਦ ਤੇ ਰਬਿੰਦਰਨਾਥ ਟੈਗੋਰ ਨੇ ਹਿੰਦੂ ਧਰਮ ਦੀ ਵਿਆਖਿਆ ਵਿਚ ਦੂਸਰੇ ਧਰਮਾਂ ਦੇ ਆਗੂਆਂ ਦੇ ਆਦਰ-ਸਤਿਕਾਰ ’ਤੇ ਜ਼ੋਰ ਦਿੱਤਾ ਸੀ। ਸਵਾਮੀ ਵਿਵੇਕਾਨੰਦ ਨੇ ਸ਼ਿਕਾਗੋ ਵਿਚ ਦਿੱਤੇ ਭਾਸ਼ਣ ਵਿਚ ਕਿਹਾ ਸੀ ਕਿ ਮੈਨੂੰ ਇੱਕ ਅਜਿਹੇ ਧਰਮ ਨਾਲ ਸਬੰਧਤ ਹੋਣ ’ਤੇ ਮਾਣ ਹੈ, ਜਿਸ ਨੇ ਵਿਸ਼ਵ ਨੂੰ ਸਹਿਣਸ਼ੀਲਤਾ ਅਤੇ ਵਿਸ਼ਵਵਿਆਪੀ ਸਵੀਕਰਿਤੀ ਦੀ ਸਿੱਖਿਆ ਦਿੱਤੀ ਹੈ। ਅਸੀਂ ਸਾਰੇ ਧਰਮਾਂ ਨੂੰ ਸੱਚ ਮੰਨਦੇ ਹਾਂ। ਮੈਨੂੰ ਇੱਕ ਅਜਿਹੀ ਕੌਮ ਨਾਲ ਸਬੰਧਤ ਹੋਣ ’ਤੇ ਮਾਣ ਹੈ, ਜਿਸ ਨੇ ਸਾਰੇ ਸਤਾਏ ਹੋਏ ਲੋਕਾਂ ਦੀ ਰੱਖਿਆ ਕੀਤੀ ਹੈ। ਉਹਨਾ ਅੱਗੇ ਕਿਹਾ ਕਿ “ਸੰਪਰਦਾਇਕਤਾ, ਦੂਜੇ ਧਰਮਾਂ ਪ੍ਰਤੀ ਨਫ਼ਰਤ, ਅਤੇ ਇਸਦੇ ਭਿਆਨਕ ਉੱਤਰਾਧਿਕਾਰੀ ਕੱਟੜਵਾਦ ਲੰਬੇ ਸਮੇਂ ਤੋਂ ਇਸ ਸੁੰਦਰ ਧਰਤੀ ‘ਤੇ ਕਾਬਜ ਹਨ। ਇਨ੍ਹਾਂ ਨੇ ਧਰਤੀ ਨੂੰ ਅਨੇਕਾਂ ਵਾਰ ਹਿੰਸਾ ਨਾਲ ਭਰ ਦਿੱਤਾ ਹੈ, ਅਕਸਰ ਮਨੁੱਖੀ ਖ਼ੂਨ ਨਾਲ ਭਿਉਇਆ ਹੈ ਅਤੇ ਮਨੁੱਖੀ ਸਭਿਅਤਾ ਨੂੰ ਤਬਾਹ ਕੀਤਾ ਹੈ। ਮਹਾਂਕਵੀ ਰਵਿੰਦਰਨਾਥ ਟੈਗੋਰ ਨੇ ਕਿਹਾ ਸੀ ਕਿ ਸਾਨੂੰ ਅਜਿਹੇ ਦੇਸ ਵਿੱਚ ਜਾਗਣਾ ਚਾਹੀਦਾ ਹੈ ਜਿੱਥੇ ਡਰ ਨਾਂ ਹੋਵੇ; ਸਾਨੂੰ ਲੋਕਾਂ ਨੂੰ ਡਰ ਵਿੱਚ ਨਹੀਂ ਪਾਉਣਾ ਚਾਹੀਦਾ।



ਖੱਬੀ ਧਿਰ ਦੇ ਸਾਹਮਣੇ ਅੱਜ ਇਨ੍ਹਾਂ ਸਭ ਮਸਲਿਆਂ ਤੇ ਚਿੰਤਨ ਕਰ ਕੇ ਘੱਟੋ-ਘੱਟ ਸਾਂਝਾ ਪ੍ਰੋਗ੍ਰਾਮ ਬਣਾਉਣ ਅਤੇ ਵਿਸ਼ਾਲ ਏਕਾ ਉਸਾਰਨ ਦੀ ਲੋੜ ਹੈ। ਇਸ ਪ੍ਰੋਗਰਾਮ ਵਿਚ ਇਸ ਸਰਕਾਰ ਦੀਆਂ ਅਸਫਲਤਾਵਾਂ ਨੂੰ ਕੇਵਲ ਦੱਸਣਾ ਹੀ ਨਹੀਂ, ਸਗੋਂ ਉਨ੍ਹਾਂ ਦੇ ਕਾਰਨਾਂ ਦੀ ਵਿਆਖਿਆ ਕਰਨਾ ਅਤੇ ਬਦਲਵੇਂ ਹੱਲ ਦੱਸਣੇ ਵੀ ਜ਼ਰੂਰੀ ਹਨ, ਨਹੀਂ ਤਾਂ ਲੋਕ ਆਖਦੇ ਹਨ ਕਿ ਤੁਸੀਂ ਕੇਵਲ ਆਲੋਚਨਾ ਹੀ ਕਰਦੇ ਹੋ, ਬਦਲ ਤੇ ਹੱਲ ਵੀ ਦੱਸੋ ! ਇਸ ਲਈ ਸਾਨੂੰ ਮਜ਼ਬੂਤ ਰਾਜਨੀਤਕ ਅੰਦੋਲਨ ਚਲਾਉਣੇ ਪੈਣਗੇ। ਇਹਨਾਂ ਸਾਰੇ ਅੰਦੋਲਨਾਂ ਵਿੱਚ ਸਾਡਾ ਮੁਢਲਾ ਹਰਿਆਵਲ ਦਸਤਾ ਮਜ਼ਦੂਰ ਜਮਾਤ ਹੈ, ਜਿਸ ਨੂੰ ਆਪਸ ਵਿਚ ਜੋੜ ਕੇ ਰੱਖਣਾ ਜ਼ਰੂਰੀ ਹੈ। ਮੌਜੂਦਾ ਰਾਜਤੰਤਰ ਕਾਮਿਆਂ ਦੇ ਵਿਚ ਧਰਮ ਅਤੇ ਜਾਤ ਦੇ ਅਧਾਰ ’ਤੇ ਵੰਡੀਆਂ ਪਾਉਣ ਦੀਆਂ ਲਗਾਤਾਰ ਸਾਜ਼ਿਸ਼ਾਂ ਰਚ ਰਿਹਾ ਹੈ। ਉਹਨਾਂ ਦੀਆਂ ਸਾਜ਼ਸ਼ਾਂ ਨੂੰ ਅਸਫ਼ਲ ਕਰਨ ਲਈ ਸਾਨੂੰ ਸਦਭਾਵਨਾ ਬਣਾਈ ਰੱਖਣ ਦੀ ਗੱਲ ਜ਼ੋਰ ਨਾਲ ਉਭਾਰਨੀ ਪਏਗੀ ਅਤੇ ਉਸ ਦੇ ਲਈ ਇਸ ਸਰਕਾਰ ਦੀਆਂ ਨੀਤੀਆਂ ਦੀ ਪੋਲ ਜ਼ੋਰ ਦੇ ਕੇ ਲੋਕਾਂ ਵਿੱਚ ਖੋਲ੍ਹਣੀ ਪਵੇਗੀ । ਇਹ ਲੋਕ ਹਿੰਦੂ ਧਰਮ ਦੇ ਵੀ ਦੋਖੀ ਹਨ, ਲੋਕਾਂ ਨੂੰ ਇਹ ਸਮਝਾਉਣਾ ਜ਼ਰੂਰੀ ਹੈ। ਦੂਸਰੇ ਧਰਮਾਂ ਦੇ ਵਿਚ ਫੈਲਾਏ ਜਾ ਰਹੇ ਧਾਰਮਕ ਕੱਟੜਵਾਦ ਨੂੰ ਵੀ ਬਰਾਬਰੀ ਦੇ ਹਿਸਾਬ ਨਾਲ ਨਿੰਦਣਾ ਜ਼ਰੂਰੀ ਹੈ। ਕੱਟੜਵਾਦ ਕੋਈ ਵੀ ਹੋਵੇ ਮਾੜਾ ਹੈ। ਪੰਜਾਬ ਵਿਚ ਭਾਰਤੀ ਕਮਿਊਨਿਸਟ ਪਾਰਟੀ ਨੇ ‘ਨਾ ਹਿੰਦੂ ਰਾਜ ਨਾ ਖਾਲਿਸਤਾਨ’ ਦਾ ਨਾਅਰਾ ਦੇ ਕੇ ਸਿੱਖਾਂ ਦੇ ਇਕ ਹਿੱਸੇ ਵੱਲੋਂ ਫੈਲਾਏ ਜਾ ਰਹੇ ਕੱਟੜਵਾਦ ਨੂੰ ਨਿੰਦਿਆ ਅਤੇ ਸਿੱਖ ਧਰਮ ਦੀ ਸਹੀ ਢੰਗ ਨਾਲ ਵਿਆਖਿਆ ਕੀਤੀ, ਜਿਸ ਦਾ ਹੌਲੀ-ਹੌਲੀ ਅਸਰ ਹੋਇਆ।

ਮੌਜੂਦਾ ਰਾਜ ਤੰਤਰ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਵਿਚ ਲੱਗਿਆ ਹੋਇਆ ਹੈ, ਜੋ ਸੰਘਰਸ ਇਸ ਦੇਸ ਦੇ ਲੋਕਾਂ ਨੇ ਕੀਤੇ, ਉਸ ਨੂੰ ਲੋਕਾਂ ਦੇ ਮਨਾਂ ਵਿਚੋਂ ਭੁਲਾ ਦੇਣਾ ਚਾਹੁੰਦਾ ਹੈ ਤੇ ਗਲਤ ਕਿਸਮ ਦੀਆਂ ਧਾਰਨਾਵਾਂ ਲੋਕਾਂ ਦੇ ਦਿਮਾਗ ਵਿੱਚ ਬਿਠਾ ਕੇ ਉਹਨਾਂ ਨੂੰ ਸੱਚ ਸਾਬਤ ਕਰਨ ’ਤੇ ਤੁਲਿਆ ਹੋਇਆ ਹੈ, ਤਾਂ ਕਿ ਲੋਕ ਇਹਨਾਂ ਦੇ ਝੂਠ ਨੂੰ ਹੀ ਸੱਚ ਸਮਝ ਲੈਣ। ਇਸ ਲਈ ਇਤਿਹਾਸਕ ਘਟਨਾਵਾਂ ਦੀ ਸਹੀ ਵਿਆਖਿਆ ਕਰਨਾ, ਅਜ਼ਾਦੀ ਦੇ ਸੰਘਰਸ਼ ਦੌਰਾਨ ਤੇ ਉਪਰੰਤ ਕਮਿਊਨਿਸਟਾਂ ਤੋਂ ਇਲਾਵਾ ਹੋਰਨਾਂ ਦੀ ਭੂਮਿਕਾ ਬਾਰੇ ਦੱਸਣਾ ਬਹੁਤ ਜ਼ਰੂਰੀ ਹੈ। ਨਾਲ ਹੀ ਆਰ.ਐੱਸ.ਐੱਸ ਦੀ ਅਜ਼ਾਦੀ ਦੇ ਸੰਘਰਸ਼ ਦੌਰਾਨ ਅੰਗਰੇਜ਼ੀ ਸਾਮਰਾਜ ਦੇ ਨਾਲ ਗੰਢਤੁੱਪ ਬਾਰੇ ਵਿਆਖਿਆ ਕਰਨੀ ਜ਼ਰੂਰੀ ਹੈ। ਇਹਨਾਂ ਵੱਲੋਂ ਫ਼ਿਰਕੂ ਜ਼ਹਿਰ ਫੈਲਾਉਣ ਤੇ ਦੇਸ਼ ਦੇ ਪਹਿਲੇ ਗ੍ਰਹਿ ਮੰਤਰੀ ਸਰਦਾਰ ਪਟੇਲ ਵੱਲੋਂ ਆਰ.ਐਸ .ਐਸ ’ਤੇ ਪਾਬੰਦੀ ਲਗਾਉਣ ਦੀ ਵਿਆਖਿਆ ਕਰਨੀ ਜ਼ਰੂਰੀ ਹੈ।

ਸ਼ਹੀਦ ਭਗਤ ਸਿੰਘ ਨੇ ਇਹਨਾਂ ਫ਼ਿਰਕਾਪ੍ਰਸਤਾਂ ਦੇ ਖ਼ਿਲਾਫ਼ ਬੇਕਿਰਕ ਲੜਾਈ ਦਿੱਤੀ ਸੀ। ਦੇਸ਼ ਦੇ ਨਾਇਕਾਂ ਸ਼ਹੀਦ ਭਗਤ ਸਿੰਘ, ਸੁਭਾਸ਼ ਚੰਦਰ ਬੋਸ, ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਭੀਮ ਰਾਓ ਅੰਬੇਦਕਰ ਤੇ ਵਿਗਿਆਨਕ ਸੋਚ ਨੂੰ ਪ੍ਰਣਾਈ ਕਮਿਊਨਿਸਟ ਪਾਰਟੀ ਦੀ ਸੋਚ ’ਤੇ ਅਧਾਰਤ, ਧਰਮ-ਨਿਰਪੱਖਤਾ ਤੇ ਲੋਕਤੰਤਰ ਵਾਲੇ ਸੰਵਿਧਾਨ ਦੀ ਰੱਖਿਆ ਕਰਕੇ ਇੱਕ ਮਜ਼ਬੂਤ ਭਾਰਤ ਉਸਾਰਨਾ ਸਮੇਂ ਦੀ ਮੰਗ ਹੈ। ਇਹਨਾਂ ਗੱਲਾਂ ਨੂੰ ਕਿੰਝ ਲੋਕਾਂ ਤੱਕ ਲੈ ਕੇ ਜਾਣਾ ਹੈ, ਇਹ ਸਾਡੀ ਮਹਾਰਤ ’ਤੇ ਨਿਰਭਰ ਹੈ। ਦੇਸ਼ ਵਿਚ ਫੈਲੀ ਬੇਰੁਜ਼ਗਾਰੀ, ਮਹਿੰਗਾਈ ਤੇ ਹੋਰ ਮਸਲਿਆਂ ਨੂੰ ਲੈ ਕੇ ਆਵਾਜ਼ ਬੁਲੰਦ ਕਰਨ ਲਈ ਸਮਾਜਿਕ ਸਦਭਾਵਨਾ ਨੂੰ ਉਭਾਰ ਕੇ ਵਿਸ਼ਾਲ ਰਾਜਨੀਤਕ ਮੋਰਚਾ ਉਭਾਰਨ ਵਿਚ ਛੋਟੇ ਹੋਣ ਦੇ ਬਾਵਜੂਦ ਕਮਿਊਨਿਸਟ ਅਗਵਾਈ ਦੇ ਸਕਦੇ ਹਨ।

# ਸੰਪਰਕ : 94170-00360

# ਅਮਾਨਤ ’ਚ ਖਿਆਨਤ ਨਹੀਂ—ਭੁੱਲੇ ਵਿਸਰੇ ਸਮੇਂ ਦੀਆਂ ਗੱਲਾਂ

ਕੋਈ ਜ਼ਮਾਨਾ ਸੀ ਲੋਕ ਦੂਜੇ ਲੋਕਾਂ ਦੁਆਰਾ ਰੱਖੀ ਅਮਾਨਤ ਵਿੱਚ ਖਿਆਨਤ ਨਹੀਂ ਸਨ ਕਰਦੇ। ਜਿਨ੍ਹਾਂ ਲੋਕਾਂ ਕੋਲ ਥੋੜ੍ਹੀ ਬਹੁਤ ਨਕਦੀ ਜਾਂ ਗਹਿਣਾ-ਗੱਟਾ ਔਖੇ ਵੇਲੇ ਲਈ ਸੰਭਾਲ ਕੇ ਰੱਖਿਆ ਹੁੰਦਾ, ਉਹ ਚੋਰੀ-ਚਕਾਰੀ ਦੇ ਡਰੋਂ ਕਿਸੇ ਤਕੜੇ ਸ਼ਾਹੂਕਾਰ ਜਾਂ ਜ਼ਿੰਮੀਂਦਾਰ ਕੋਲ ਅਮਾਨਤ ਦੇ ਤੌਰ ’ਤੇ ਰੱਖ ਦਿੰਦੇ ਤਾਂ ਕਿ ਲੋੜ ਪੈਣ ਉੱਤੇ ਉਹ ਅਮਾਨਤ ਉਨ੍ਹਾਂ ਨੂੰ ਮਿਲ ਸਕੇ। ਉਨ੍ਹਾਂ ਸਮਿਆਂ ਵਿੱਚ ਬੈਂਕ ਟਾਵੇਂ-ਟਾਵੇਂ ਕਿਤੇ ਵੱਡੇ ਸ਼ਹਿਰਾਂ ਵਿੱਚ ਹੁੰਦੇ ਸਨ ਤੇ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੇ ਸਨ । ਲੋਕ ਇੱਕ-ਦੂਜੇ ਉੱਤੇ ਵਿਸ਼ਵਾਸ ਕਰਦੇ ਸਨ ਤੇ ਉੱਚੀਆਂ ਕਦਰਾਂ-ਕੀਮਤਾਂ ਦੇ ਮਾਲਕ ਸਨ। ਕੁੱਝ ਅਪਵਾਦ ਨੂੰ ਛੱਡ ਕੇ ਲੋਕ ਅਮਾਨਤ ਵਿੱਚ ਖਿਆਨਤ ਨਹੀਂ ਕਰਦੇ ਸਨ। ਪੰਜਾਬ ਦੇ ਬਟਵਾਰੇ ਵਕਤ ਉਜੜਨ ਵੇਲੇ ਆਪਣੀਆਂ ਨਾਲ ਨਾ ਲਿਜਾ ਸਕਣ ਵਾਲੀਆਂ ਅਮਾਨਤਾਂ ਦੂਸਰੇ ਫਿਰਕੇ ਵਾਲਿਆਂ ਕੋਲ ਇਸ ਵਿਸ਼ਵਾਸ ਨਾਲ ਰੱਖ ਕੇ ਆ ਗਏ ਕਿ ਜੇਕਰ ਦੁਬਾਰਾ ਮੇਲ ਹੋਇਆ ਤਾਂ ਹਾਸਲ ਕਰ ਲੈਣਗੇ। ਉਨ੍ਹਾਂ ਲੋਕਾਂ ਨੇ ਸਾਲਾਂਬੱਧੀ ਉਹ ਅਮਾਨਤਾਂ ਸੰਭਾਲ ਕੇ ਰੱਖੀਆਂ, ਪਰ ਜਦੋਂ ਕੋਈ ਵਾਪਸ ਲੈਣ ਵਾਲਾ ਨਾ ਬਹੁੜਿਆ ਜਾਂ ਕਤਲੇਆਮ ਵਿੱਚ ਕਿਤੇ ਮਾਰਿਆ ਗਿਆ ਤਾਂ ਉਹ ਅਮਾਨਤਾਂ ਉਨ੍ਹਾਂ ਲੋਕਾਂ ਨੇ ਸਰਕਾਰ ਦੇ ਸਪੁਰਦ ਕਰ ਦਿੱਤੀਆਂ, ਪ੍ਰੰਤੂ ਦੱਬੀਆਂ ਨਹੀਂ। ਇੱਕ-ਦੂਜੇ ਕੋਲ ਅਮਾਨਤਾਂ ਰੱਖਣ ਦਾ ਸ਼ਿਸ਼ਟਾਚਾਰ ਦਹਾਕਿਆਂ ਤੱਕ ਕਾਇਮ ਰਿਹਾ।

ਪਰ ਜੇਕਰ ਅੱਜ ਦੇ ਜ਼ਮਾਨੇ ਦੀ ਗੱਲ ਕਰਦੇ ਹਾਂ ਤਾਂ ਸਮਾਂ ਕੁੱਝ ਹੋਰ ਤਰ੍ਹਾਂ ਦਾ ਹੋ ਗਿਆ ਹੈ। ਬੈਂਕਾਂ ਦੇ ਪਸਾਰੇ ਕਰਕੇ ਲੋਕਾਂ ਨੇ ਆਪਣੀਆਂ ਅਮਾਨਤਾਂ ਬੈਂਕਾਂ ਵਿਚ ਜਮ੍ਹਾਂ ਕਰਵਾਉਣੀਆਂ ਸ਼ੁਰੂ ਕਰ ਦਿੱਤੀਆਂ, ਪਰ ਪਿੱਛੇ ਜਿਹੇ ਪ੍ਰਾਈਵੇਟ ਬੈਂਕਾਂ ਨੇ (ਸਰਕਾਰੀ ਬੈਂਕਾਂ ਨੂੰ ਛੱਡ ਕੇ) ਦੀਵਾਲੀਆਪਨ ਦਿਖਾ ਕੇ ਅਮਾਨਤਾਂ ਕਢਵਾਉਣ ਤੋਂ ਨਾਂਹ ਕਰ ਦਿੱਤੀ। ਸਰਕਾਰੀ ਦਖ਼ਲ ਨਾਲ ਲੋਕਾਂ ਦਾ ਪੈਸਾ ਮਹਿਫੂਜ਼ ਤਾਂ ਹੋ ਗਿਆ, ਪਰ ਪੂਰਾ ਅਜੇ ਤੱਕ ਨਹੀਂ ਮਿਲਿਆ। ਇਸੇ ਤਰ੍ਹਾਂ ਪੌਂਜੀ ਸਕੀਮਾਂ ਵਾਲੀਆਂ ਕੰਪਨੀਆਂ ਨੇ ਲੋਕਾਂ ਦੀਆਂ ਅਮਾਨਤਾਂ ਖੁਰਦ-ਬੁਰਦ ਕਰ ਦਿੱਤੀਆਂ, ਲੋਕ ਭਟਕਦੇ ਫਿਰਦੇ ਰਹੇ, ਉਨ੍ਹਾਂ ਨੂੰ ਕੁੱਝ ਨਹੀਂ ਮਿਲਿਆ। ਕੁੱਝ ਲੋਕਾਂ ਨੇ ਇਨਸਾਨੀਅਤ ਦੀਆਂ ਕਦਰਾਂ-ਕੀਮਤਾਂ ਦੀ ਐਨੀ ਦੁਰਦਸ਼ਾ ਕਰ ਦਿੱਤੀ ਹੈ ਕਿ ਹਰ ਕੋਈ ਇੱਕ-ਦੂਜੇ ’ਤੇ ਵਿਸ਼ਵਾਸ ਕਰਨੋਂ ਹਟ ਗਿਆ। ਅੱਜ-ਕੱਲ੍ਹ ਵੀ ਕੁੱਝ ਅਜਿਹਾ ਹੀ ਵਾਪਰ ਰਿਹਾ ਹੈ। ਕੁੱਝ ਕੁ ਲੋਕ ਬੈਂਕਾਂ ਵਿੱਚ ਦਸਖਤ ਅੰਗੂਠਾ ਕਰਕੇ ਵੀ ਲਏ ਪੈਸੇ ਮੁੱਕਰ ਜਾਂਦੇ ਹਨ। ਕੁੱਝ ਵੱਡੇ-ਵੱਡੇ ਕਾਰਪੋਰੇਟ ਘਰਾਣੇ ਹਜ਼ਾਰਾਂ ਕਰੋੜ ਰੁਪਏ ਬੈਂਕਾਂ ਦੇ ਡਕਾਰ ਮਾਰ ਕੇ ਵਿਦੇਸ਼ ਚਲੇ ਗਏ ਤੇ ਬੈਂਕਾਂ ਦੀ ਹਾਲਤ ਪਤਲੀ ਕਰ ਦਿੱਤੀ।


ਸੁਰਿੰਦਰ ਸ਼ਰਮਾ ਨਾਗਰਾ

ਇਸੇ ਤਰ੍ਹਾਂ ਲੋਕ ਲੋੜ ਪੈਣ ’ਤੇ ਰਿਸ਼ਤੇਦਾਰਾਂ ਤੋਂ ਹੱਥ ਉਧਾਰ ਲੈ ਕੇ ਵੀ ਆਊਂ-ਗਾਊਂ ਕਰ ਦਿੰਦੇਂ ਹਨ ਅਰਥਾਤ ਮੁੱਕਰ ਜਾਂਦੇ ਹਨ। ਇਸ ਤਰ੍ਹਾਂ ਅਮਾਨਤ ਵਿੱਚ ਖਿਆਨਤ ਕਰਨੀ ਆਮ ਜਿਹੀ ਗੱਲ ਹੋ ਗਈ ਹੈ।

ਪਰ ਇਮਾਨਦਾਰ ਅਤੇ ਵਿਸ਼ਵਾਸਯੋਗ ਬੰਦਿਆਂ ਦੀ ਅੱਜ ਵੀ ਕਮੀ ਨਹੀਂ ਹੈ। 1997-98 ਵਿੱਚ ਮੈਂ ਇੱਕ ਕਸਬੇ ਦੀ ਬੈਂਕ ਬਰਾਂਚ ਵਿੱਚ ਤਾਇਨਾਤ ਸੀ। ਸਾਡਾ ਬੈਂਕ ਕਿਸਾਨਾਂ ਅਤੇ ਆੜ੍ਹਤੀਆਂ ਨਾਲ ਖੁੱਲ੍ਹੇ ਦਿਲ ਨਾਲ ਲੈਣ-ਦੇਣ ਕਰਦਾ ਸੀ, ਇਸ ਕਰਕੇ ਸਾਡਾ ਆੜ੍ਹਤੀਆਂ ਨਾਲ ਵਧੀਆ ਵਾਹ-ਵਾਸਤਾ ਰਹਿੰਦਾ ਸੀ। ਮੇਰੇ ਪਾਸ ਪੰਡਤ ਰਾਮ ਕਿਸ਼ਨ ਜੀ ਕਾਫੀ ਧੜੱਲੇਦਾਰ ਤੇ ਮਸ਼ਹੂਰ ਆੜ੍ਹਤੀ ਬੈਂਕ ਆਉਂਦੇ ਰਹਿੰਦੇ ਸਨ : ਬਹੁਤ ਹੀ ਨੇਕ ਤੇ ਸ਼ਰੀਫ ਇਨਸਾਨ ਸਨ। ਕਾਰੋਬਾਰ ਤਾਂ ਉਨ੍ਹਾਂ ਦਾ ਮੁੰਡਾ ਕਰਦਾ ਸੀ, ਪਰ ਉਹ ਪ੍ਰੇਮ ਭਾਵ ਕਰਕੇ ਕਦੇ-ਕਦੇ ਗੇੜਾ ਮਾਰਦੇ ਰਹਿੰਦੇ ਸਨ। ਉਨ੍ਹਾਂ ਨਾਲ ਦੂਰੋਂ-ਨੇੜਿਉਂ ਰਿਸ਼ਤੇਦਾਰੀ ਵੀ ਭਿੜਦੀ ਸੀ।

ਇੱਕ ਦਿਨ ਬੈਂਕ ਖੁੱਲ੍ਹਦੇ ਸਾਰ ਉਹ ਆਏ। ਮੈਂ ਪੁੱਛਿਆ ਕਿ ਪੰਡਿਤ ਜੀ ਕੀ ਗੱਲ ਅੱਜ ਸਵੇਰੇ-ਸਵੇਰੇ ਆ ਗਏ, ਸੁੱਖ ਤਾਂ ਹੈ ? ਉਹ ਬੋਲੇ ,‘ਭਾਈ ਕਾਕਾ !(ਉਮਰ ਵਿੱਚ ਮੈਂ ਕਾਫੀ ਛੋਟਾ ਸੀ) ਮੈਨੂੰ ਅੱਜ ਅੱਸੀ ਹਜ਼ਾਰ ਰੁਪਏ ਦੀ ਪੇਮੈਂਟ ਦੀ ਲੋੜ ਹੈ।’ ਮੈਂ ਪੁੱਛਿਆ, “ਐਨੀ ਪੇਮੈਂਟ ਦੀ ਕੀ ਲੋੜ ਪੈ ਗਈ ? ਇਹ ਤਾਂ ਕਰੰਸੀ ਚੈਸਟ ਬ੍ਰਾਂਚ ’ਚੋਂ ਮੰਗਵਾ ਕੇ ਦੇਣੀ ਪਊ।” ਉਹ ਬੋਲੇ ਕਿ ਇਹ ਪੇਮੈਂਟ ਤਾਂ ਜ਼ਰੂਰ ਮੰਗਵਾ ਕੇ ਦਿਓ, ਕਿਉਂਕਿ ਇਹ ਬਾਰਾਂ ਵਜੇ ਤੋਂ ਪਹਿਲਾਂ ਚਾਹੀਦੀ ਹੈ। ਮੈਂ ਕੈਸ਼ੀਅਰ ਨੂੰ ਪੇਮੈਂਟ ਦਾ ਇੰਤਜ਼ਾਮ ਕਰਨ ਲਈ ਕਹਿ ਦਿੱਤਾ। ਇੰਤਜ਼ਾਰ ਦਾ ਸਮਾਂ ਕੱਢਣ ਲਈ ਦੁਬਾਰਾ ਫਿਰ ਪੰਡਤ ਜੀ ਨੂੰ ਪੁੱਛਿਆ ਕਿ ਐਨੀ ਰਕਮ ਦੀ ਅਚਾਨਕ ਕਿਵੇਂ ਜ਼ਰੂਰਤ ਪੈ ਗਈ।

ਉਨ੍ਹਾਂ ਫਿਰ ਕੁਰਸੀ ’ਤੇ ਠੀਕ ਤਰ੍ਹਾਂ ਪਿੱਠ ਲਾ ਕੇ ਸਹਿਜ ਜਿਹੇ ਹੋ ਕੇ ਗੱਲ ਛੇੜੀ।

“ਭਾਈ ਕਾਕਾ ! ਮੇਰੇ ਇੱਕ ਮਿੱਤਰ ਸਨ ਤੇ ਮੇਰੇ ਗਾਹਕ ਵੀ ਸਨ; ਉਨ੍ਹਾਂ ਦੀ ਮ੍ਰਿਤੂ ਹੋ ਗਈ ਅਤੇ ਅੱਜ ਉਨ੍ਹਾਂ ਦਾ ਭੋਗ ਹੈ।” ਮੇਰੇ ਗੱਲ ਚਿੱਤ ਖਾਨੇ ਵਿਚ ਨਹੀਂ ਬੜੀ। ਉਨ੍ਹਾਂ ਗੱਲ ਦੀ ਲੜੀ ਅੱਗੇ ਤੋਰਦਿਆਂ ਕਿਹਾ, “ਮੇਰੇ ਮਿੱਤਰ ਨੇ ਤੀਹ ਸਾਲ ਪਹਿਲਾਂ ਦਸ ਕੁ ਹਜ਼ਾਰ ਰੁਪਏ ਆਪਣੇ ਘਰੇਲੂ ਹਿਸਾਬ ਤੋਂ ਅਲੱਗ ਕਰਕੇ ਮੇਰੇ ਕੋਲ ਅਮਾਨਤ ਰੱਖੀ ਸੀ ਤਾਂ ਕਿ ਉਸ ਦੇ ਕਿਸੇ ਸਮੇਂ ਅਚਾਨਕ ਜ਼ਰੂਰਤ ਪੈਣ ’ਤੇ ਜਾਂ ਮੁਸੀਬਤ ਸਮੇਂ ਕੰਮ ਆ ਸਕੇ। ਵਿਆਜ ਲੱਗ-ਲੱਗ ਉਹ ਪੈਸੇ ਵਧਦੇ ਗਏ, ਕਿਉਂਕਿ ਸਾਡਾ ਆੜ੍ਹਤੀਆਂ ਦਾ ਕੰਮ ਹੈ ; ਨਾ ਪੈਸੇ ਬਿਨਾਂ ਵਿਆਜ ਤੋਂ ਦੇਈਏ, ਨਾ ਬਿਨਾਂ ਵਿਆਜ ਤੋਂ ਕਿਸੇ ਦੇ ਪੈਸੇ ਰੱਖੀਏ। ਰਕਮ ਚੋਖੀ ਹੋ ਗਈ ਸੀ ਤਾਂ ਮੈਂ ਆਪਣੇ ਮਿੱਤਰ ਨੂੰ ਕਿਹਾ ਕਿ ਪ੍ਰਭੂ ਦਾ ਪਤਾ ਨਹੀਂ ਕਦੋਂ ਤੇ ਕੀਹਨੂੰ ਸੱਦਾ ਆ ਜਾਏ ਇਸ ਕਰਕੇ ਪੈਸੇ ਵਾਪਸ ਲੈਣ ਲਈ ਕਿਹਾ; ਪਰ ਉਸ ਨੇ ਮਨ੍ਹਾਂ ਕਰਦੇ ਹੋਏ ਕਿਹਾ ਕਿ ਕੋਈ ਨਹੀਂ ਪੰਡਤ ਜੀ : ਕਿਹੜਾ ਭੱਜੇ ਜਾਂਦੇ ਨੇ : ਇਉਂ ਸਮਝ ਲਓ ਕਿ ਘਰ ਵਿੱਚ ਹੀ ਪਏ ਨੇ। ਇਹ ਉਸ ਦੀ ਮੇਰੇ ਵਿੱਚ ਵਿਸ਼ਵਾਸ ਦੀ ਇੰਤਹਾ ਸੀ। ਮੈਂ ਚੁੱਪ ਕਰ ਗਿਆ ਤੇ ਗੱਲ ਆਈ-ਗਈ ਹੋ ਗਈ, ਪਰ ਅਚਾਨਕ ਬਾਰਾਂ ਦਿਨ ਪਹਿਲਾਂ ਉਸ ਦਾ ਦੇਹਾਂਤ ਹੋ ਗਿਆ, ਚੰਗਾ-ਭਲਾ ਸੀ ਕੋਈ ਬਿਮਾਰੀ ਵੀ ਨਹੀਂ ਸੀ, ਬੱਸ ਪ੍ਰਭੂ ਦਾ ਸੱਦਾ ਆ ਗਿਆ ਤੇ ਉਹ ਸਵਰਗਵਾਸ ਹੋ ਗਏ। ਅੱਜ ਉਸ ਦਾ ਭੋਗ ਹੈ; ਮੈਂ ਇਹ ਅਮਾਨਤ ਜਿਹੜੀ ਕਿ ਅੱਸੀ ਹਜ਼ਾਰ ਰੁਪਏ ਬਣ ਗਈ ਹੈ ; ਅੱਜ ਭੋਗ ਉੱਤੇ ਮੈਂ ਉਸ ਦੇ ਪੁੱਤਰਾਂ ਨੂੰ ਇਹ ਥ੍ਰਮਾ ਦੇਣੀ ਹੈ ; ਮੇਰੇ ਸਿਰ ਤੋਂ ਮੇਰੇ ਮਿੱਤਰ ਦੀ ਜ਼ਿੰਮੇਵਾਰੀ ਦਾ ਬੋਝ ਲਹਿ ਜਾਵੇਗਾ ਤੇ ਮੈਂ ਚੈਨ ਦੀ ਮੌਤ ਮਰਾਂਗਾ।” ਕੁੱਝ ਦੇਰ ਚੁੱਪ ਛਾ ਗਈ। ਮੈਂ ਅਤੇ ਪੰਡਤ ਜੀ ਦੋਵੇਂ ਭਾਵੁਕ ਹੋ ਗਏ। ਮੈਂ ਸੋਚਿਆ ਅੱਜ ਦੇ ਸਮੇਂ ਵਿੱਚ ਵੀ ਐਨੀ ਇਮਾਨਦਾਰੀ,ਨਹੀਂ ਤਾਂ ਬੰਦੇ ਦੇ ਮਰਨ ਪਿੱਛੋਂ ਪੈਸੇ ਲੈਣ ਵਾਲੇ ਤਾਂ ਬਹੁਤ ਆ ਜਾਂਦੇ ਨੇ ਪਰ ਦੇਣ ਵਾਲਾ ਕੋਈ ਨਹੀਂ ਆਉਂਦਾ।

# ਸੰਪਰਕ : 98786-46595

# ਸੀਵਰੇਜ ਦੇ ਪਾਣੀ ਦੀ ਮੁੜ ਵਰਤੋਂ ਸਮੇਂ ਦੀ ਵੱਡੀ ਲੋੜ

ਜੀਵਨ ਵਿੱਚ ਪਾਣੀ ਦੀ ਇੱਕ ਵਿਸ਼ੇਸ਼ ਮਹੱਤਤਾ ਹੈ। ਇਸ ਤੋਂ ਬਗੈਰ ਜੀਵਨ ਸੰਭਵ ਹੀ ਨਹੀਂ। ਸੋ ਕੁਦਰਤ ਨੇ ਵੀ ਜੀਵਨ ਰਚਨਾ ਤੋਂ ਪਹਿਲਾਂ ਪਾਣੀ ਦੀ ਸਰੰਚਨਾ ਕੀਤੀ। ਹਰ ਜੀਵ ਆਪਣੀ ਵਿਧਾ ਅਨੁਸਾਰ ਤੇ ਲੋੜ ਮੁਤਾਬਿਕ ਪਾਣੀ ਦੀ ਵਰਤੋਂ ਕਰ ਰਿਹਾ ਹੈ ਤਾਂ ਕਿ ਜੀਵਨ ਚੱਲਦਾ ਰੱਖਿਆ ਜਾ ਸਕੇ । ਮਨੁੱਖ ਤੋਂ ਬਗੈਰ ਕਰੀਬ ਹਰ ਜੀਵ ਵੱਲੋਂ ਵਰਤਿਆ ਜਾ ਰਿਹਾ ਪਾਣੀ ਸਰੀਰਕ ਪਾਲਣ-ਪੋਸ਼ਣ ਤੱਕ ਹੀ ਸੀਮਤ ਹੈ, ਪਰ ਕੁਦਰਤ ਦਾ ਸਿਰਮੌਰ ਜੀਵ ਮਨੁੱਖ ਆਪਣੇ ਸਰੀਰਕ ਪਾਲਣ-ਪੋਸ਼ਣ ਤੋਂ ਵੀ ਅੱਗੇ ਵਧ ਕੇ ਹੋਰ ਵੀ ਬਹੁਤ ਸਾਰੀਆਂ ਕਿਰਿਆਵਾਂ (ਜਿਵੇਂ ਨਹਾਉਣ-ਧੋਣ, ਸਾਫ-ਸਫਾਈ, ਉਸਾਰੀ/ਨਿਰਮਾਣ ਕਾਰਜਾਂ, ਤਰ੍ਹਾਂ-ਤਰ੍ਹਾਂ ਦੀਆਂ ਫਸਲਾਂ ਦੀ ਸਿੰਚਾਈ ਅਤੇ ਭੋਜਨ ਬਣਾਉਣ ਆਦਿ) ਲਈ ਪਾਣੀ ਦੀ ਵਰਤੋਂ ਕਰ ਰਿਹਾ ਹੈ, ਜੋ ਕਾਫੀ ਹੱਦ ਤੱਕ ਬਹੁਤ ਜ਼ਰੂਰੀ ਵੀ ਐ।

ਕੁਦਰਤ ਨੇ ਜੀਵਨ ਚੱਲਦਾ ਰੱਖਣ ਲਈ ਵੱਖ-ਵੱਖ ਸਾਧਨਾਂ (ਵਰਖਾ, ਨਦੀਆਂ, ਨਾਲਿਆਂ, ਸਮੁੰਦਰ ਆਦਿ ਜਲ ਚੱਕਰ) ਰਾਹੀਂ ਪਾਣੀ ਨਾਲ ਧਰਤੀ ਤੇ ਇਸ ਦੇ ਵਾਯੂਮੰਡਲ ਨੂੰ ਸਰਸਾਰ ਕੀਤਾ ਹੋਇਆ ਹੈ। ਇਸ ਦੇ ਨਾਲ-ਨਾਲ ਕਈ ਥਾਂਈਂ ਜ਼ਮੀਨ ਹੇਠਾਂ ਵੀ ਪਾਣੀ ਦੇ ਵੱਡੇ-ਵੱਡੇ ਭੰਡਾਰ ਜਮ੍ਹਾਂ ਕਰਕੇ ਆਪਣੀ ਨਿਆਮਤ ਨਾਲ ਵੀ ਨਿਵਾਜਿਆ ਹੋਇਆ ਹੈ। ਜਾਨੀ ਥਲ ਭਾਗ ਨਾਲੋਂ ਜਲ ਭਾਗ ਨੂੰ ਵੱਡੇ ਰੂਪ ਵਿਚ ਸਿਰਜਿਆ ਹੋਇਆ ਹੈ, ਪਰ ਕੁੱਲ ਪਾਣੀ ਦਾ 0.01 ਪ੍ਰਤੀਸ਼ਤ ਪਾਣੀ ਹੀ ਸਹੀ ਮਾਅਨਿਆਂ ਵਿੱਚ ਵਰਤਣ ਯੋਗ ਹੈ। ਹਰ ਜੀਵ ਨੂੰ ਪੂਰਨ ਹੱਕ ਵੀ ਹੈ ਕਿ ਕੁਦਰਤ ਦੇ ਬਖਸੇ ਇਸ ਨਿਆਮਤੀ ਤੋਹਫੇ ਦਾ ਲੋੜਾਂ ਦੀ ਪੂਰਤੀ ਲਈ ਇਸਤੇਮਾਲ ਕਰ ਸਕੇ।

ਪਾਣੀ ਦੀ ਇਹ ਜਾਇਜ਼ ਵਰਤੋਂ ਇੱਕ ਹੱਦ ਤੱਕ ਠੀਕ ਐ, ਪਰ ਮਨੁੱਖ ਪਾਣੀ ਦੀ ਵਰਤੋਂ ਨਾਲੋਂ ਦੁਰਵਰਤੋਂ ਕਰਦਿਆਂ ਕਰੀਬ ਸਾਰੇ ਹੱਦ-ਬੰਨੇ ਈ ਟੱਪ ਗਿਆ ਹੈ, ਜਿਸ ਕਰਕੇ ਦੁਨੀਆ ਭਰ ਵਿਚ ਹੀ ਵਰਤੋਂ ਯੋਗ ਪਾਣੀ ਦਾ ਵੱਡਾ ਸੰਕਟ ਮੰਡਰਾਉਣ ਲੱਗ ਪਿਆ ਹੈ। ਇਸ ਸੰਕਟ ਨੂੰ ਟਾਲਣ ਲਈ ਜਿੱਥੇ ਸੰਜਮ ਨਾਲ ਸ਼ੁੱਧ ਪਾਣੀ ਦੀ ਸੁਚੱਜੀ ਵਰਤੋਂ ਕਰਨੀ ਜ਼ਰੂਰੀ ਹੈ, ਉਥੇ ਜਿੱਥੋਂ ਤੀਕਰ ਸੰਭਵ ਹੋ ਸਕੇ, ਵਰਤੇ ਗਏ ਨਾਲੀਆਂ/ਸੀਵਰੇਜ ਰਾਹੀਂ ਵਹਿੰਦੇ ਪਾਣੀ ਨੂੰ ਦੁਬਾਰਾ ਵਰਤਣ ਦੀ ਵਿਵਸਥਾ ਕਰਨ ਦੀ ਅਤੀ ਲੋੜ ਵੀ ਹੈ। ਪਾਣੀ ਸਰੀਰ ਦੀ ਲੋੜ ਨੂੰ ਪੂਰਾ ਕਰਦਾ ਹੋਇਆ ਬਾਹਰੀ ਤੇ ਅੰਦਰੂਨੀ ਮੈਲ ਨਿਵਾਰਕ ਵੀ ਹੈ। ਮਲ ਮੂਤਰ ਤਿਆਗਣਾ ਹਰ ਜਾਨਦਾਰ ਸਰੀਰ ਦੀ ਕੁਦਰਤੀ ਪ੍ਰਕਿਰਿਆ ਹੈ । ਜਿਸ ਵਿਚ ਪਾਣੀ ਦਾ ਉੱਘਾ ਰੋਲ ਹੈ। ਮਨੁੱਖ ਦਾ ਹਾਜਤ ਜਾਣਾ ਵੀ ਕੁਦਰਤੀ ਪ੍ਰਕਿਰਿਆ ਹੈ । ਪਹਿਲਾਂ ਮਨੁੱਖ ਆਮ ਪ੍ਰਾਣੀਆਂ ਵਾਂਗ ਢਿੱਡ ਹੌਲਾ ਕਰਨ ਲਈ ਜੰਗਲ-ਪਾਣੀ ਲਈ ਜ਼ਮੀਨ ਦੀ ਆਮ ਖੁੱਲ੍ਹੇ ਵਿੱਚ ਹੀ ਵਰਤੋਂ ਕਰ ਲੈਂਦਾ ਸੀ ਤੇ ਇਹ ਮਲ ਮੂਤਰ ਕੁਦਰਤੀ ਪ੍ਰਕਿਰਿਆ ਨਾਲ ਕੁਝ ਸਮੇਂ ਬਾਅਦ ਹੀ ਆਪਣੇ ਆਪ ਮਿੱਟੀ ਵਿੱਚ ਮਿੱਟੀ ਹੋ ਜਾਂਦਾ ਸੀ। ਯਾਨੀ ਜਜ਼ਬ ਹੋ ਕੇ ਜ਼ਮੀਨੀ ਜ਼ਰਖੇਜ਼ਤਾ ਵਧਦੀ ਰਹਿੰਦੀ ਸੀ।


ਲਖਵਿੰਦਰ ਸਿੰਘ

ਪਰ ਸੰਘਣੀ ਆਬਾਦੀ ਵਾਲੇ ਇਲਾਕੇ ਦੇ ਆਲੇ-ਦੁਆਲੇ ਵਿੱਚ ਖੁੱਲ੍ਹੇਆਮ ਵਿਚ ਮਲ ਤਿਆਗ ਦੀ ਇਸ ਪ੍ਰਕਿਰਿਆ ਨਾਲ ਕਾਫੀ ਗੰਦਗੀ ਤੇ ਹੋਰ ਬਹੁਤ ਸਾਰੀਆਂ ਬਿਮਾਰੀਆਂ ਫੈਲਣ ਦਾ ਖਦਸ਼ਾ ਵੀ ਬਣਿਆ ਰਹਿੰਦਾ ਸੀ, ਜਿਸ ਕਰਕੇ ਖੁੱਲ੍ਹੇ ਮੈਦਾਨ ਵਿੱਚ ਜੰਗਲ-ਪਾਣੀ ਦੀ ਥਾਂ ਫਲੱਸ਼/ਬਾਥਰੂਮਾਂ (ਪਖਾਨੇ) ਉਸਾਰਨ ਦੀ ਲੋੜ ਪੈ ਗਈ, ਜੋ ਸਮੇਂ ਦੇ ਨਾਲ-ਨਾਲ ਇਹ ਪਖਾਨੇ ਹੁਣ ਘਰ ਦਾ ਜ਼ਰੂਰ ਅੰਗ ਬਣ ਚੁੱਕੇ ਹਨ। ਇਨ੍ਹਾਂ ਦੀ ਉਸਾਰੀ ਨਾਲ ਹੀ ਘਰ ਮੁਕੰਮਲ ਹੁੰਦਾ ਹੈ। ਇਸ ਦੇ ਨਾਲ-ਨਾਲ ਜਨਤਕ ਪਖਾਨਿਆਂ ਦਾ ਵੀ ਪ੍ਰਚਲਨ ਵੀ ਚੱਲ ਰਿਹਾ ਹੈ। ਜਿਨ੍ਹਾਂ ਦੀ ਸਾਫ ਸਫਾਈ-ਫਲੱਸ਼ ਲਈ ਵੀ ਪਾਣੀ ਦੀ ਲੋੜ ਵਿਚ ਵਾਧਾ ਹੋਣਾ ਕੁਦਰਤੀ ਹੈ। ਇੱਕ ਵਿਅਕਤੀ ਵੱਲੋਂ ਇੱਕ ਵਾਰ ਪਖਾਨੇ ਜਾਣ ਸਮੇਂ ਤਕਰੀਬਨ ਪੰਜ -ਛੇ ਲੀਟਰ ਤੱਕ ਪਾਣੀ ਖਪਤ ਕਰ ਹੀ ਲਿਆ ਜਾਂਦਾ ਹੈ। ਮੰਨ ਲਵੋ ਚੌਵੀ ਘੰਟਿਆਂ ਵਿੱਚ ਇਕ ਮਨੁੱਖ ਆਮ ਹਾਲਤ ਵਿੱਚ ਕਰੀਬ ਚਾਰ-ਪੰਜ ਵਾਰ ਹਾਜਤ (ਬਾਥਰੂਮ) ਲਈ ਵੀ ਜਾਵੇ ਤਾਂ ਉਸ ਦੀ ਇਸ ਪ੍ਰਕਿਰਿਆ ਰਾਹੀਂ ਕਰੀਬ ਪੱਚੀ ਤੋਂ ਤੀਹ ਲੀਟਰ ਪਾਣੀ ਸੀਵਰੇਜ ਦੀ ਬਲੀ ਚੜ੍ਹ ਹੀ ਜਾਂਦਾ ਹੈ। ਬਾਕੀ ਅਬਾਦੀ ਦੇ ਹਿਸਾਬ ਨਾਲ ਕਿੰਨਾ ਪਾਣੀ ਵਰਤਿਆ/ਖਪਤ ਹੋ ਜਾਂਦਾ ਹੋਵੇਗਾ, ਦਾ ਹਿਸਾਬ ਵੀ ਲਾਉਣਾ ਕੋਈ ਔਖੀ ਗੱਲ ਨਹੀਂ ਹੈ। ਭਾਵ ਇਸ ਪ੍ਰਕਿਰਿਆ ਵਿਚ ਆਮ ਵਰਤਣਯੋਗ ਸ਼ੁੱਧ ਜਲ ਦਾ ਇੱਕ ਵੱਡਾ ਭਾਗ ਖਪਤ ਹੋ ਹੀ ਜਾਂਦਾ ਹੈ। ਇਸ ਦੇ ਨਾਲ-ਨਾਲ ਨ੍ਹਾਈ ਧੋਈ, ਬਰਤਨਾਂ/ਕੱਪੜੇ /ਫਰਸ਼ਾਂ ਦੀ ਧੋਆ-ਧੁਆਈ ਅਤੇ ਫੈਕਟਰੀਆਂ ਵਿਚ ਵਰਤਿਆ ਪਾਣੀ ਵੀ ਇਸ ਵਿਚ ਆਣ ਰਲਦਾ ਹੈ ਤੇ ਨਾਲੀਆਂ/ ਨਾਲਿਆਂ/ ਸੀਵਰੇਜ ਰਾਹੀਂ ਦਨਦਨਾਉਂਦਾ ਅਤੇ ਆਲੇ-ਦੁਆਲੇ ਦੇ ਵਾਤਾਵਰਨ ਨੂੰ ਬਦਬੂ ਨਾਲ ਪ੍ਰਦੂਸ਼ਿਤ ਕਰਦਾ ਹੋਇਆ ਛੱਪੜ/ ਸੰਭ (ਜੋ ਕਦੇ ਪਿੰਡਾਂ ਦੇ ਸ਼ਿੰਗਾਰ ਮੰਨੇ ਜਾਂਦੇ ਸਨ) ਜਾਂ ਹੋਰ ਕੁਦਰਤੀ ਜਲ ਸਰੋਤਾਂ ਨਦੀਆਂ-ਦਰਿਆਵਾਂ ਨੂੰ ਵੱਡੀ ਮਾਤਰਾ ਵਿਚ ਦੂਸ਼ਿਤ ਕਰ ਰਿਹਾ ਹੈ। ਪਿੰਡਾਂ ਦੇ ਥੋੜ੍ਹੇ-ਬਹੁਤੇ ਬਚੇ-ਖੁਚੇ ਛੱਪੜ ਅਜਿਹੇ ਪਾਣੀ ਨਾਲ ਨੱਕੋ-ਨੱਕ ਹੋ ਕੇ ਮੂੰਹ ਚਿੜਾ ਰਹੇ ਹਨ।

ਪਾਣੀ ਖਪਤ ਕਰਨ ਵਾਲੀਆਂ ਉਪਰੋਕਤ ਪ੍ਰਕਿਰਿਆਵਾਂ ਨੂੰ ਕਦਾਚਿਤ ਰੋਕਿਆ ਤਾਂ ਨਹੀਂ ਜਾ ਸਕਦਾ, ਪਰ ਇਸ ਦੀ ਸਾਫ-ਸਫਾਈ ਲਈ ਵਰਤੇ ਜਾ ਰਹੇ ਪਾਣੀ ਨੂੰ ਗੰਦਾ ਪਾਣੀ ਗਰਦਾਨ ਕੇ ਸੀਵਰੇਜ ਰਾਹੀਂ ਹੋਰ ਕੁਦਰਤੀ ਜਲ ਸਰੋਤਾਂ ਨੂੰ ਗੰਧਲਾ ਕਰਨ ਦੀ ਥਾਂ ਪਾਣੀ ਟਰੀਟਮੈਂਟ ਪਲਾਂਟ ਲਾ ਕੇ ਟਰੀਟਡ ਪਾਣੀ ਮੁੜ ਵਰਤਣ ਦੀ ਵਿਵਸਥਾ ਕਰਕੇ ਇਸ ਟਰੀਟਡ ਪਾਣੀ ਨੂੰ ਸਿੰਚਾਈ, ਧੋਆ-ਧੁਆਈ ਤੇ ਉਸਾਰੀ ਨਿਰਮਾਣ ਕਾਰਜਾਂ ਵਿਚ ਵਰਤਿਆ ਜਾ ਸਕਦਾ ਹੈ। ਜਿਸ ਨਾਲ ਸ਼ੁੱਧ ਪਾਣੀ ਖਾਸ ਕਰਕੇ ਜ਼ਮੀਨੀ ਪਾਣੀ ਤੇ ਪੈਂਦੇ ਵੱਡੇ ਬੋਝ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਬਾਕੀ ਰਹਿੰਦ-ਖੂੰਹਦ ਦੀ ਬਾਇਓ ਖਾਦ ਤਿਆਰ ਕਰਕੇ ਜ਼ਮੀਨੀ ਉਪਜਾਊ ਸ਼ਕਤੀ ਵਿੱਚ ਵਾਧਾ ਕਰਨ ਦੀ ਵਿਵਸਥਾ ਕੀਤੀ ਜਾ ਸਕਦੀ ਹੈ।

ਜਿਸ ਲਈ ਹਰ ਪਿੰਡ/ਕਸਬੇ/ਸ਼ਹਿਰ ਪੱਧਰ ’ਤੇ ਵਾਟਰ ਟਰੀਟਮੈਂਟ ਪਲਾਂਟ ਲੱਗਣੇ ਸਮੇਂ ਦੀ ਵੱਡੀ ਮੰਗ ਵੀ ਤੇ ਲੋੜ ਵੀ ਐ। ਪਰ ਦੁਖਦ ਗੱਲ ਇਹ ਹੈ ਕਿ ਅੰਮ੍ਰਿਤ ਰੂਪੀ ਪਾਣੀ ਜਿਸ ਵਿਚ ਮਨੁੱਖ ਨੇ ਖੁਦ ਗੰਦ ਘੋਲਿਆ ਹੋਇਆ ਹੈ, ਬਾਰੇ ਰੌਲਾ-ਗੌਲਾ ਤਾਂ ਬਹੁਤ ਹੈ, ਪਰ ਅਮਲ ਵਿੱਚ ਆਉਣ ਵਾਲੀ ਸਾਰਥਿਕ ਤੇ ਟਿਕਾਊ ਯੋਜਨਾਵਾਂ ਦੀ ਥਾਂ ਕੰਮ ਚਲਾਊ ਯੋਜਨਾਵਾਂ ਰਾਹੀਂ ਡੰਗ ਸਾਰੇ ਜਾ ਰਹੇ ਹਨ, ਜਿਨ੍ਹਾਂ ’ਤੇ ਕੀਤੇ ਖਰਚ ਮੁਤਾਬਿਕ ਕੋਈ ਸਾਰਥਿਕ ਨਤੀਜਾ ਨਹੀਂ ਮਿਲ ਰਿਹਾ ਤੇ ਛੋਟੇ-ਵੱਡੇ ਨਾਲਿਆਂ ਰਾਹੀਂ ਦਨਦਨਾਉਂਦਾ ਇਹ ਪਾਣੀ ਵਾਤਾਵਰਨ ਨੂੰ ਦੂਸ਼ਿਤ ਕਰਦਾ ਹੋਇਆ ਹੋਰ ਕੁਦਰਤੀ ਜਲ ਸਰੋਤਾਂ ਨੂੰ ਵੀ ਗੰਦਾ ਕਰੀ ਜਾ ਰਿਹਾ ਹੈ, ਪਰ ਦੇਸ਼/ਰਾਜ ਪ੍ਰਬੰਧਕ ਵਿਵਸਥਾ ਦਾ ਲਾਣਾ ‘ ਮੈਨੂੰ ਕੀ ?’ ਆਖ ਕੇ ਕੰਨਲ ਘੇਸਲ ਮਾਰੀ ਬੈਠਾ ਹੈ।

ਪੰਜ ਆਬ ਦੀ ਧਰਤੀ ਹੇਠਲੇ ਪਾਣੀ ’ਤੇ ਹਰ ਤਰ੍ਹਾਂ ਦੀ ਹੱਦੋਂ ਵੱਧ ਨਿਰਭਰਤਾ ਵਧਣ ਕਾਰਨ ਧਰਤੀ ਪਾਣੀ ਖੁਣੋਂ ਸੱਖਣੀ ਹੁੰਦੀ ਜਾ ਰਹੀ ਹੈ, ਜਿਸ ਕਰਕੇ ਸ਼ੁੱਧ ਪਾਣੀ ਦੇ ਸੰਕਟ ਦਾ ਪ੍ਰਕੋਪ ਵਧਦਾ ਜਾ ਰਿਹਾ ਹੈ। ਸੋ ਪ੍ਰਕੋਪ ਨਾਲ ਜੂਝ ਰਹੇ ਅਜਿਹੇ ਖਿੱਤਿਆਂ ਲਈ ਇਸ ਮੁੱਦੇ ਪ੍ਰਤੀ ਹੋਰ ਵੀ ਗੰਭੀਰਤਾ ਨਾਲ ਸੋਚਣਾ ਤੇ ਸਮਝਣਾ ਜ਼ਰੂਰੀ ਹੋ ਜਾਂਦਾ ਹੈ ਕਿ ਸੀਵਰੇਜ ਅਤੇ ਪਾਣੀ ਟਰੀਟਮੈਂਟ ਪਲਾਂਟ ਲਗਾ ਕੇ ਦੂਸ਼ਿਤ ਪਾਣੀ ਸੋਧਣ ਦੀ ਸਹੀ ਵਿਉਂਤਬੰਦੀ/ਯੋਜਨਾਬੰਦੀ ਹੋਣੀ ਬਹੁਤ ਜ਼ਰੂਰੀ ਹੈ। ਇਸ ਦੇ ਨਾਲ-ਨਾਲ ਉਥੇ ਪਹਿਲਾਂ ਲੱਗੇ ਪਰ ਮੁਰਦਾ ਹੋ ਚੁੱਕੇ ਪਲਾਂਟਾਂ ਦਾ ਨਵੀਨੀਕਰਨ ਕਰਦਿਆਂ ਦੁਬਾਰਾ ਚਾਲੂ ਕਰਨਾ ਅਤੇ ਟਰੀਟਡ ਇਸ ਪਾਣੀ ਦੀ ਸਪਲਾਈ ਲਈ ਵਿਸ਼ੇਸ਼ ਪਾਇਪ ਲਾਇਨਾਂ ਵਿਛਾਉਣ ਦੀ ਵਿਵਸਥਾ ਹੋਵੇ ਤਾਂ ਕਿ ਟਰੀਟਡ ਪਾਣੀ ਦੀ ਮੁੜ ਵਰਤੋਂ ਹੋ ਸਕੇ। ਟਰੀਟਡ ਪਾਣੀ ਦੀ ਦੁਬਾਰਾ ਵਰਤੋਂ ਨਾਲ ਸ਼ੁੱਧ ਪਾਣੀ ਨੂੰ ਲੱਗ ਰਹੇ ਵੱਡੇ ਖੋਰੇ ਨੂੰ ਜਿੱਥੇ ਠੱਲ੍ਹ ਪਏਗੀ, ਉਥੇ ਸੀਵਰੇਜ ਦੇ ਗੰਦੇ ਪਾਣੀ ਤੋਂ ਕੁਦਰਤੀ ਜਲ ਸਰੋਤ ਵੀ ਦੂਸ਼ਿਤ ਹੋਣ ਤੋਂ ਕਾਫੀ ਹੱਦ ਤੱਕ ਬਚੇ ਰਹਿਣਗੇ।

ਜਿਸ ਲਈ ਪਾਣੀ ਸੋਧ ਦੀ ਇਸ ਵਿਉਂਤਬੰਦੀ ਉਤੇ ਸੁਹਿਰਦਤਾ ਤੇ ਨੇਕ ਨੀਅਤ ਨਾਲ ਅਮਲ ਹੋਣੇ ਚਾਹੀਦੇ ਹਨ । ਬਰਸਾਤ ਦੇ ਪਾਣੀ ਅਤੇ ਪਖਾਨਿਆਂ ਦੇ ਦੂਸ਼ਿਤ ਪਾਣੀ ਨੂੰ ਆਪਸ ਵਿੱਚ ਰਲਣ ਤੋਂ ਰੋਕਣ ਲਈ ਸੀਵਰੇਜ ਵੀ ਵੱਖ-ਵੱਖ ਹੋਣ ਤੇ ਪਾਣੀ ਇਕੱਤਰ ਕੇਂਦਰ (ਡੰਪ) ਵੀ ਅਲੱਗ-ਅਲੱਗ ਹੋਣ । ਜਿੱਥੋਂ ਬਰਸਾਤ ਦਾ ਪਾਣੀ ਜੋ ਕਾਫੀ ਤੱਕ ਠੀਕ ਹੀ ਹੁੰਦਾ ਹੈ, ਬਗੈਰ ਕਿਸੇ ਖਾਸ ਟਰੀਟਮੈਂਟ ਤੋਂ ਸਿੱਧਾ ਹੀ, ਜਦ ਕਿ ਪ੍ਰਦੂਸ਼ਿਤ ਪਾਣੀ ਦੀ ਲੋੜੀਂਦੀ ਸੋਧ ਕਰਕੇ ਸਿੰਚਾਈ ਆਦਿ ਲਈ ਵਰਤਿਆ ਜਾ ਸਕਦਾ ਹੋਵੇ। ਇਸ ਤਰ੍ਹਾਂ ਇਸ ਪਾਣੀ ਦੀ ਦੋਹਰੀ-ਤੀਹਰੀ ਵਰਤੋਂ ‘ਨਾਲੇ ਪੁੰਨ ਤੇ ਨਾਲੇ ਫਲੀਆਂ’ ਹੋ ਨਿਬੜੇਗਾ। ‘ਪੁੰਨ’ ਇਸ ਗੱਲ ਦਾ ਹੋਵੇਗਾ ਕਿ ਆਉਣ ਵਾਲੀਆਂ ਪੀੜ੍ਹੀਆਂ ਦੀ ਪਿਆਸ ਮਿਟਾਉਣ ਲਈ ਸ਼ੁੱਧ ਪਾਣੀ ਵੀ ਬਚਦਾ ਰਹੇਗਾ ਤੇ ਨਾਲ -ਨਾਲ ਨਦੀਆਂ-ਨਾਲਿਆਂ ਦਾ ਨਿਰਮਲ ਜਲ ਵੀ ਦੂਸ਼ਿਤ ਪਾਣੀ ਦੇ ਰਲੇਵੇਂ ਤੋਂ ਬਚੇ ਰਹਿਣਗੇ ਤੇ ਨਾਲ ਹੀ ਇਸ ਦੂਸ਼ਿਤ ਪਾਣੀ ਦੇ ਰਲੇਵੇਂ ਨਾਲ ਹੋ ਰਹੀ ਜਲ ਜੀਵਾਂ ਦੀ ‘ਜੀਆ ਘਾਤ’ ਹੋਣੀ ਵੀ ਰੁਕੇਗੀ ਅਤੇ ‘ਫਲੀਆਂ’ ਜ਼ਮੀਨ ਦੀ ਕੁਦਰਤੀ ਉਪਜਾਊ ਸ਼ਕਤੀ ਬਰਕਰਾਰ ਰੱਖਣ ਵਿੱਚ ਮਦਦ ਮਿਲਣ ਦੀ ਬਹੁਤ ਜ਼ਿਆਦਾ ਸੰਭਾਵਨਾ ਵੀ ਬਣੀ ਰਹੇਗੀ।

#ਸੰਪਰਕ : 61423191173, ਵਟਸਐਪ 98764-74858

5-OCT-PAGE-5.qxd 10/4/2022 10:47 PM Page 1



# ਗਲੀ ਪੱਕੀ ਕਰਾਉਣ ਲਈ ਕਿਸਾਨਾਂ ਵੱਲੋਂ ਅਮਨ ਅਰੋੜਾ ਦੇ ਘਰ ਅੱਗੇ ਧਰਨਾ



ਕੈਬਨਿਟ ਮੰਤਰੀ ਅਮਨ ਅਰੋੜਾ ਦੇ ਨਿਵਾਸ ਅੱਗੇ ਧਰਨਾ ਦਿੰਦੇ ਹੋਏ ਜਥੇਬੰਦੀ ਆਗੂ ਤੇ ਵਰਕਰ।

**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)** : ਲੌਂਗੋਵਾਲ ਦੇ ਵਾਰਡ ਨੰਬਰ 4 ਦੀ ਇੱਕ ਗਲੀ ਪੱਕੀ ਕਰਵਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੀ ਅਗਵਾਈ ਹੇਠ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਘਰ ਅੱਗੇ ਰੋਸ ਧਰਨਾ ਦੇ ਕੇ ਨਾਅਰੇਬਾਜ਼ੀ ਕੀਤੀ ਗਈ। ਕਿਰਤੀ ਕਿਸਾਨ ਯੂਨੀਅਨ ਵੱਲੋਂ ਵੀ ਧਰਨੇ ਦੀ ਹਮਾਇਤ ਕਰਦਿਆਂ ਸ਼ਮੂਲੀਅਤ ਕੀਤੀ ਗਈ।

ਧਰਨੇ ਨੂੰ ਸੰਬੋਧਨ ਕਰਦਿਆਂ ਬੀਕੇਯੂ ਡਕੌਂਦਾ ਦੇ ਸੂਬਾ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ, ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਕਨਵੀਨਰ ਭੁਪਿੰਦਰ ਲੌਂਗੋਵਾਲ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਵੱਲੋਂ ਲੌਂਗੋਵਾਲ ਵਿੱਚ ਨਗਰ ਕੌਂਸਲ ਦੀ ਪ੍ਰਧਾਨਗੀ ਤੇ ਕਬਜ਼ਾ ਕਰਨ ਲਈ ਕਾਂਗਰਸੀ ਧੜੇ ਦੀ ਹਮਾਇਤ ਲਈ ਜਾ ਰਹੀ ਹੈ ਤੇ 4 ਨੰਬਰ ਵਾਰਡ ਦੇ ਕਾਂਗਰਸੀ ਐੱਮ ਸੀ ਵੱਲੋਂ ਨਿੱਜੀ ਰੰਜਿਸ਼ ਕਰਕੇ ਕੈਬਨਿਟ ਮੰਤਰੀ ਦੀ ਹਮਾਇਤ ਨਾਲ ਗਲੀ ਦਾ ਨਿਰਮਾਣ ਰੋਕਿਆ ਹੋਇਆ ਹੈ, ਜਦਕਿ ਉਸ ਗਲੀ ਦਾ ਟੈਂਡਰ ਪਾਸ ਹੋ ਚੁੱਕਿਆ ਹੈ। ਪਿਛਲੇ ਇੱਕ ਹਫਤੇ ਤੋਂ ਇਸ ਮਸਲੇ 'ਤੇ ਨਗਰ ਕੌਂਸਲ ਲੌਂਗੋਵਾਲ ਦਾ ਘਿਰਾਓ ਚੱਲ ਰਿਹਾ ਹੈ ਤੇ ਕੰਮ ਠੱਪ ਪਏ ਹਨ। ਆਗੂਆਂ ਨੇ ਦੱਸਿਆ ਕਿ ਅੱਜ ਕਿਸਾਨਾਂ ਸਾਹਮਣੇ ਮੀਂਹ ਕਾਰਨ ਬਰਬਾਦ ਹੋਈਆਂ ਫਸਲਾਂ ਦਾ ਮੁਆਵਜ਼ਾ, ਲੰਪੀ ਸਕਿਨ ਬਿਮਾਰੀ ਨਾਲ ਮਰੇ ਪਸ਼ੂਆਂ ਦੇ ਮੁਆਵਜ਼ੇ ਦਾ ਮਸਲਾ ਤੇ ਝੋਨੇ ਦੀ ਪਰਾਲੀ ਅਤੇ ਖ਼ਰੀਦ ਦਾ ਮਸਲਾ ਸਿਰ 'ਤੇ ਖੜੇ ਹਨ, ਪਰ ਸਰਕਾਰ ਉਪਰੋਕਤ ਮਸਲਿਆਂ ਦਾ ਹੱਲ ਕਰਨ ਦੀ ਬਜਾਏ ਸਰਕਾਰ ਦੇ ਮੰਤਰੀ ਲੋਕਾਂ ਨੂੰ ਗਲੀਆਂ-ਨਾਲੀਆਂ ਦੇ ਮਸਲਿਆਂ 'ਚ ਉਲਝਾ ਕੇ ਰੱਖਣਾ ਚਾਹੁੰਦੇ ਹਨ।

ਇਨ੍ਹਾਂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜ਼ਿਲ੍ਹਾ ਆਗੂ ਕੁਲਦੀਪ ਜੋਸ਼ੀ, ਕਰਮ ਸਿੰਘ ਬਲਿਆਲ, ਬਲਾਕ ਪ੍ਰਧਾਨ ਸੰਤਰਾਮ ਛਾਜਲੀ, ਮੀਤ ਪ੍ਰਧਾਨ ਗੁਰਮੇਲ ਸਿੰਘ ਲੌਂਗੋਵਾਲ, ਮਹਿੰਦਰ ਸਿੰਘ, ਦਰਸ਼ਨ ਸਿੰਘ ਨੱਤ, ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਪ੍ਰਧਾਨ ਸੁਖਦੇਵ ਸਿੰਘ ਉੱਭਾਵਾਲ, ਕਰਮਜੀਤ ਸਿੰਘ ਸਤੀਪੁਰਾ, ਹਰਦੇਵ ਸਿੰਘ ਦੁੱਲਟ, ਭੋਲਾ ਪਨਾਂਚ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮਸਲਾ ਹੱਲ ਨਾ ਹੋਇਆ ਤਾਂ ਵੱਡੇ ਪੱਧਰ 'ਤੇ ਸੰਘਰਸ਼ ਕੀਤਾ ਜਾਵੇਗਾ ਤੇ ਮਸਲਾ ਹੱਲ ਹੋਣ ਤੱਕ ਨਗਰ ਕੌਂਸਲ ਲੌਂਗੋਵਾਲ ਦਾ ਘਿਰਾਓ ਜਾਰੀ ਰਹੇਗਾ। ਆਗੂਆਂ ਨੇ ਖੇਤੀ ਮੋਟਰਾਂ ਦੀ ਬਿਜਲੀ ਸਪਲਾਈ 'ਤੇ ਲਾਏ ਕੱਟ ਖ਼ਤਮ ਕਰਕੇ ਅੱਠ ਘੰਟੇ ਸਪਲਾਈ ਚਾਲੂ ਰੱਖਣ ਦੀ ਮੰਗ ਵੀ ਕੀਤੀ, ਕਿਉਂਕਿ ਹਾਲੇ ਝੋਨੇ ਨੂੰ ਪੱਕਣ ਵਿੱਚ ਸਮਾਂ ਲੱਗੇਗਾ, ਪਰ ਪਹਿਲਾਂ ਹੀ ਬਿਜਲੀ ਬੋਰਡ ਵੱਲੋਂ ਬਿਜਲੀ ਸਪਲਾਈ ਘਟਾ ਦਿੱਤੀ ਗਈ ਹੈ, ਜਿਸ ਕਾਰਨ ਆਖ਼ਰੀ ਪਾਣੀ ਲਾਉਣ ਲਈ ਕਿਸਾਨਾਂ ਨੂੰ ਮੁਸ਼ਕਲਾਂ ਪੇਸ਼ ਆ ਰਹੀਆਂ ਹਨ।

# ਮੰਡੀਆਂ 'ਚ ਆੜ੍ਹਤੀਆਂ ਤੇ ਕਿਸਾਨਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ- ਦਹੀਆ

### * ਵਿਧਾਇਕ ਨੇ ਦਾਣਾ ਮੰਡੀ ਮਮਦੋਟ 'ਚ ਝੋਨੇ ਦੀ ਖਰੀਦ ਸ਼ੁਰੂ ਕਰਵਾਈ



ਦਾਣਾ ਮੰਡੀ ਮਮਦੋਟ ਵਿਖੇ ਵਿਧਾਇਕ ਰਜਨੀਸ਼ ਦਹੀਆ ਝੋਨੇ ਦੀ ਖਰੀਦ ਸ਼ੁਰੂ ਕਰਵਾਉਂਦੇ।

**ਮਮਦੋਟ, (ਜਸਬੀਰ ਸਿੰਘ ਕੰਬੋਜ, ਹਰਪਾਲ ਸੋਢੀ)**-ਪੰਜਾਬ ਸਰਕਾਰ ਵੱਲੋਂ ਝੋਨੇ ਦੀ ਖਰੀਦ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਤੇ ਮੰਡੀਆਂ ਤੇ ਖਰੀਦ ਕੇਂਦਰਾਂ ਵਿੱਚ ਆੜ੍ਹਤੀਆਂ ਤੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਗੱਲ ਦਾ ਪ੍ਰਗਟਾਵਾ ਐਡਵੋਕੇਟ ਰਜਨੀਸ਼ ਦਹੀਆ ਵਿਧਾਇਕ ਹਲਕਾ ਫਿਰੋਜ਼ਪੁਰ ਦਿਹਾਤੀ ਨੇ ਮੁੱਖ ਅਨਾਜ ਮੰਡੀ ਮਮਦੋਟ ਵਿਖੇ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਾਉਣ ਉਪਰੰਤ ਆੜ੍ਹਤੀਆਂ, ਕਿਸਾਨਾਂ ਤੇ ਮਾਰਕੀਟ ਕਮੇਟੀ ਦੇ ਮੁਲਾਜ਼ਮਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾ ਨਾਲ ਰਣਜੀਤ ਸਿੰਘ ਭੁੱਲਰ ਐੱਸ ਡੀ ਐੱਮ, ਮਨਿੰਦਰਜੀਤ ਸਿੰਘ ਬੇਦੀ ਜ਼ਿਲ੍ਹਾ ਮੰਡੀ ਅਫਸਰ, ਸੀਨੀਅਰ ਆਗੂ ਬਲਰਾਜ ਸਿੰਘ ਸੰਧੂ ਤੇ ਨਿੱਜੀ ਸਕੱਤਰ ਲਖਬੀਰ ਸਿੰਘ ਵੀ ਸਨ। ਇਸ ਮੌਕੇ ਉਨ੍ਹਾ ਹਾਜ਼ਰ ਕਿਸਾਨਾਂ ਨੂੰ ਪੂਰਾ ਪੱਕਿਆ ਹੋਇਆ ਸਾਫ ਸੁਥਰਾ ਤੇ ਸੁੱਕਾ ਝੋਨਾ ਹੀ ਮੰਡੀ ਵਿੱਚ ਲਿਆਉਣ ਦੀ ਅਪੀਲ ਕਰਦਿਆਂ ਵਿਸ਼ਵਾਸ ਦੁਆਇਆ ਕਿ ਮੰਡੀ ਵਿੱਚ ਕਿਸਾਨਾਂ ਦੇ ਝੋਨੇ ਦਾ ਇੱਕ ਇੱਕ ਦਾਣਾ ਖਰੀਦਣ ਕੀਤਾ ਜਾਵੇਗਾ। ਇਸ ਮੌਕੇ ਬਲਜਿੰਦਰ ਸਿੰਘ ਸਕੱਤਰ ਮਾਰਕੀਟ ਕਮੇਟੀ ਮਮਦੋਟ, ਹਰਜੀਤ ਸਿੰਘ ਸੰਧੂ ਲੇਖਾਕਾਰ, ਸੰਦੀਪ ਸਿੰਘ ਸੰਜੇ ਗੁਪਤਾ ਜਸਪਾਲ ਸਿੰਘ ਅੰਗਰੇਜ਼ ਸਿੰਘ ਤੇ ਆੜ੍ਹਤੀਆ ਐਸੋਸੀਏਸ਼ਨ ਮਮਦੋਟ ਦੇ ਪ੍ਰਧਾਨ ਕੁਲਦੀਪ ਸਿੰਘ ਲਾਹੌਰੀਆ, ਅਵਤਾਰ ਸਿੰਘ ਲੋਧਰਾਂ ਸਾਬਕਾ ਪ੍ਰਧਾਨ, ਜਗਦੀਸ਼ ਕੁਮਾਰ ਰਾਜੂ ਚਾਵਲਾ, ਰਾਕੇਸ਼ ਬਿੰਦਰਾ, ਰਾਜੀਵ ਚੋਪੜਾ, ਦੇਸ਼ਬੀਰ ਸਿੰਘ, ਹੈਪੀ ਨਾਰੰਗ, ਰੋਸ਼ਨ ਲਾਲ ਚੋਪੜਾ, ਅਸ਼ੋਕ ਸਹਿਗਲ, ਯਸ਼ ਪਾਲ ਗਾਬਾ, ਹਰਭਜਨ ਸਿੰਘ, ਕੁਲਵੰਤ ਸਿੰਘ ਤੇ ਹਰਜਿੰਦਰ ਸਿੰਘ ਸਿੰਧੀ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਤੇ ਆੜ੍ਹਤੀਏ ਹਾਜ਼ਰ ਸਨ।

# ਮਨਿਸਟੀਰੀਅਲ ਮੁਲਾਜ਼ਮਾਂ ਨੇ ਸਰਕਾਰ ਦੇ ਪੁਤਲੇ ਫੂਕ ਕੀਤਾ ਰੋਸ ਜ਼ਾਹਰ



**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸੰਗਰੂਰ ਮੂਹਰੇ ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਦੇ ਸੂਬਾ ਪ੍ਰਧਾਨ ਵਾਸਵੀਰ ਸਿੰਘ ਭੁੱਲਰ, ਸੂਬਾ ਜਨਰਲ ਸਕੱਤਰ ਮਨਦੀਪ ਸਿੰਘ ਸਿੱਧੂ ਦੀ ਅਗਵਾਈ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ 6 ਜ਼ਿਲ੍ਹਿਆਂ ਦੇ ਕਲੈਰੀਕਲ ਮੁਲਾਜ਼ਮਾਂ ਨੇ ਜ਼ੋਨਲ ਰੈਲੀ ਕਰਨ ਉਪਰੰਤ ਪੰਜਾਬ ਸਰਕਾਰ ਦੇ ਪੁਤਲੇ ਫੂਕਕੇ ਰੋਸ ਜ਼ਾਹਰ ਕੀਤਾ ਗਿਆ। ਇਸ ਮੌਕੇ ਸਰਬਜੀਤ ਸਿੰਘ ਡੀਂਗਰਾ ਸੂਬਾ ਵਿੱਤ ਸਕੱਤਰ, ਰਘਬੀਰ ਸਿੰਘ ਬਡਵਾਲ ਸਰਪ੍ਰਸਤ, ਮੇਘ ਸਿੰਘ ਸਿੱਧੂ ਚੇਅਰਮੈਨ, ਅਮਰੀਕ ਸਿੰਘ ਸੰਧੂ ਮੁੱਖ ਜਥੇਬੰਦਕ ਸਕੱਤਰ, ਅਨਿਰੁੱਧ ਮੁਦਗਿੱਲ ਸੀਨੀਅਰ ਮੀਤ ਪ੍ਰਧਾਨ, ਮਨਜਿੰਦਰ ਸਿੰਘ ਸੰਧੂ ਸੂਬਾ ਜਨਰਲ ਸਕੱਤਰ ਖਜ਼ਾਨਾ ਵਿਭਾਗ, ਗੁਰਨਾਮ ਵਿਰਕ ਮੁੱਖ ਬੁਲਾਰਾ, ਮਨੋਹਰ ਲਾਲ ਸੀਨੀਅਰ ਮੀਤ ਪ੍ਰਧਾਨ, ਪਿੱਪਲ ਸਿੰਘ ਸਿੱਧੂ ਸੂਬਾ ਜਨਰਲ ਸਕੱਤਰ ਸਹਿਕਾਰਤਾ ਵਿਭਾਗ, ਤਜਿੰਦਰ ਸਿੰਘ ਨੰਗਲ ਸੂਬਾ ਪ੍ਰਧਾਨ ਡੀ ਸੀ ਦਫਤਰ ਕ੍ਰਮਚਾਰੀ ਯੂਨੀਅਨ, ਕਮਰਜੀਤ ਕੌਰ ਕਨਵੀਨਰ ਸਾਂਝਾ ਮੁਲਾਜ਼ਮ ਮੰਚ ਚੰਡੀਗੜ੍ਹ, ਦਵਿੰਦਰਪਾਲ ਸਿੰਘ ਬੈਨੀਪਾਲ ਕਨਵੀਨਰ ਚੰਡੀਗੜ੍ਹ, ਗੁਰਮੇਲ ਸਿੰਘ ਸੀਨੀਅਰ ਮੀਤ ਪ੍ਰਧਾਨ, ਗੁਰਪ੍ਰੀਤ ਸਿੰਘ ਜਨਰਲ, ਸੇਰ ਸਿੰਘ ਲੱਡਾ ਮੀਤ ਪ੍ਰਧਾਨ ਸੰਗਰੂਰ, ਅਮਰੀਕ ਸਿੰਘ ਪੂਨੀਆ ਸੀਨੀਅਰ ਮੀਤ ਪ੍ਰਧਾਨ ਸੰਗਰੂਰ ਆਦਿ ਨੇ ਸੰਬੋਧਨ ਕਰਦਿਆਂ ਸਰਕਾਰ ਪ੍ਰਤੀ ਰੋਸ ਜ਼ਾਹਰ ਕਰਦਿਆਂ ਦੱਸਿਆ ਕਿ ਜਥੇਬੰਦੀ ਵੱਲੋਂ 3 ਜ਼ੋਨ ਪੱਧਰ ਦੀਆਂ ਰੈਲੀਆਂ ਕੀਤੀਆਂ ਗਈਆਂ, ਪ੍ਰੰਤੂ ਸਰਕਾਰ ਵੱਲੋਂ ਕੋਈ ਵੀ ਹੁੰਗਾਰਾ ਨਾ ਮਿਲਣ ਦੇ ਰੋਸ ਕਾਰਨ ਸੰਗਰੂਰ ਵਿਖੇ ਜ਼ੋਨਲ ਰੈਲੀ ਕਰਨ ਉਪਰੰਤ ਆਮ ਆਦਮੀ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਪੁਤਲੇ ਮਹਾਂਬੀਰ ਚੌਕ ਵਿੱਚ ਸਾੜ ਕੇ ਰੋਸ ਜ਼ਾਹਰ ਕੀਤਾ ਗਿਆ। ਰੈਲੀ ਸ਼ੁਰੂ ਕਰਨ ਮੌਕੇ ਜ਼ਿਲ੍ਹਾ ਪ੍ਰਧਾਨ ਰਾਕੇਸ਼ ਸ਼ਰਮਾ ਨੇ ਸਮੂਹ ਆਗੂਆਂ ਨੂੰ ਜੀ ਆਇਆਂ ਕਿਹਾ। ਇਸ ਉਪਰੰਤ ਜ਼ਿਲ੍ਹਾ ਜਨਰਲ ਸਕੱਤਰ ਰਾਜਵੀਰ ਬਡਰੁੱਖਾਂ ਤੇ ਅਨੁਜ ਸ਼ਰਮਾ ਪ੍ਰੈੱਸ ਸਕੱਤਰ ਵੱਲੋਂ ਸਟੇਜ ਸਕੱਤਰ ਦੀ ਭੂਮਿਕਾ ਬਾਖ਼ੂਬੀ ਨਿਭਾਈ ਗਈ। ਰੋਸ ਰੈਲੀ ਦੇ ਅੰਤ ਵਿੱਚ ਸੂਬਾ ਪ੍ਰਧਾਨ ਵਾਸਵੀਰ ਸਿੰਘ ਭੁੱਲਰ ਤੇ ਸੂਬਾ ਜਨਰਲ ਸਕੱਤਰ ਮਨਦੀਪ ਸਿੰਘ ਸਿੱਧੂ ਨੇ ਐਲਾਨ ਕੀਤਾ ਕਿ ਸਰਕਾਰ ਮੁਲਾਜ਼ਮ ਮੰਗਾਂ ਪ੍ਰਤੀ ਗੰਭੀਰ ਨਹੀਂ ਜਾਪਦੀ ਹੈ, ਇਸ ਲਈ 10 ਅਕਤੂਬਰ ਤੋਂ ਲੈ ਕੇ 15 ਅਕਤੂਬਰ 2022 ਤੱਕ ਸਮੂਹ ਦਫਤਰਾਂ ਵਿੱਚ ਮੁਕੰਮਲ ਕਲਮਛੋੜ ਹੜਤਾਲ ਕਰਨ ਦਾ ਐਲਾਨ ਕੀਤਾ ਗਿਆ ਹੈ।

# ਚੱਕ ਪੰਜ ਕੋਹੀ 'ਚ ਕਿਰਤੀ ਕਿਸਾਨ ਯੂਨੀਅਨ ਦੀ ਇਕਾਈ ਦਾ ਗਠਨ

**ਜਲਾਲਾਬਾਦ, (ਜੀਤ ਕੁਮਾਰ)**-ਕਿਰਤੀ ਕਿਸਾਨ ਯੂਨੀਅਨ ਵੱਲੋਂ ਪਿੰਡ ਚੱਕ ਪੰਜ ਕੋਹੀ (ਕੱਚਾ ਕਾਲੇ ਵਾਲਾ) ਵਿੱਚ 21 ਮੈਂਬਰੀ ਨਵੀਂ ਪਿੰਡ ਇਕਾਈ ਦੀ ਚੋਣ ਕੀਤੀ, ਜਿਸ 'ਚ ਇਕਾਈ ਦਾ ਪ੍ਰਧਾਨ ਜਗਦੀਪ ਰਾਏ, ਮੀਤ ਪ੍ਰਧਾਨ ਬਲਵਿੰਦਰ ਸਿੰਘ, ਖਜ਼ਾਨਚੀ ਬੇਅੰਤ ਸਿੰਘ, ਸਕੱਤਰ ਸੁਰਜੀਤ ਸਿੰਘ ਤੇ ਪ੍ਰਚਾਰ ਸਕੱਤਰ ਨਗਿੰਦਰ ਸਿੰਘ ਨੂੰ ਚੁਣਿਆ ਗਿਆ ਅਤੇ ਬਾਕੀਆਂ ਨੂੰ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਡਾ. ਸੁਖਚੈਨ ਸਿੰਘ, ਕੁਲਵਿੰਦਰ ਝੁੱਗੀਆਂ ਆਨੰਦ ਸਿੰਘ ਵਾਲਾ, ਕਾਮਰੇਡ ਮਨਦੀਪ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਫਾਜ਼ਿਲਕਾ ਤੇ ਇਸ ਦੇ ਨਾਲ ਲੱਗਦੇ ਇਲਾਕਿਆਂ ਦਾ ਪਾਣੀ ਧਰਤੀ ਹੇਠਲਾ ਜ਼ਹਿਰੀਲਾ ਹੋਣ ਕਰਕੇ ਪੀਣ ਯੋਗ ਨਹੀਂ ਰਿਹਾ, ਪਰ ਮਜਬੂਰੀ ਵੱਸ ਲੋਕਾਂ ਨੂੰ ਇਹ ਦੂਸ਼ਿਤ ਪਾਣੀ ਪੀਣਾ ਪੈ ਰਿਹਾ ਹੈ, ਜਿਸ ਕਰਕੇ ਲੋਕ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਪਰ ਕੇਂਦਰ ਤੇ ਸੂਬਾ ਸਰਕਾਰਾਂ ਦਾ ਇਸ ਵੱਲ ਕੋਈ ਧਿਆਨ ਨਹੀਂ ਹੈ, ਜਿਸ ਕਾਰਨ ਸਾਡੇ ਪਸ਼ੂ ਵੀ ਦਵਾਈਆਂ ਤੇ ਸਾਡੇ ਖੇਤ ਵੀ ਦਵਾਈਆਂ ਅਤੇ ਅਸੀਂ ਖ਼ੁਦ ਵੀ ਦਵਾਈਆਂ 'ਤੇ ਚੱਲਣ ਲਈ ਮਜਬੂਰ ਹਾਂ। ਉਨ੍ਹਾਂ ਕਿਹਾ ਕਿ ਪਾਣੀ ਤੇ ਖੇਤੀ ਮਾਡਲ ਦੇ ਮੁੱਦੇ ਨੂੰ ਲੈ ਕੇ ਸਰਕਾਰ ਨੂੰ ਜਗਾਉਣ ਲਈ 9 ਅਕਤੂਬਰ ਨੂੰ ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਫਾਜ਼ਿਲਕਾ ਦੀ ਕਨਵੈਨਸ਼ਨ ਪਿੰਡ ਚੱਕ ਪੰਜ ਕੋਹੀ (ਕੱਚਾ ਕਾਲੇ ਵਾਲਾ) ਕਰਾਉਣ ਦਾ ਫੈਸਲਾ ਕੀਤਾ। ਇਸ ਮੌਕੇ ਹਰਮੀਤ ਸਿੰਘ ਝੁੱਗੀਆਂ ਨੰਦ ਸਿੰਘ ਵਾਲਾ, ਸਾਹਿਬ ਸਿੰਘ, ਗੁਰਪਿਆਰ ਸਿੰਘ, ਸੁਖਪਾਲ ਸਿੰਘ ਆਦਿ ਹਾਜ਼ਰ ਸਨ।

## ਕਾਤਰਾਂ

### *ਭਗਤੀ ਭਜਨ ਗਰੁੱਪ ਵੱਲੋਂ ਕੰਜਕ ਪੂਜਨ*

***ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਹਾਰਮਨੀ ਆਯੁਰਵੈਦਿਕ ਕਾਲਜ ਤੇ ਹਸਪਤਾਲ ਫਿਰੋਜ਼ਪੁਰ ਵਿਖੇ ਸੇਵਾ ਭਾਰਤੀ ਫਿਰੋਜ਼ਪੁਰ ਸ਼ਹਿਰ ਤੇ ਭਗਤੀ ਭਜਨ ਗਰੁੱਪ ਵੱਲੋਂ ਕੰਜਕ ਪੂਜਨ ਪ੍ਰੋਗਰਾਮ ਕਰਾਇਆ ਗਿਆ। ਇਸ ਪ੍ਰੋਗਰਾਮ ਦਾ ਆਰੰਭ ਮਾਤਾ ਦੀ ਜੋਤ ਜਗਾ ਕੇ ਕੀਤਾ ਗਿਆ। ਸ਼ੁਰੂਆਤ ਵਿੱਚ ਮਾਤਾ ਦੀਆਂ ਭੇਟਾਂ ਧਰਮਪਾਲ ਬਾਂਸਲ ਵੱਲੋਂ ਗਾਈਆਂ ਗਈਆਂ। ਇਸ ਮੌਕੇ ਮਾਤਾ ਜੀ ਦੀ ਆਰਤੀ ਕੀਤੀ ਗਈ। ਇਸ ਕੰਜਕ ਪੂਜਨ ਪ੍ਰੋਗਰਾਮ ਰਾਹੀਂ ਇਹ ਸੰਦੇਸ਼ ਦਿੱਤਾ ਗਿਆ ਕਿ ਸਾਨੂੰ ਲੜਕੀਆਂ ਨੂੰ ਹਰ ਪੱਖੋਂ ਆਦਰ ਸਨਮਾਨ ਦੇਣਾ ਚਾਹੀਦਾ ਹੈ। ਅੰਤ 'ਚ ਸੇਵਾ ਭਾਰਤੀ ਦੇ ਪ੍ਰਧਾਨ ਅਸ਼ੋਕ ਗਰਗ ਵੱਲੋਂ ਆਏ ਹੋਏ ਸਾਰੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ।*

### *ਸਾਲਾਨਾ ਸਮਾਗਮ ਸੰਬੰਧੀ ਕਾਰਜਕਾਰਨੀ ਦੀ ਇਕੱਤਰਤਾ 9 ਨੂੰ*

***ਸੰਗਰੂਰ, (ਪ੍ਰਵੀਨ ਸਿੰਘ)**-ਮਾਲਵਾ ਲਿਖਾਰੀ ਸਭਾ (ਰਜਿ:) ਦੀ ਕਾਰਜਕਾਰਨੀ ਦੀ ਵਿਸ਼ੇਸ਼ ਇਕੱਤਰਤਾ 9 ਅਕਤੂਬਰ ਨੂੰ ਸਵੇਰੇ ਸਹੀ 10:00 ਵਜੇ ਸਿਟੀ ਪਾਰਕ ਵਿਖੇ ਰੱਖੀ ਗਈ ਹੈ। ਇਸ ਇਕੱਤਰਤਾ ਵਿੱਚ ਨਵੰਬਰ ਮਹੀਨੇ ਵਿੱਚ ਕਰਾਏ ਜਾਣ ਵਾਲੇ ਸਭਾ ਦੇ ਅੱਠਵੇਂ ਸਾਲਾਨਾ ਸਮਾਗਮ ਦੀ ਰੂਪ-ਰੇਖਾ ਤਿਆਰ ਕੀਤੀ ਜਾਵੇਗੀ। ਸਭਾ ਦੇ ਪ੍ਰੈੱਸ ਸਕੱਤਰ ਅਮਨ ਜੱਖਲਾਂ ਨੇ ਦੱਸਿਆ ਕਿ ਇਸ ਮੌਕੇ ਸਭਾ ਵੱਲੋਂ ਦਿੱਤੇ ਜਾਣ ਵਾਲੇ ਸਾਲਾਨਾ ਪੁਰਸਕਾਰਾਂ ਲਈ ਸਾਹਿਤਕਾਰਾਂ ਦੇ ਨਾਵਾਂ ਦੀ ਚੋਣ ਵੀ ਕੀਤੀ ਜਾਵੇਗੀ।*

### *ਡੀ ਸੀ ਵੱਲੋਂ ਝੋਨੇ ਦੇ ਸੁਚੱਜੇ ਖ੍ਰੀਦ ਪ੍ਰਬੰਧਾਂ ਸਬੰਧੀ ਮੀਟਿੰਗ*

***ਬਰਨਾਲਾ,(ਰਜਿੰਦਰ ਬਰਾੜ/ਗੁਰਪ੍ਰੀਤ ਸਿੰਘ)**-ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੇ ਸੁਚੱਜੇ ਖਰੀਦ ਪ੍ਰਬੰਧ ਕੀਤੇ ਜਾਣ ਤਾਂ ਜੋ ਕਿਸਾਨਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਬਰਨਾਲਾ ਡਾ. ਹਰੀਸ਼ ਨਈਅਰ ਨੇ ਝੋਨੇ ਦੀ ਖਰੀਦ ਸਬੰਧੀ ਫੂਡ ਸਪਲਾਈ ਅਧਿਕਾਰੀਆਂ, ਆੜ੍ਹਤੀਆਂ, ਖਰੀਦ ਏਜੰਸੀਆਂ, ਮਾਰਕੀਟ ਕਮੇਟੀ ਅਧਿਕਾਰੀਆਂ, ਮੰਡੀ ਬੋਰਡ ਅਧਿਕਾਰੀਆਂ, ਟਰਾਂਸਪੋਰਟਰਾਂ ਤੇ ਹੋਰ ਧਿਰਾਂ ਨਾਲ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਭਾਵੇਂ ਬਹੁਤੀ ਫਸਲ ਅਜੇ ਮੰਡੀਆਂ ਵਿੱਚ ਨਹੀਂ ਆਈ ਹੈ, ਪਰ ਉਸ ਤੋਂ ਪਹਿਲਾਂ ਸਾਰੇ ਤਰ੍ਹਾਂ ਦੇ ਪ੍ਰਬੰਧ ਸੁਚੱਜੇ ਰੂਪ ਵਿੱਚ ਕੀਤੇ ਜਾਣ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਮੰਡੀਆਂ ਦੀ ਸਾਫ ਸਫਾਈ, ਬਾਰਦਾਨੇ, ਲੇਬਰ, ਟਰਾਂਸਪੋਰਟ ਆਦਿ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਆੜ੍ਹਤੀਆ ਐਸੋਸੀਏਸ਼ਨ ਨੂੰ ਕਿਹਾ ਕਿ ਉਹ ਕਿਸਾਨਾਂ ਨੂੰ ਸੁੱਕਾ ਝੋਨਾ ਮੰਡੀਆਂ ਵਿੱਚ ਲਿਆਉਣ ਵਾਸਤੇ ਪ੍ਰੇਰਿਤ ਕਰਨ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਨੇ ਪ੍ਰਸ਼ਾਸਨ ਨੂੰ ਪੂਰਨ ਵਿਸ਼ਵਾਸ ਦਿਵਾਇਆ ਕਿ ਉਕਤ ਸੀਜ਼ਨ ਦੌਰਾਨ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਡਿਪਟੀ ਕਮਿਸ਼ਨਰ ਵੱਲੋਂ ਟਰਾਂਸਪੋਰਟਰਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਗਈਆਂ।ਇਸ ਮੌਕੇ ਐੱਸ ਡੀ ਐੱਮ ਗੋਪਾਲ ਸਿੰਘ, ਸਹਾਇਕ ਕਮਿਸ਼ਨਰ ਸੁਖਪਾਲ ਸਿੰਘ, ਵੱਖ ਵੱਖ ਖ਼ਰੀਦ ਏਜੰਸੀਆਂ ਦੇ ਡੀ ਐਮਜ਼ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਆੜ੍ਹਤੀਆ ਐਸੋਸੀਏਸ਼ਨ ਦੇ ਨੁਮਾਇੰਦੇ ਹਾਜ਼ਰ ਸਨ।*



# ਜੀਵਨ ਮੱਲ ਸਕੂਲ 'ਚ ਪਰਾਲੀ ਨੂੰ ਨਾ ਸਾੜਨ ਸੰਬੰਧੀ ਬੱਚਿਆਂ ਨੂੰ ਜਾਗਰੂਕ ਕੀਤਾ



ਅਧਿਆਪਕ ਬੱਚਿਆਂ ਨੂੰ ਪਰਾਲੀ ਨਾ ਸਾੜਨ ਬਾਰੇ ਜਾਗਰੂਕ ਕਰਦੇ ਹੋਏ।

**ਜੀਰਾ (ਨਰਿੰਦਰ)** ਪੰਜਾਬ ਸਰਕਾਰ ਦੀਆਂ ਹਦਾਇਤਾਂ ਪਰਾਲੀ ਨੂੰ ਅੱਗ ਨਾ ਲਾਉਣ ਸੰਬੰਧੀ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਅੰਮ੍ਰਿਤ ਸਿੰਘ ਆਈਏਐੱਸ ਤੇ ਵਧੀਕ ਡਿਪਟੀ ਕਮਿਸ਼ਨਰ (ਜ) ਸਾਗਰ ਸੇਤੀਆ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜੀਵਨ ਮੱਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜ਼ੀਰਾ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਫ਼ਿਰੋਜ਼ਪੁਰ ਚਮਕੌਰ ਸਿੰਘ ਸਰਾਂ ਦੀ ਅਗਵਾਈ ਵਿੱਚ ਬੱਚਿਆਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਸੰਬੰਧੀ ਜਾਗਰੂਕ ਕੀਤਾ ਗਿਆ।

ਸਕੂਲ ਦੇ ਪ੍ਰਿੰਸੀਪਲ ਕਰਮਜੀਤ ਸਿੰਘ ਜੋਸਨ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਝੋਨੇ ਤੇ ਕਣਕ ਦੀ ਫ਼ਸਲ ਵੱਢਣ ਤੋਂ ਬਾਅਦ ਪਰਾਲੀ ਨੂੰ ਅੱਗ ਲਾਉਣ ਨਾਲ ਵਾਤਾਵਰਣ ਦੂਸ਼ਿਤ ਹੁੰਦਾ ਹੈ, ਜਿਸ ਕਰਕੇ ਸਾਨੂੰ ਸਾਰਿਆਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਪਰਾਲੀ ਨੂੰ ਅੱਗ ਨਾ ਲਾਉਣ ਸੰਬੰਧੀ ਹੋਰਾਂ ਲੋਕਾਂ ਨੂੰ ਵੀ ਜਾਗਰੂਕ ਕਰਨਾ ਚਾਹੀਦਾ ਹੈ। ਸਕੂਲ ਦੇ ਅਧਿਆਪਕ ਨਵੀਨ ਕੁਮਾਰ ਸਚਦੇਵਾ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਕਈ ਤਰ੍ਹਾਂ ਦੇ ਜੀਵ ਜੰਤੂਆਂ ਦੀ ਵੀ ਮੌਤ ਹੋ ਜਾਂਦੀ ਹੈ।

ਪਰਾਲੀ ਦੀ ਅੱਗ ਤੋਂ ਜੋ ਧੂੰਆਂ ਉੱਠਦਾ ਹੈ, ਉਹ ਹਰ ਇੱਕ ਵਿਅਕਤੀ ਲਈ ਨੁਕਸਾਨਦੇਹ ਹੈ।

ਹਰਪ੍ਰੀਤ ਸਿੰਘ ਬੈਂਸ ਡੀ ਪੀ ਈ ਨੇ ਬੱਚਿਆਂ ਨੂੰ ਦੱਸਿਆ ਕਿ ਉਹ ਆਪਣੇ ਖੇਤਾਂ ਵਿੱਚ ਪਿਛਲੇ ਚਾਰ ਸਾਲ ਤੋਂ ਪਰਾਲੀ ਨੂੰ ਅੱਗ ਨਹੀਂ ਲਾ ਰਹੇ ਸਗੋਂ ਪਰਾਲੀ ਤੇ ਨਾੜ ਨੂੰ ਖੇਤ ਵਿੱਚ ਵਿੱਚੇ ਵਾਹ ਕੇ ਫ਼ਸਲ ਬੀਜਦੇ ਹਨ, ਜਿਸ ਦਾ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਹੋਇਆ, ਸਗੋਂ ਇਸ ਤਰੀਕੇ ਨਾਲ ਖੇਤਾਂ ਵਿਚੋਂ ਫ਼ਸਲ ਦਾ ਝਾੜ ਵੱਧ ਨਿਕਲਦਾ ਹੈ।

ਪਰਾਲੀ ਨੂੰ ਅੱਗ ਨਾ ਲਾਉਣ ਸਬੰਧੀ ਸਕੂਲ ਵਿੱਚ ਬੱਚਿਆਂ ਦੇ ਲੇਖ ਤੇ ਪੇਂਟਿੰਗ ਮੁਕਾਬਲੇ ਵੀ ਕਰਾਏ ਗਏ। ਇਸ ਸਮੇਂ ਹਾਜ਼ਰ ਅਧਿਆਪਕਾਂ ਵਿੱਚ ਗੁਰਮੀਤ ਸਿੰਘ ਸੰਧੂ, ਮਾਨ ਸਿੰਘ, ਅਮਰਜੀਤ ਸਿੰਘ, ਦਵਿੰਦਰ ਸਿੰਘ ਸੰਧੂ, ਦਿਲਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਅਮਰਿੰਦਰ ਸਿੰਘ, ਬਲਜੀਤ ਸਿੰਘ, ਸੁਨੀਤਾ ਸਚਦੇਵਾ, ਕੁਲਵੰਤ ਕੌਰ, ਰਿਚਾ, ਮਮਤਾ ਪੁਰੀ ਤੇ ਅਜੇ ਕੁਮਾਰ ਆਦਿ ਹਾਜ਼ਰ ਸਨ।

# ਰਾਜ ਪੱਧਰੀ ਸਵੱਛ ਭਾਰਤ ਦਿਵਸ ਮੌਕੇ ਜ਼ਿਲ੍ਹਾ ਫਤਹਿਗੜ੍ਹ ਦੇ ਪਿੰਡ ਖੇੜੀ ਬੀਰ ਦੀ ਪੰਚਾਇਤ ਨੂੰ ਕੀਤਾ ਸਨਮਾਨਤ



**ਬੱਸੀ ਪਠਾਣਾਂ/ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਕਾਰਜਕਾਰੀ ਇੰਜਨੀਅਰ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਸ੍ਰੀ ਜਸਇੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੁਸ਼ਿਆਰਪੁਰ ਵਿਖੇ ਰਾਜ ਪੱਧਰੀ ਸਵੱਛ ਭਾਰਤ ਦਿਵਸ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਉਨ੍ਹਾਂ ਦੱਸਿਆ ਕਿ ਹੈ ਇਸੇ ਲੜੀ ਤਹਿਤ ਮਾਲ, ਮੁੜ ਵਸੇਬਾ ਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਬਾਰੇ ਮੰਤਰੀ ਸ੍ਰੀ ਬ੍ਰਹਮ ਸ਼ੰਕਰ ਜਿੰਪਾ ਵੱਲੋਂ ਬਲਾਕ ਬਸੀ ਪਠਾਣਾਂ ਦੇ ਪਿੰਡ ਖੇੜੀ ਬੀਰ ਸਿੰਘ ਦੀ ਪੰਚਾਇਤ ਨੂੰ ਜਲ ਜੀਵਨ ਮਿਸ਼ਨ ਅਧੀਨ ਹਰ ਘਰ ਜਲ, ਹਰ ਘਰ ਨਲ ਮੁਹਿੰਮ ਤਹਿਤ ਸਮੁੱਚੇ ਪਿੰਡ ਦੇ 100 ਫੀਸਦੀ ਘਰਾਂ ਨੂੰ ਪੀਣ ਵਾਲੇ ਪਾਣੀ ਵਾਲਾ ਜ਼ਿਲ੍ਹਾ ਬਣਨ 'ਤੇ ਇੱਕ ਲੱਖ ਰੁਪਏ ਦੀ ਇਨਾਮ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਇਸ ਪਿੰਡ ਦੀ ਪੰਚਾਇਤ ਵੱਲੋਂ ਪਿੰਡ ਦੇ ਗਿੱਲੇ ਤੇ ਸੁੱਕੇ ਕੂੜੇ ਦੀ ਸੁਚੱਜੀ ਵਰਤੋਂ ਕੀਤੀ ਜਾਂਦੀ ਹੈ ਅਤੇ ਪਿੰਡ ਦੇ ਹਰੇਕ ਘਰ ਵਿੱਚ ਪੀਣ ਵਾਲੇ ਸਾਫ਼-ਸੁਥਰੇ ਪਾਣੀ ਦੀ ਸਹੂਲਤ ਉਪਲਬਧ ਹੈ। ਇਸ ਤੋਂ ਇਲਾਵਾ ਪਿੰਡ ਸਾਫ਼ ਸਫ਼ਾਈ ਅਤੇ ਹੋਰ ਸਹੂਲਤਾਂ ਪੱਖੋਂ ਪੂਰੀ ਤਰ੍ਹਾਂ ਲੈਸ ਹੈ।

ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਭਵਿੱਖ ਵਿੱਚ ਵੀ ਸਵੱਛ ਭਾਰਤ ਮਿਸ਼ਨ ਅਧੀਨ ਕਰਾਈਆਂ ਜਾਣ ਵਾਲੀਆ ਗਤੀਵਿਧੀਆਂ ਵਿੱਚ ਵਧ-ਚੜ੍ਹ ਕੰਮ ਕੀਤਾ ਜਾਵੇਗਾ ਤੇ ਜ਼ਿਲ੍ਹੇ ਦੇ ਬਾਕੀ ਪਿੰਡਾਂ ਨੂੰ ਵੀ ਇਸੇ ਤਰ੍ਹਾਂ ਸਾਫ਼-ਸੁਥਰਾ ਬਣਾਇਆ ਜਾਵੇਗਾ।

# 'ਪ੍ਰੀਖਿਆਵਾਂ ਦੀ ਤਿਆਰੀ ਕਿਵੇਂ ਕਰੀਏ' ਬਾਰੇ ਆਨਲਾਈਨ ਵੈਬੀਨਾਰ ਭਲਕੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੰਜਾਬ ਸਰਕਾਰ ਦੁਆਰਾ ਵੱਧ ਤੋਂ ਵੱਧ ਰੋਜ਼ਗਾਰ ਦੇ ਉਪਰਾਲੇ ਮੁਹੱਈਆ ਕਰਵਾਉਣ ਦੇ ਮੰਤਵ ਨੂੰ ਮੁੱਖ ਰੱਖਦੇ ਹੋਏ ਖਵਾਇਸ਼ਾਂ ਦੀ ਉਡਾਨ ਤਹਿਤ 6 ਅਕਤੂਬਰ ਨੂੰ ਸਵੇਰੇ 11 ਵਜੇ ਆਨਲਾਈਨ ਵੈਬੀਨਾਰ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਅਫਸਰ ਹਰਮੇਸ਼ ਕੁਮਾਰ ਨੇ ਦੱਸਿਆ ਕਿ ਇਸ ਆਨਲਾਈਨ ਵੈਬੀਨਾਰ ਵਿੱਚ ਮਿਸਟਰ ਨਰੇਸ਼ ਕੁਮਾਰ ਈਜੀਐੱਸਡੀਟੀਓ ਅੰਮ੍ਰਿਤਸਰ ਵੱਲੋਂ 'ਪੰਜਾਬ ਸਰਕਾਰ ਦੀਆਂ ਆਉਣ ਵਾਲੀਆਂ ਪ੍ਰੀਖਿਆਵਾਂ ਦੀ ਤਿਆਰੀ ਕਿਵੇਂ ਕਰੀਏ' ਦੇ ਵਿਸ਼ੇ ਉੱਤੇ ਪ੍ਰਾਰਥੀਆਂ ਨੂੰ ਗਾਈਡ ਕੀਤਾ ਜਾਵੇਗਾ ਤਾਂ ਜੋ ਨੌਜਵਾਨ ਭਰਪੂਰ ਜਾਣਕਾਰੀ ਹਾਸਲ ਕਰ ਰੋਜ਼ਗਾਰ ਵੱਲ ਵਧ ਸਕਣ। ਉਨ੍ਹਾ ਨੇ ਕਿਹਾ ਕਿ ਇਸ ਵੈਬੀਨਾਰ ਵਿੱਚ ਘੱਟੋ-ਘੱਟ ਬਾਰਵੀਂ ਪਾਸ ਤੇ ਇਸ ਤੋਂ ਉਚੇਰੀ ਸਿੱਖਿਆ ਵਾਲੇ ਪ੍ਰਾਰਥੀ ਬਿਊਰੋ ਵਿੱਚ ਪਹੁੰਚ ਕੇ ਹਿੱਸਾ ਲੈ ਸਕਦੇ ਹਨ।

# ਬਾਬਾ ਫ਼ਰੀਦ ਸਕੂਲ ਛੱਤਿਆਣਾ 'ਚ ਮਨਾਇਆ ਪਿਕਨਿਕ ਡੇਅ



ਬਾਬਾ ਫ਼ਰੀਦ ਸਕੂਲ ਛੱਤਿਆਣਾ ਵਿਖੇ ਪਿਕਨਿਕ ਮਨਾਉਂਦੇ ਬੱਚਿਆਂ ਨਾਲ ਐਮ ਡੀ ਹਰਜੀਤ ਸਿੰਘ ਬਰਾੜ ਤੇ ਸਟਾਫ਼।

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)** ਛੱਤਿਆਣਾ ਵਿਖੇ ਬਾਬਾ ਫ਼ਰੀਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪ੍ਰਿੰਸੀਪਲ ਪਰਮਜੀਤ ਕੌਰ ਬਰਾੜ ਦੀ ਅਗਵਾਈ ਵਿੱਚ ਨੰਨ੍ਹੇ-ਮੁੰਨੇ ਬੱਚਿਆਂ ਦੇ ਮਨੋਰੰਜਨ ਲਈ ਪਿਕਨਿਕ ਡੇਅ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਪਿਕਨਿਕ ਦੌਰਾਨ ਬੱਚਿਆਂ ਨੇ ਖੁੱਲ੍ਹ ਕੇ ਮਨੋਰੰਜਨ ਕੀਤਾ ਤੇ ਇਸ ਮੌਕੇ ਬੱਚਿਆਂ ਲਈ ਮੋਟੂ ਪਤਲੂ ਦੇ ਕਿਰਦਾਰ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ ਨੇ ਦੱਸਿਆ ਕਿ ਪੜ੍ਹਾਈ ਦਾ ਬੋਝ ਹੋਣ ਕਰਕੇ ਬੱਚਿਆਂ ਕੋਲ ਖੁੱਲ੍ਹ ਕੇ ਹੱਸਣ-ਖੇਡਣ ਦਾ ਸਮਾਂ ਬਹੁਤ ਘੱਟ ਹੈ। ਸਵੇਰ ਦੀ ਪਹਿਲੀ ਬਿੱਲ ਤੋਂ ਲੈ ਕੇ ਆਖਰੀ ਬਿੱਲ ਤੱਕ ਬੱਚੇ ਸਕੂਲ ਵਿੱਚ ਅਨੁਸ਼ਾਸਨ ਵਿੱਚ ਰਹਿੰਦੇ ਹਨ ਤੇ ਅੱਜ ਬੱਚਿਆਂ ਕੋਲ ਖੁੱਲ੍ਹਾ ਸਮਾਂ ਹੈ, ਹੱਸਣ-ਖੇਡਣ ਦਾ ਤੇ ਸਕੂਲ ਦੀ ਮੈਨੇਜਮੈਂਟ ਕਮੇਟੀ ਵੱਲੋਂ ਬੱਚਿਆਂ ਦੀ ਹਰ ਸਹੂਲਤ ਨੂੰ ਮੁੱਖ ਰੱਖ ਕੇ ਖੁੱਲ੍ਹ ਕੇ ਮਸਤੀ ਮਾਰਨ ਦੇ ਪੂਰੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਅਸੀਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ 6ਵੀਂ ਕਲਾਸ ਤੋਂ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਦੇ ਹਰ ਸਾਲ ਵਿੱਦਿਅਕ ਟੂਰ ਲਵਾਉਂਦੇ ਹਾਂ ਤੇ ਨਰਸਰੀ ਕਲਾਸ ਤੋਂ ਪੰਜਵੀਂ ਕਲਾਸ ਦੇ ਵਿਦਿਆਰਥੀਆਂ ਲਈ ਇੱਕ ਦਿਨ ਪਿਕਨਿਕ ਡੇਅ ਵਜੋਂ ਮਨਾਇਆ ਜਾਦਾ ਹੈ। ਇਸ ਮੌਕੇ ਕੋਆਰਡੀਨੇਟਰ ਹਰਜੀਤ ਕੌਰ, ਗੁਰਜੋਤ ਸਿੰਘ, ਵੀਰਪ੍ਰੀਤ ਕੌਰ, ਮਨਦੀਪ ਕੌਰ ਕੋਆਰਡੀਨੇਟਰ ਪ੍ਰੀਤੀ ਬੇਦੀ , ਬਲਕਰਨ ਸਿੰਘ ਐਚ ਓ ਡੀ, ਗੁਰਮੇਲ ਸਿੰਘ ਡੀ ਪੀ ਈ ਤੇ ਜਗਮੀਤ ਸਿੰਘ ਸਮੇਤ ਸਮੂਹ ਸਟਾਫ਼ ਵੱਲੋਂ ਪਿਕਨਿਕ ਮਨਾਉਣ ਦੇ ਪ੍ਰਬੰਧਾਂ ਲਈ ਵਿਸ਼ੇਸ਼ ਸਹਿਯੋਗ ਰਿਹਾ।

# ਜ਼ਿੰਦਗੀ 'ਚ ਅੱਗੇ ਵਧਣ ਲਈ ਆਤਮ ਵਿਸ਼ਵਾਸ ਜ਼ਰੂਰੀ : ਅਸ਼ੋਕ ਗਰਗ



**ਰਾਜਪੁਰਾ (ਰਮੇਸ਼ ਕਟਾਰੀਆ)**-ਸਵਾਮੀ ਵਿਵੇਕਾਨੰਦ ਗਰੁੱਪ ਬਨੂੜ ਵਿੱਚ ਹਫ਼ਤਾ ਭਰ ਚੱਲਣ ਵਾਲੇ ਪ੍ਰੋਗਰਾਮ ਦੀ ਸਮਾਪਤੀ ਹੋਈ, ਜਿਸ ਵਿੱਚ ਮੁੱਖ ਮਹਿਮਾਨ ਡਾ. ਹਰੀਸ਼ ਕੁਮਾਰ ਡਾਇਰੈਕਟਰ (ਸੈਂਟਰ ਆਫ ਸਕਿੱਲ ਡਿਵੈਲਪਮੈਂਟ ਅਤੇ ਇੰਟਰਪ੍ਰੇਨੋਉਰਸ਼ਿਪ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਸ਼ਾਮਲ ਹੋਏ।

ਸ੍ਰੀ ਅਸ਼ਵਨੀ ਗਰਗ ਚੇਅਰਮੈਨ, ਸ੍ਰੀ ਅਸ਼ੋਕ ਗਰਗ ਪ੍ਰੈਜ਼ੀਡੈਂਟ, ਪ੍ਰਿੰਸੀਪਲ ਪ੍ਰਤੀਕ ਗਰਗ, ਇੰਟਰਨੈਸ਼ਨਲ ਅਫੇਅਰਜ਼ ਐਡਵਾਈਸਰ ਸ੍ਰੀ ਸੁਨੀਲ ਸੋਨੀ, ਸਾਹਿਲ ਗਰਗ ਤੇ ਵਿਦਿਆਰਥੀ ਨੇ ਸ਼ਿਰਕਤ ਕੀਤੀ।

ਡਾ. ਹਰੀਸ਼ ਗਰਗ ਨੇ ਜ਼ਿੰਦਗੀ ਦੇ ਚੱਕਰ 'ਤੇ ਪੰਜ ਪਹਿਲੂ ਉੱਪਰ ਗੱਲ ਕਰਦੇ ਹੋਏ ਉਨ੍ਹਾਂ ਵਿੱਚੋਂ ਇੱਕ ਆਤਮ ਵਿਸ਼ਵਾਸ ਬਾਰੇ ਦੱਸਿਆ ਤੇ ਕਿਹਾ ਕਿ ਜੇ ਤੁਸੀਂ ਇਨ੍ਹਾਂ ਦਾ ਸਹੀ ਇਸਤੇਮਾਲ ਕਰਦੇ ਹੋ ਤਾਂ ਨੌਕਰੀ ਕਰੋ, ਭਾਵੇਂ ਬਿਜ਼ਨੈੱਸ ਤੁਸੀਂ ਸਫ਼ਲ ਹੋ ਸਕਦੇ ਹੋ।

ਸ੍ਰੀ ਅਸ਼ੋਕ ਗਰਗ ਨੇ ਕਿਹਾ ਕਿ ਪ੍ਰੋਗਰਾਮ ਕਾਫ਼ੀ ਗਿਆਨ ਵਾਲਾ ਸੀ ਤੇ ਸਿੱਖਣ ਦੀ ਕੋਈ ਉਮਰ ਨਹੀਂ ਹੁੰਦੀ। ਸ੍ਰੀ ਅਸ਼ਵਨੀ ਗਰਗ ਨੇ ਕਿਹਾ ਕਿ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਆਤਮ ਵਿਸ਼ਵਾਸ ਬਹੁਤ ਜ਼ਰੂਰੀ ਹੈ ਤੇ ਉਨ੍ਹਾਂ ਨੇ ਆਪਣਾ ਤਜਰਬਾ ਵੀ ਸਾਂਝਾ ਕੀਤਾ।

ਸ੍ਰੀ ਪ੍ਰਤੀਕ ਗਰਗ ਤੇ ਸ੍ਰੀ ਸੁਨੀਲ ਸੋਨੀ ਨੇ ਆਏ ਮਹਿਮਾਨ ਦਾ ਧੰਨਵਾਦ ਕੀਤਾ ਤੇ ਯਾਦਗਾਰ ਚਿੰਨ੍ਹ ਭੇਟ ਕੀਤਾ।

# ਨਿਰਮਲ ਸਿੰਘ ਗਿੱਲ ਰੈਵੀਨਿਊ ਪਟਵਾਰ ਯੂਨੀਅਨ ਪੰਜਾਬ ਦੇ ਨੁਮਾਇੰਦਾ ਚੁਣੇ

**ਬਧਨੀ ਕਲਾਂ/ਅਜੀਤਵਾਲ (ਨਛੱਤਰ ਸੰਧੂ)** ਬੱਧਨੀ ਕਲਾਂ ਵਿਖੇ ਦੀ ਰੈਵੀਨਿਊ ਪਟਵਾਰ ਯੂਨੀਅਨ ਨਿਹਾਲ ਸਿੰਘ ਵਾਲਾ ਵੱਲੋਂ ਨਿਰਮਲ ਸਿੰਘ ਗਿੱਲ 'ਦੀ ਰੈਵੀਨਿਊ ਪਟਵਾਰ ਯੂਨੀਅਨ ਪੰਜਾਬ (ਰਜਿ)' ਦੀ ਹੋਈ ਚੋਣ ਵਿੱਚ ਨੁਮਾਇੰਦਾ ਕੁੱਲ ਹਿੰਦ ਚੁਣੇ ਜਾਣ ਤੋਂ ਬਾਅਦ ਨਿੱਘਾ ਸਵਾਗਤ ਕੀਤਾ ਤੇ ਲੱਡੂ ਵੰਡ ਕੇ ਖ਼ੁਸ਼ੀ ਮਨਾਈ ਗਈ।

ਨਿਰਮਲ ਸਿੰਘ ਗਿੱਲ ਨੇ ਇਸ ਮੁਕਾਮ 'ਤੇ ਪੁਚਾਉਣ ਲਈ ਵਿਸ਼ੇਸ਼ ਕਰਕੇ ਗੁਰਦੇਵ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਮੋਗਾ, ਹਰਪ੍ਰੀਤ ਸਿੰਘ ਦੌਲਤਪਰਾ ਜਨਰਲ ਸਕੱਤਰ ਜ਼ਿਲ੍ਹਾ ਮੋਗਾ, ਸਾਰੰਗ ਖ਼ਜ਼ਾਨਚੀ ਜ਼ਿਲ੍ਹਾ ਮੋਗਾ, ਮੱਖਣ ਸਿੰਘ ਤਹਿਸੀਲ ਪ੍ਰਧਾਨ ਨਿਹਾਲ ਸਿੰਘ ਵਾਲਾ, ਮਨਪ੍ਰੀਤ ਸਿੰਘ ਬਰਾੜ ਤਹਿਸੀਲ ਪ੍ਰਧਾਨ ਮੋਗਾ, ਸੰਦੀਪ ਸਿੰਘ ਗਿੱਲ ਤਹਿਸੀਲ ਪ੍ਰਧਾਨ ਬਾਘਾਪੁਰਾਣਾ, ਨਵਦੀਪ ਸਿੰਘ ਤਹਿਸੀਲ ਪ੍ਰਧਾਨ ਧਰਮਕੋਟ ਤੇ ਜ਼ਿਲ੍ਹੇ ਦੇ ਸਮੂਹ ਪਟਵਾਰੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਉਹ ਪੂਰੀ ਤਨਦੇਹੀ ਨਾਲ ਜਥੇਬੰਦੀ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਰਹਿਣਗੇ।

ਦੱਸਣਯੋਗ ਹੈ ਕਿ ਨਿਰਮਲ ਸਿੰਘ ਗਿੱਲ ਪਿਛਲੇ ਦੋ ਸਾਲ ਤੋਂ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਇਸ ਮੌਕੇ ਗੁਰਪ੍ਰੀਤ ਸਿੰਘ ਕਾਨੂੰਗੋ, ਮੱਖਣ ਸਿੰਘ ਤਹਿਸੀਲ ਪ੍ਰਧਾਨ ਨਿਹਾਲ ਸਿੰਘ ਵਾਲਾ, ਸ਼ਮਿੰਦਰ ਸਿੰਘ ਪਟਵਾਰੀ, ਗੁਰਮੀਤ ਸਿੰਘ ਬਰਾੜ ਪਟਵਾਰੀ, ਕੁਲਦੀਪ ਸਿੰਘ ਪਟਵਾਰੀ, ਗੁਰਪ੍ਰੀਤ ਸਿੰਘ ਪਟਵਾਰੀ, ਕਿਰਨਪਾਲ ਕੌਰ ਪਟਵਾਰੀ, ਅਰਵਿੰਦਰ ਸਿੰਘ ਰੀਡਰ, ਬੂਟਾ ਸਿੰਘ, ਗੁਰਜੀਤ ਸਿੰਘ, ਮਿੰਟੂ, ਪ੍ਰਭਦੀਪ ਸਿੰਘ, ਤਰਨਜੀਤ ਸਿੰਘ, ਸਤਨਾਮ ਸਿੰਘ, ਭਿੰਦਾ ਤੇ ਪਲਵਿੰਦਰ ਸਿੰਘ ਸੇਵਾਦਾਰ ਆਦਿ ਹਾਜ਼ਰ ਸਨ।



# ਸਿੱਖ ਸਦਭਾਵਨਾ ਦਲ ਵੱਲੋਂ 18 ਨੂੰ ਫ਼ਤਹਿਗੜ੍ਹ ਸਾਹਿਬ ਤੋਂ ਕੱਢਿਆ ਜਾਵੇਗਾ ਨੀਤੀ ਮਾਰਚ



ਨੀਤੀ ਮਾਰਚ ਸਬੰਧੀ ਜਾਣਕਾਰੀ ਦਿੰਦੇ ਸਿੱਖ ਸਦਭਾਵਨਾ ਦਲ ਦੇ ਅਹੁਦੇਦਾਰ।

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ/ਚੋਰੀ ਹੋਏ 328 ਪਾਵਨ ਸਰੂਪਾਂ ਦੇ ਮਾਮਲੇ ਦੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਦੀ ਮੰਗ ਨੂੰ ਲੈ ਕੇ ਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਸਿੱਖ ਸਦਭਾਵਨਾ ਦਲ ਵੱਲੋਂ 18 ਅਕਤੂਬਰ ਨੂੰ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਲੈ ਕੇ ਮੁੱਖ ਮੰਤਰੀ ਦੀ ਸੰਗਰੂਰ ਵਿਚਲੀ ਰਿਹਾਇਸ਼ ਤੱਕ ਨੀਤੀ ਮਾਰਚ ਕੱਢਿਆ ਜਾਵੇਗਾ। ਸਿੱਖ ਸਦਭਾਵਨਾ ਦਲ ਦੇ ਭਾਈ ਬਚਿੱਤਰ ਸਿੰਘ ਸੰਗਰੂਰ ਤੇ ਭਾਈ ਭੁਪਿੰਦਰ ਸਿੰਘ ਬਹਾਦਰਗੜ੍ਹ ਨੇ ਦਿੱਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਬਾਦਲਕਿਆਂ ਵੱਲੋਂ ਲਾਪਤਾ/ਚੋਰੀ ਕਰਾਏ ਗਏ ਅਤੇ ਵੇਚੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਲਈ ਵਕੀਲ ਈਸ਼ਰ ਸਿੰਘ ਨੂੰ ਨਿਯੁਕਤ ਕੀਤਾ ਗਿਆ ਸੀ, ਜਿਨ੍ਹਾਂ ਵੱਲੋਂ ਜਾਂਚ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਨੂੰ 1100 ਸਫ਼ਿਆਂ ਦੀ ਰਿਪੋਰਟ ਸੌਂਪੀ ਗਈ ਸੀ, ਜਿਸ ਵਿੱਚ ਸ਼੍ਰੋਮਣੀ ਕਮੇਟੀ ਨਾਲ ਸੰਬਧਿਤ 32 ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ ਤੇ ਉਦੋਂ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਦੋਸ਼ੀਆਂ ਵਿਰੁੱਧ ਪੁਲਸ ਦਰਜ ਕਰਾਉਣ ਦੇ ਦਿੱਤੇ ਗਏ ਬਿਆਨ ਦੇ ਬਾਵਜੂਦ 23 ਮਹੀਨੇ ਬੀਤ ਜਾਣ ਉਪਰੰਤ ਵੀ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ।

ਉਨ੍ਹਾਂ ਕਿਹਾ ਕਿ ਇਸ ਨੀਤੀ ਮਾਰਚ ਦਾ ਮਕਸਦ ਗੁਰੂ ਸਾਹਿਬ ਦੇ ਸਰੂਪਾਂ ਦੇ ਮਾਮਲੇ ਦੇ ਅਸਲ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣਾ, ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਅਤੇ ਜਮੂਰੀਅਤ ਦੇ ਹੋ ਰਹੇ ਘਾਣ ਨੂੰ ਰੋਕਣ ਲਈ ਪਿੰਡਾਂ ਸ਼ਹਿਰਾਂ ਦੇ ਲੋਕਾਂ ਨੂੰ ਜਾਗਰੂਕ ਕਰਨਾ ਹੈ ਤੇ ਇਸ ਮਾਰਚ ਦੌਰਾਨ ਸ਼ਬਦ ਕੀਰਤਨ ਦਾ ਗਾਇਨ ਅਤੇ ਗੁਰਮਤਿ ਵਿਚਾਰਾਂ ਹੀ ਕੀਤੀਆਂ ਜਾਣਗੀਆਂ। ਇਸ ਮੌਕੇ ਉਨ੍ਹਾਂ ਤੋਂ ਇਲਾਵਾ ਭਾਈ ਗੁਰਮੀਤ ਸਿੰਘ ਥੂਹੀ ਤੇ ਭਾਈ ਗੁਰਵਿੰਦਰ ਸਿੰਘ ਵੀ ਮੌਜੂਦ ਸਨ।

# ਮਾਤਾ ਸੁੰਦਰੀ ਗਰੁੱਪ ਢੱਡੇ 'ਚ ਟਰਾਂਸਪੋਰਟ ਵਿਭਾਗ ਨੂੰ ਮੁਫ਼ਤ ਵਰਦੀਆਂ ਵੰਡੀਆਂ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਮਾਤਾ ਸੁੰਦਰੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਢੱਡੇ ਦੇ ਟਰਾਂਸਪੋਰਟ ਵਿਭਾਗ ਦੇ ਸਮੂਹ ਕ੍ਰਮਚਾਰੀਆਂ ਨੂੰ ਮਾਣਯੋਗ ਮੈਨੇਜਮੈਂਟ ਵੱਲੋਂ ਵਰਦੀਆਂ ਦਿੱਤੀਆਂ ਗਈਆਂ।

ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਢੱਡੇ ਤੇ ਐਮ.ਡੀ ਗੁਰਬਿੰਦਰ ਸਿੰਘ ਨੇ ਕਿਹਾ ਕਿ ਸੰਸਥਾ ਸਮੇਂ-ਸਮੇਂ ਸਿਰ ਪੰਜਾਬ ਸਰਕਾਰ ਦੇ ਟਰਾਸਪੋਰਟ ਵਿਭਾਗ ਦੀਆਂ ਹਦਾਇਤਾਂ ਦੀ ਇਨ-ਬਿਨ ਪਾਲਣਾ ਕਰਨ ਲਈ ਵਚਨਬੱਧ ਹੈ। ਪ੍ਰਿੰਸੀਪਲ ਪ੍ਰੋ. ਰਾਜ ਸਿੰਘ ਬਾਘਾ ਨੇ ਕਿਹਾ ਕਿ ਇਸ ਨਾਲ ਟਰਾਂਸਪੋਰਟ ਦੇ ਵਿਭਾਗ ਨੂੰ ਪਾਰਦਰਸ਼ਤਾ ਮਿਲ ਗਈ ਹੈ ਤੇ ਹਰ ਇੱਕ ਕ੍ਰਮਚਾਰੀ ਨੂੰ ਇੱਕ ਵੱਖਰੀ ਆਈ.ਡੀ ਮਿਲ ਗਈ ਹੈ। ਮਾਣਯੋਗ ਮੈਨੇਜਮੈਂਟ ਵੱਲੋਂ ਐਫ਼.ਟੀ ਵਿਭਾਗ ਤੇ ਵਿਦਿਆਰਥਣਾਂ ਦਾ ਵਿਸ਼ੇਸ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਵਰਦੀਆਂ ਤਿਆਰ ਕੀਤੀਆਂ ਗਈਆ।

ਇਸ ਮੌਕੇ ਪ੍ਰਸ਼ਾਸਕੀ ਡਾਇਰੈਕਟਰ ਮੈਡਮ ਸਿੰਬਲਜੀਤ ਕੌਰ, ਖ਼ਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ, ਕਾਨਵੈਂਟ ਸਕੂਲ ਦੇ ਪ੍ਰਿੰਸੀਪਲ ਪ੍ਰੋ. ਮਨਪ੍ਰੀਤ ਕੌਰ, ਸਮੂਹ ਵਿਭਾਗਾਂ ਦੇ ਮੁਖੀ ਸਹਿਬਾਨ ਤੇ ਸਮੂਹ ਸਟਾਫ਼ ਹਾਜ਼ਰ ਸੀ।

# ਵਿਆਹੁਤਾ ਵੱਲੋਂ ਸਹੁਰਾ ਪਰਵਾਰ 'ਤੇ ਕੁੱਟ-ਮਾਰ ਦੇ ਦੋਸ਼

### * ਪੁਲਸ ਦੇ ਉੱਚ ਅਧਿਕਾਰੀਆਂ ਤੋਂ ਇਨਸਾਫ ਦੀ ਮੰਗ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਪਿੰਡ ਤੂਤਾਂ ਵਾਲੀ ਦੀ ਇੱਕ ਵਿਆਹੁਤਾ ਨੇ ਆਪਣੇ ਸਹੁਰੇ ਪਰਵਾਰ 'ਤੇ ਉਸ ਨਾਲ ਕੁੱਟ-ਮਾਰ ਕਰਨ ਤੋਂ ਇਲਾਵਾ ਹੋਰ ਕਈ ਤਰ੍ਹਾਂ ਦੇ ਦੋਸ਼ ਲਗਾਏ ਹਨ। ਇਸ ਬਾਰੇ ਸਿਵਿਲ ਹਸਪਤਾਲ ਫਾਜ਼ਿਲਕਾ 'ਚ ਜ਼ੇਰੇ ਇਲਾਜ ਪੀੜਿਤਾ ਵੀਰਪਾਲ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਦਾ ਵਿਆਹ ਕਰੀਬ ਦੋ ਸਾਲ ਪਹਿਲਾਂ ਫਾਜ਼ਿਲਕਾ ਦੇ ਬਲਾਕ ਖੂਈਆਂ ਸਰਵਰ ਦੇ ਪਿੰਡ ਤੂਤਾਂ ਵਾਲੀ ਨਿਵਾਸੀ ਜਰਨੈਲ ਸਿੰਘ ਨਾਲ ਹੋਇਆ ਸੀ। ਵਿਆਹ ਤੋਂ ਕੁੱਝ ਸਮੇਂ ਬਾਅਦ ਹੀ ਉਸ ਦਾ ਪਤੀ ਜਰਨੈਲ ਸਿੰਘ ਉਸ ਨਾਲ ਕਥਿਤ ਮਾਰ-ਕੁੱਟ ਕਰਦਾ ਸੀ। ਇਸੇ ਤਰ੍ਹਾਂ ਬੀਤੇ ਦਿਨੀਂ ਉਸ ਦੇ ਪਤੀ ਤੋਂ ਇਲਾਵਾ ਉਸ ਦੇ ਸਹੁਰਾ ਪਰਵਾਰ ਨੇ ਉਸ ਨਾਲ ਬਹੁਤ ਜ਼ਿਆਦਾ ਕੁੱਟ-ਮਾਰ ਕੀਤੀ ਤੇ ਉਸ ਨੂੰ ਕਥਿਤ ਬਿਜਲੀ ਦਾ ਕਰੰਟ ਲਗਾ ਕੇ ਬਹੁਤ ਤਸੀਹੇ ਦਿੱਤੇ। ਉਸ ਨੇ ਸਹੁਰੇ ਪਰਿਵਾਰ 'ਤੇ ਉਸ ਦਾ ਕਤਲ ਕਰਨ ਦੀ ਕੋਸ਼ਿਸ਼ ਤੋਂ ਇਲਾਵਾ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਹੈ, ਜਿਸ ਤੋਂ ਬਾਅਦ ਉਹ ਡਰ ਦੀ ਮਾਰੀ ਆਪਣੇ ਪੇਕੇ ਘਰ ਆਪਣੀ ਮਾਂ ਕੋਲ ਚਲੀ ਗਈ। ਉਸ ਨੇ ਆਪਣੇ ਸਹੁਰੇ ਪਰਿਵਾਰ 'ਤੇ ਦੋਸ਼ ਲਗਾਉਂਦਿਆਂ ਦੱਸਿਆ ਕਿ ਉਸ ਦੇ ਪਤੀ ਜਰਨੈਲ ਸਿੰਘ ਤੋਂ ਇਲਾਵਾ ਉਸ ਦਾ ਜੇਠ ਕ੍ਰਮਜੀਤ ਸਿੰਘ ਤੇ ਜੇਠ ਦਾ ਲੜਕਾ ਲਵਦੀਪ ਸਿੰਘ ਤੇ ਲੜਕੀਆਂ ਸੀਮਾਂ ਰਾਣੀ ਤੇ ਸਰਬਜੀਤ ਕੌਰ ਵੀ ਉਸ ਨਾਲ ਕਥਿਤ ਮਾਰ-ਕੁੱਟ ਕਰਵਾ ਕੇ ਘਰੋਂ ਕੱਢ ਦਿੰਦੇ ਹਨ, ਜਿਸ ਤੋਂ ਬਾਅਦ ਉਹ ਪਿੰਡ ਚੱਕ ਖੀਵਾ ਤਹਿਸੀਲ ਜਲਾਲਾਬਾਦ ਪੱ: 'ਚ ਆਪਣੇ ਪੇਕੇ ਘਰ ਰਹਿਣ ਲਈ ਮਜਬੂਰ ਹੋ ਰਹੀ ਹੈ। ਪੀੜਤਾ ਨੇ ਦੱਸਿਆ ਕਿ ਉਸ ਦੀ ਕਰੀਬ 9 ਮਹੀਨਿਆਂ ਦੀ ਇੱਕ ਬੱਚੀ ਵੀ ਹੈ, ਜੋ ਅਕਸਰ ਬਿਮਾਰ ਰਹਿੰਦੀ ਹੈ। ਉਸ ਦੀ ਮਾਂ ਵੱਲੋਂ ਪੰਚਾਇਤ ਰਾਹੀਂ ਘਰ ਵਸਾਉਣ ਦੀ ਬਹੁਤ ਕੋਸ਼ਿਸ਼ ਕੀਤੀ ਗਈ, ਪਰ ਉਕਤ ਮੁਲਜ਼ਮ ਉਸ ਦਾ ਘਰ ਨਾ ਵਸਣ ਦੇਣ ਦੀਆਂ ਸਰੇਆਮ ਧਮਕੀਆਂ ਦਿੰਦੇ ਰਹਿੰਦੇ ਹਨ। ਪੀੜਤਾ ਨੇ ਆਪਣੇ ਸਹੁਰਾ ਪਰਵਾਰ 'ਤੇ ਉਨ੍ਹਾਂ ਕੋਲੋਂ ਦਹੇਜ ਵਿੱਚ ਮੋਟਰਸਾਈਕਲ ਦੀ ਮੰਗ ਕਰਨ ਦੇ ਵੀ ਦੋਸ਼ ਲਗਾਏ ਹਨ।

ਇਸ ਤੋਂ ਇਲਾਵਾ ਪੀੜਤਾ ਨੇ ਪੁਲਸ ਕਰਮਚਾਰੀਆਂ 'ਤੇ ਵੀ ਉਸ ਦੀ ਸੁਣਵਾਈ ਨਾ ਕਰਨ ਦੇ ਦੋਸ਼ ਲਗਾਏ ਹਨ। ਉਸ ਦਾ ਕਹਿਣਾ ਹੈ ਕਿ ਜਦੋਂ ਉਹ ਸਬੰਧਤ ਪੁਲਸ ਮੁਲਾਜ਼ਮਾਂ ਨੂੰ ਮਿਲਣ ਜਾਂਦੇ ਹਨ ਤਾਂ ਅੱਗੋਂ ਉਨ੍ਹਾਂ ਵੱਲੋਂ ਉਸ ਨਾਲ ਇਸ ਮਾਮਲੇ ਨੂੰ ਲੈ ਕੇ ਉਨ੍ਹਾਂ ਦਾ ਮਜ਼ਾਕ ਬਣਾਇਆ ਜਾਂਦਾ ਹੈ।

ਪੀੜਤਾ ਨੇ ਪੁਲਸ ਪ੍ਰਸ਼ਾਸਨ ਤੋਂ ਉਕਤ ਮੁਲਜ਼ਮਾਂ 'ਤੇ ਬਣਦੀ ਕਾਨੂੰਨੀ ਕਾਰਵਾਈ ਕਰਕੇ ਉਸ ਨੂੰ ਇਨਸਾਫ ਦਿਵਾਉਣ ਦੀ ਮੰਗ ਕੀਤੀ ਹੈ।

ਜਦੋਂ ਇਸ ਬਾਰੇ ਸਬੰਧਤ ਪੁਲਸ ਅਧਿਕਾਰੀ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਫੋਨ ਨਹੀਂ ਚੁੱਕਿਆ।

# ਬਿਜਲੀ ਮੁਲਾਜ਼ਮ ਏਕਤਾ ਮੰਚ ਵੱਲੋਂ ਗੇਟ ਰੈਲੀ



**ਮੂਨਕ (ਰਾਜਪਾਲ ਸਿੰਗਲਾ)**-ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਵੱਲੋਂ ਦਿੱਤੇ ਸੰਘਰਸ਼ ਅਨੁਸਾਰ ਸਬ ਡਵੀਜ਼ਨ ਮੂਨਕ ਵਿਖੇ ਗੇਟ ਰੈਲੀ ਕੀਤੀ ਗਈ, ਜਿਸ ਦੀ ਸ਼ੁਰੂਆਤ ਸਬ-ਡਵੀਜ਼ਨ ਮੂਨਕ ਦੇ ਪ੍ਰਧਾਨ ਰਾਮਫਲ ਸਿੰਘ ਤੇ ਹਰਪ੍ਰੀਤ ਸਿੰਘ ਮੂਨਕ ਨੇ ਕੀਤੀ। ਰੈਲੀ ਵਿੱਚ ਸਬ-ਡਵੀਜ਼ਨ ਬੰਗਾ ਦੇ ਪ੍ਰਧਾਨ ਸਿੰਦਰਪਾਲ ਕੁਮਾਰ ਅਮਾਣੀ, ਕਿਸ਼ਨ ਸਿੰਘ, ਹਰਦੀਪ ਸਿੰਘ ਤੇ ਵੱਖ-ਵੱਖ ਬੁਲਾਰਿਆਂ ਨੇ ਪਾਵਰਕਾਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਡੀ.ਏ ਦੀ ਕਿਸ਼ਤਾਂ ਦਾ ਬਕਾਇਆ ਬਹਾਲ ਕੀਤਾ ਜਾਵੇ, ਪੇਅ ਕਮਿਸ਼ਨ ਦੀਆ ਤਰੁੱਟੀਆਂ ਠੀਕ ਕਰਕੇ ਪਿਛਲਾ ਬਕਾਇਆ ਤਰੁੰਤ ਜਾਰੀ ਕੀਤਾ ਜਾਵੇ, ਕੱਟਿਆ ਹੋਇਆ ਪੇਂਡੂ ਭੱਤਾ ਬਹਾਲ ਕੀਤਾ ਜਾਵੇ, ਬੰਦ ਕੀਤਾ ਮੋਬਾਇਲ ਭੱਤਾ ਪੂਰਾ ਜਾਰੀ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, 9-16-23 ਸਾਲਾ ਸਕੇਲ ਜਾਰੀ ਕੀਤਾ ਜਾਵੇ, ਪਾਵਰਕੌਮ ਅਤੇ ਟਰਾਂਸਕੋ ਵਿੱਚ ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ, ਕੰਟਰੈਕਟ 'ਤੇ ਕੰਮ ਕਰਦੇ ਕਾਮਿਆਂ ਨੂੰ ਰੈਗੂਲਰ ਕੀਤਾ ਜਾਵੇ, ਥਰਮਲ ਪਲਾਂਟ ਲਹਿਰਾ ਮੁਹੱਬਤ ਦੀਆ ਕੱਟੀਆਂ ਹੋਈਆਂ। ਪੋਸਟਾਂ ਬਹਾਲ ਕੀਤੀਆਂ ਜਾਣ ਤੇ ਯੂਨਿਟ ਨੰ.2 ਦੀ ਈ.ਐਸ. ਪੀ ਜਲਦੀ ਤੋਂ ਜਲਦੀ ਚਾਲੂ ਕੀਤਾ ਜਾਵੇ ਉਹਨਾਂ ਕਿਹਾ ਕਿ ਜੇਕਰ ਪਾਵਰਕੌਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵਲੋਂ ਮੁਲਾਜ਼ਮਾਂ ਦੀਆਂ ਭਖਦੀਆਂ ਮੰਗਾਂ ਨਾ ਮੰਨੀਆਂ ਤਾਂ 18 ਅਕਤੂਬਰ ਨੂੰ ਪਾਵਰਕਾਮ ਅਤੇ ਟਰਾਂਸਕੋ ਦੇ ਮੁੱਖ ਦਫ਼ਤਰ ਪਟਿਆਲਾ ਵਿਖੇ ਪੰਜਾਬ ਪੱਧਰ ਦਾ ਰੋਸ ਧਰਨਾ ਜਾਵੇਗਾ ਅਤੇ ਹੈੱਡ ਆਫ਼ਿਸ ਦੇ ਤਿੰਨੇ ਗੇਟ ਜਾਮ ਕੀਤੇ ਜਾਣਗੇ।

ਉਨ੍ਹਾਂ ਧਰਨੇ ਵਿੱਚ ਵੱਧ ਤੋਂ ਵੱਧ ਕ੍ਰਮਚਾਰੀਆਂ ਨੂੰ ਪਹੁੰਚਣ ਦੀ ਅਪੀਲ ਕੀਤੀ ਤਾਂ ਜੁ ਮੁਲਾਜ਼ਮਾਂ ਦੀਆਂ ਮੰਗਾਂ ਮਨਵਾਈਆਂ ਜਾ ਸਕਣ। ਰੈਲੀ ਵਿੱਚ ਜਗਤਾਰ ਸਿੰਘ, ਜੀਤ ਸਿੰਘ, ਭੁਪਿੰਦਰ ਸ਼ਰਮਾ, ਰਾਜਪਾਲ ਸਿੰਘ ਬੱਲਰਾਂ, ਗੁਰਮੀਤ ਸਿੰਘ, ਬੂਟਾ ਸਿੰਘ, ਤਰਸੇਮ ਸਿੰਘ ਸੁਖਵਿੰਦਰ ਸਰਮਾ, ਕ੍ਰਿਤਪਾਲ ਸਿੰਘ, ਬਲਵਿੰਦਰ ਸਿੰਘ ਆਦਿ ਅਹੁਦੇਦਾਰਾਂ ਹਾਜ਼ਰ ਹੋਏ।

# ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਖੰਨਾ ਮੰਡੀ ਦਾ ਦੌਰਾ

### * ਖਰੀਦ ਪ੍ਰਬੰਧਾਂ 'ਤੇ ਸੰਤੁਸ਼ਟੀ, ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ



**ਖੰਨਾ,(ਸੁਖਵਿੰਦਰ ਸਿੰਘ ਭਾਦਲਾ, ਭੁਪਿੰਦਰ ਸਿੰਘ ਮੋਨੂੰ)** : ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਸ੍ਰੀ ਕੁਲਦੀਪ ਸਿੰਘ ਧਾਲੀਵਾਲ ਨੇ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਖੰਨਾ ਵਿੱਚ ਪਹੁੰਚ ਕੇ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਖਰੀਦ ਪ੍ਰਬੰਧਾਂ 'ਤੇ ਸੰਤੁਸ਼ਟੀ ਜ਼ਾਹਰ ਕੀਤੀ। ਇਸ ਮੌਕੇ ਉਨ੍ਹਾਂ ਨਾਲ ਵਿਧਾਨ ਸਭਾ ਹਲਕਾ ਖੰਨਾ ਦੇ ਵਿਧਾਇਕ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਵੀ ਸ਼ਾਮਲ ਸਨ।

ਸ੍ਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਉਹ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਵੱਲੋਂ ਦਿੱਤੇ ਨਿਰਦੇਸ਼ਾਂ ਮੁਤਾਬਕ ਪੰਜਾਬ ਦੀਆਂ ਸਾਰੀਆਂ ਅਨਾਜ ਮੰਡੀਆਂ ਦਾ ਦੌਰਾ ਕਰਕੇ ਉੱਥੇ ਚੱਲ ਰਹੇ ਝੋਨੇ ਦੇ ਖਰੀਦ ਪ੍ਰਬੰਧਾਂ ਨੂੰ ਚੈੱਕ ਕਰ ਰਹੇ ਹਨ। ਉਨ੍ਹਾ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਪੰਜਾਬ ਦੀਆਂ ਸਾਰੀਆਂ ਅਨਾਜ ਮੰਡੀਆਂ ਵਿੱਚ ਝੋਨੇ ਦੀ ਖਰੀਦ ਦੇ ਬਹੁਤ ਵਧੀਆ ਪ੍ਰਬੰਧ ਕੀਤੇ ਗਏ ਹਨ। ਉਨ੍ਹਾ ਕਿਹਾ ਕਿਸਾਨਾਂ ਦੇ ਖਰੀਦ ਕੀਤੇ ਗਏ ਝੋਨੇ ਦੀ ਅਦਾਇਗੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 48 ਘੰਟਿਆਂ ਦੇ ਅੰਦਰ-ਅੰਦਰ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਮੰਡੀ ਵਿੱਚ ਝੋਨਾ ਲੈ ਕੇ ਆ ਰਹੇ ਕਿਸੇ ਵੀ ਕਿਸਾਨ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈ ਕੇ ਆਉਣ ਤਾਂ ਜੋ ਤੁਰੰਤ ਖਰੀਦ ਹੋ ਸਕੇ।

ਪੱਤਰਕਾਰਾਂ ਵੱਲੋਂ ਕੈਬਨਿਟ ਮੰਤਰੀ ਸ੍ਰੀ ਧਾਲੀਵਾਲ ਨੂੰ ਪਰਾਲੀ ਸਬੰਧੀ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਸਾਡੀ ਸਰਕਾਰ ਨੇ 1 ਲੱਖ 22 ਹਜ਼ਾਰ ਤੋਂ ਵੱਧ ਪਰਾਲੀ ਸਾਂਭਣ ਵਾਲੀਆਂ ਮਸ਼ੀਨਾਂ ਸਬਸਿਡੀ 'ਤੇ ਦਿੱਤੀਆਂ ਹਨ ਤੇ ਛੋਟੇ ਕਿਸਾਨਾਂ ਲਈ ਵੀ ਪ੍ਰਬੰਧ ਕੀਤੇ ਗਏ ਹਨ। ਵਿਦਿਆਰਥੀਆਂ ਨੂੰ ਨਾਲ ਲੈ ਕੇ ਪੰਜਾਬ ਵਿੱਚ ਵਾਤਾਵਰਣ ਬਚਾਉਣ ਸਬੰਧੀ ਜਾਗਰੂਕ ਮੁਹਿੰਮ ਵੀ ਚਲਾ ਰਹੇ ਹਾਂ। ਉਨ੍ਹਾ ਕਿਹਾ ਕਿ ਪੰਜਾਬ ਦੇ ਪਾਣੀ, ਹਵਾ ਤੇ ਧਰਤੀ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਣਾ ਸਾਡਾ ਪਹਿਲਾ ਫਰਜ਼ ਹੈ, ਉਨ੍ਹਾ ਕਿਹਾ ਜੋ ਸੱਚਾ ਪੰਜਾਬੀ ਹੈ, ਉਹ ਇਨ੍ਹਾਂ ਤਿੰਨ ਚੀਜ਼ਾਂ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਣ ਲਈ ਹਰ ਕੁਰਬਾਨੀ ਕਰੇਗਾ। ਇਸ ਤੋਂ ਬਾਅਦ ਕੈਬਨਿਟ ਮੰਤਰੀ ਸ੍ਰੀ ਕੁਲਦੀਪ ਸਿੰਘ ਧਾਲੀਵਾਲ ਨੇ ਮਾਰਕੀਟ ਕਮੇਟੀ ਖੰਨਾ ਦੇ ਮੀਟਿੰਗ ਹਾਲ ਵਿੱਚ ਖੰਨਾ ਦੇ ਆੜ੍ਹਤੀਆਂ ਨਾਲ ਮੀਟਿੰਗ ਵੀ ਕੀਤੀ ਤੇ ਕਿਹਾ ਕਿ ਝੋਨੇ ਦੇ ਸੀਜ਼ਨ ਵਿੱਚ ਕਿਸਾਨਾਂ, ਮਜ਼ਦੂਰਾਂ ਤੇ ਆੜ੍ਹਤੀਆਂ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਇਸ ਤੋਂ ਪਹਿਲਾਂ ਖੇਤੀਬਾੜੀ ਮੰਤਰੀ ਸ੍ਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਪੰਜਾਬ ਪੁਲਸ ਦੇ ਜਵਾਨਾਂ ਵੱਲੋਂ ਸਥਾਨਕ ਮਾਰਕੀਟ ਕਮੇਟੀ ਦਫਤਰ ਵਿਖੇ ਗਾਰਡ ਆਫ਼ ਆਨਰ ਦਿੱਤਾ ਗਿਆ, ਜਿੱਥੇ ਵੱਖ-ਵੱਖ ਸਿਆਸੀ ਆਗੂਆਂ ਵੱਲੋਂ ਉਨ੍ਹਾਂ ਦਾ ਸਵਾਗਤ ਵੀ ਕੀਤਾ ਗਿਆ।

CMYK

# ਤਨਖਾਹਾਂ ਨਾ ਮਿਲਣ 'ਤੇ ਮੁਲਾਜ਼ਮਾਂ ਵੱਲੋਂ ਪਟਿਆਲਾ ਬੱਸ ਸਟੈਂਡ 'ਤੇ ਰੋਸ ਪ੍ਰਦਰਸ਼ਨ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਰੋਡਵੇਜ਼ ਪਨਬਸ, ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਵੱਲੋਂ ਜਥੇਬੰਦੀ ਦੇ ਦਿੱਤੇ ਪ੍ਰੋਗਰਾਮ 'ਤੇ ਮੁਲਾਜ਼ਮਾਂ ਵੱਲੋਂ ਦੋ ਮਹੀਨੇ ਤੋਂ ਤਨਖਾਹਾਂ ਨਾ ਮਿਲਣ ਦੇ ਰੋਸ ਵਜੋਂ ਪਟਿਆਲਾ ਬੱਸ ਸਟੈਂਡ ਦਾ ਗੇਟ ਬੰਦ ਕਰਕੇ ਰੋਸ ਮੁਜ਼ਾਹਰਾ ਕੀਤਾ ਗਿਆ ਤੇ ਪ੍ਰਸ਼ਾਸਨ ਦੇ ਰਾਬਤੇ ਵਿੱਚ ਪੈਣ ਤੋਂ ਬਾਅਦ ਡੀ ਸੀ ਸਾਹਿਬ ਪਟਿਆਲਾ ਵੱਲੋਂ ਮੈਨੇਜਮੈਂਟ ਨਾਲ ਮੀਟਿੰਗ ਤਹਿ ਕਰਵਾਈ ਗਈ, ਜਿਸ ਵਿੱਚ ਮੈਨੇਜਿੰਗ ਡਾਇਰੈਕਟਰ, ਜਨਰਲ ਮੈਨੇਜਰ ਮਨਿੰਦਰਪਾਲ ਸਿੰਘ ਸਿੱਧੂ, ਜਨਰਲ ਮੈਨੇਜਰ ਐੱਮ ਪੀ ਸਿੰਘ ਨਾਲ ਪੀ ਆਰ ਟੀ ਸੀ ਹੈੱਡ ਆਫਿਸ ਪਟਿਆਲਾ ਵਿਖੇ ਹੋਈ ਤੇ ਮੰਗ ਪੱਤਰ ਦਿੱਤਾ ਗਿਆ। ਮੀਟਿੰਗ ਵਿੱਚ ਤਨਖਾਹ ਸਬੰਧੀ ਗੱਲਬਾਤ ਕੀਤੀ ਗਈ ਤੇ ਐੱਮ ਡੀ ਸਾਹਿਬ ਨੇ ਭਰੋਸਾ ਦਿਵਾਇਆ ਗਿਆ ਕਿ ਸਾਡੇ ਵੱਲੋਂ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਕੋਈ ਤਕਨੀਕੀ ਕਰਨਾ ਕਰਕੇ ਦੇਰੀ ਹੋ ਰਹੀ ਹੈ, ਜਿਸ ਨੂੰ ਕਿ ਦੂਰ ਕਰ ਦਿੱਤਾ ਗਿਆ ਹੈ ਅਤੇ ਜਲਦ ਹੀ ਤਨਖਾਹ ਦਾ ਮਸਲਾ ਹੱਲ ਕਰ ਦਿੱਤਾ ਜਾਵੇਗਾ ਤੇ ਵਰਕਰਾਂ ਨੂੰ ਤਨਖਾਹ ਦੇ ਮੁੱਦੇ 'ਤੇ ਪੂਰੀ ਸਹਿਮਤੀ ਜਤਾਈ। ਮੀਟਿੰਗ ਵਿੱਚ ਮੌਜੂਦ



ਆਗੂ ਸਾਹਿਬਾਨ ਨੇ ਕਿਹਾ ਕਿ ਸਾਡੀਆਂ ਤਨਖਾਹਾਂ ਬਹੁਤ ਘੱਟ ਹਨ, ਜਿਸ ਕਾਰਨ ਸਾਡੀ ਤਨਖਾਹ ਅੱਧੀ ਨਹੀਂ ਪੂਰੀ ਪਾਈ ਜਾਵੇ, ਜਿਸ ਉੱਤੇ ਮੈਨੇਜਮੈਂਟ ਨੇ ਸਹਿਮਤੀ ਦਿੱਤੀ ਤੇ ਮੀਟਿੰਗ ਤੋਂ ਬਾਅਦ ਖੁਦ ਪਟਿਆਲਾ ਡਿੱਪੂ ਦੇ ਜਨਰਲ ਮੈਨੇਜਰ ਮਹਿੰਦਰ ਪਾਲ ਸਿੰਘ ਨੇ ਧਰਨੇ ਨੂੰ ਸੰਬੋਧਤ ਕੀਤਾ ਤੇ ਵਰਕਰਾਂ ਨੂੰ ਭਰੋਸਾ ਦਿਵਾਇਆ ਕਿ ਅਸੀਂ ਜਲਦ ਹੀ ਇੱਕ ਦੋ ਦਿੱਨ ਵਿੱਚ ਤਨਖਾਹ ਰਿਲੀਜ਼ ਕਰ ਦੇਵਾਂਗੇ ਤੇ ਇਸ ਵਿਸ਼ਵਾਸ ਪਿੱਛੋਂ ਬੱਸ ਸਟੈਂਡ ਦੇ ਗੇਟ ਖੋਲ੍ਹ ਦਿੱਤੇ ਗਏ ਤੇ ਧਰਨਾ ਰੱਦ ਕੀਤਾ ਅਤੇ ਨਾਲ ਹੀ ਚੇਤਾਵਨੀ ਦਿੱਤੀ ਕਿ ਜੇਕਰ ਸਾਡੀਆਂ ਤਨਖਾਹਾਂ ਜਲਦੀ ਨਾ ਪਾਈਆਂ ਗਈਆਂ ਤਾਂ ਦੁਬਾਰਾ ਪਟਿਆਲਾ ਬੱਸ ਸਟੈਂਡ ਬੰਦ ਕਰਕੇ ਕੋਈ ਮੇਨ ਰੋਡ ਬਲਾਕ ਕੀਤਾ ਜਾਵੇਗਾ।

ਇਸ ਧਰਨੇ 'ਤੇ ਪੀ ਆਰ ਟੀ ਸੀ ਦੇ 9 ਦੇ 9 ਡਿੱਪੂਆਂ ਦੇ ਮੁਲਾਜ਼ਮਾਂ ਨੇ ਭਰਵੀਂ ਸ਼ਮੂਲੀਅਤ ਕੀਤੀ ਤੇ ਸਾਰੇ ਹੀ ਆਗੂ ਸਾਹਿਬਾਨ ਸੂਬਾ ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ ਮਨੇਸ਼, ਹਰਕੇਸ ਵਿੱਕੀ, ਸੂਬਾ ਜੁਆਇੰਟ ਸਕੱਤਰ ਜਗਤਾਰ ਸਿੰਘ, ਸੂਬਾ ਸਹਾਇਕ ਕੈਸ਼ੀਅਰ ਰਮਨਦੀਪ ਸਿੰਘ, ਜਤਿੰਦਰ ਸਿੰਘ ਦੀਦਰਗੜ੍ਹ, ਰਣਧੀਰ ਸਿੰਘ ਬਰਨਾਲਾ, ਹਰਪ੍ਰੀਤ ਸਿੰਘ ਸੋਢੀ, ਰਣਜੀਤ ਸਿੰਘ, ਰਵਿੰਦਰ ਸਿੰਘ, ਹੀਰਾ ਸਿੰਘ ਤੇ ਹੋਰ ਆਗੂ ਸਾਹਿਬਾਨ ਹਾਜ਼ਰ ਹੋਏ।

# ਪੁਡੂਚੇਰੀ ਦੇ ਹੜਤਾਲੀ ਬਿਜਲੀ ਕਰਮਚਾਰੀਆਂ ਤੇ ਇੰਜੀਨੀਅਰਾਂ ਨੂੰ ਤੁਰੰਤ ਰਿਹਾਅ ਕਰੋ-ਏਟਕ

ਲੁਧਿਆਣਾ (ਐੱਮ ਐੱਸ ਭਾਟੀਆ)-ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਨੇ ਪੁਡੂਚੇਰੀ ਬਿਜਲੀ ਵਿਭਾਗ ਦੇ ਹੜਤਾਲੀ ਕਰਮਚਾਰੀਆਂ ਦੀਆਂ ਗੈਰ-ਕਾਨੂੰਨੀ ਗ੍ਰਿਫਤਾਰੀਆਂ ਦੀ ਨਿੰਦਾ ਕੀਤੀ ਹੈ। ਪੁਡੂਚੇਰੀ ਪੁਲਸ ਨੇ ਸੀ ਆਰ ਪੀ ਐੱਫ ਨਾਲ ਮਿਲ ਕੇ ਸ਼ਾਂਤਮਈ ਪ੍ਰਦਰਸ਼ਨ 'ਤੇ ਬੈਠੇ 700 ਕਰਮਚਾਰੀਆਂ ਤੇ ਇੰਜੀਨੀਅਰਾਂ 'ਤੇ ਝਪਟਮਾਰ ਕੀਤੀ ਅਤੇ ਉਨ੍ਹਾਂ ਨੂੰ ਹਿਰਾਸਤ 'ਚ ਲੈ ਲਿਆ। ਏਟਕ ਮੁਲਾਜ਼ਮਾਂ ਤੇ ਇੰਜੀਨੀਅਰਾਂ ਦੀ ਤੁਰੰਤ ਤੇ ਬਿਨਾਂ ਸ਼ਰਤ ਰਿਹਾਈ ਦੀ ਮੰਗ ਕਰਦੀ ਹੈ, ਨਾਲ ਹੀ ਹੜਤਾਲੀ ਕਰਮਚਾਰੀਆਂ ਨਾਲ ਆਪਣੀ ਇਕਜੁੱਟਤਾ ਨੂੰ ਵੀ ਦੁਹਰਾਉਂਦੀ ਹੈ। ਕੇਂਦਰ ਦੀ ਭਾਜਪਾ ਸਰਕਾਰ ਲੰਬੇ ਸਮੇਂ ਤੋਂ ਬਿਜਲੀ (ਸੋਧ) ਬਿੱਲ ਨੂੰ ਸੰਸਦ 'ਚ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਬਿਜਲੀ ਕਰਮਚਾਰੀਆਂ ਤੇ ਇੰਜੀਨੀਅਰਾਂ ਦੀ ਰਾਸ਼ਟਰੀ ਤਾਲਮੇਲ ਕਮੇਟੀ (ਐੱਨ ਓ ਸੀ ਈ ਈ ਈ) ਨੇ ਆਮ ਖਪਤਕਾਰਾਂ ਤੇ ਕਿਸਾਨਾਂ 'ਤੇ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਦੱਸਦਿਆਂ ਦੇਸ਼ ਵਿੱਚ ਇੱਕ ਮੁਹਿੰਮ ਚਲਾਈ ਹੈ। ਹੁਣ ਤੱਕ 13 ਮੁੱਖ ਮੰਤਰੀ ਵੀ ਇਸ ਬਿਲ ਦਾ ਵਿਰੋਧ ਕਰ ਚੁੱਕੇ ਹਨ। ਸੰਯੁਕਤ ਕਿਸਾਨ ਮੋਰਚਾ ਨੇ ਵੀ ਇਸ ਦਾ ਵਿਰੋਧ ਕੀਤਾ ਹੈ। ਇਸ ਨੂੰ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਦੇ ਵਿਰੋਧ ਦੇ ਵਿਚਕਾਰ ਸੰਸਦ ਦੇ ਪਿਛਲੇ ਸੈਸ਼ਨ ਦੇ ਆਖਰੀ ਦਿਨ ਪੇਸ਼ ਕੀਤਾ ਗਿਆ ਸੀ ਤੇ ਅੰਤ 'ਚ ਇਸ ਨੂੰ ਚੋਣਵੀਂ ਸੰਸਦੀ ਕਮੇਟੀ ਕੋਲ ਭੇਜ ਦਿੱਤਾ ਗਿਆ ਸੀ। ਫਿਰ ਵੀ ਕੇਂਦਰ ਸਰਕਾਰ ਕੇਂਦਰ ਸ਼ਾਸਤ ਪ੍ਰਦੇਸਾਂ ਤੇ ਆਪਣੇ ਅਧੀਨ ਰਾਜਾਂ ਰਾਹੀਂ ਇਸ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਨੇ ਪਹਿਲਾਂ ਚੰਡੀਗੜ੍ਹ ਤੇ ਯੂ ਪੀ ਵਿੱਚ ਇਸ ਦੀ ਕੋਸ਼ਿਸ਼ ਕੀਤੀ, ਪਰ ਕਰਮਚਾਰੀਆਂ ਤੇ ਇੰਜਨੀਅਰਾਂ ਦੇ ਸਖਤ ਵਿਰੋਧ ਕਾਰਨ ਵਾਪਸ ਲੈਣਾ ਪਿਆ।

ਏਟਕ ਹੜਤਾਲ ਕਰ ਰਹੇ ਪੁਡੂਚੇਰੀ ਬਿਜਲੀ ਕਰਮਚਾਰੀਆਂ ਤੇ ਇੰਜੀਨੀਅਰਾਂ ਦੇ ਨਾਲ ਮਜ਼ਬੂਤੀ ਨਾਲ ਖੜੀ ਹੈ ਅਤੇ ਮੰਗ ਕਰਦੀ ਹੈ ਕਿ ਪੁਡੂਚੇਰੀ ਕੇਂਦਰ ਸ਼ਾਸਤ ਪ੍ਰਦੇਸ ਦੀ ਸਰਕਾਰ ਗ੍ਰਿਫਤਾਰ ਕਰਮਚਾਰੀਆਂ ਨੂੰ ਤੁਰੰਤ ਰਿਹਾਅ ਕਰੇ ਤੇ ਜਾਰੀ ਕੀਤੇ ਗਏ ਆਰ ਐੱਫ ਪੀ ਨੂੰ ਵਾਪਸ ਲਵੇ ਅਤੇ ਬਿਜਲੀ ਵਿਭਾਗ ਦੇ ਨਿੱਜੀਕਰਨ ਦੇ ਆਪਣੇ ਕਦਮ ਨੂੰ ਬੰਦ ਕਰੇ।

# ਪਰਾਲੀ ਨੂੰ ਅੱਗ ਲਾਏ ਜਾਣ ਦੀ ਰਿਪੋਰਟ ਕਰਨ ਗਏ ਪਟਵਾਰੀ ਨੂੰ ਕਿਸਾਨਾਂ ਨੇ ਘੇਰਿਆ

## ■ ਨਾਇਬ ਤਹਿਸੀਲਦਾਰ ਵੱਲੋਂ ਮੌਕੇ 'ਤੇ ਪਹੁੰਚ ਕੇ ਭਰੋਸੇ ਮਗਰੋਂ ਛੱਡਿਆ



ਪਿੰਡ ਬਰਾਸ ਦੇ ਕਿਸਾਨਾਂ ਵੱਲੋਂ ਪਟਵਾਰੀ ਨੂੰ ਘੇਰ ਕੇ ਖੇਤ 'ਚ ਲਾਏ ਧਰਨੇ ਦਾ ਦ੍ਰਿਸ਼।

***ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਸਬ ਡਵੀਜ਼ਨ ਪਾਤੜਾਂ ਦੇ ਘੱਗਾ ਨੇੜਲੇ ਪਿੰਡ ਬਰਾਸ ਵਿਖੇ ਇਕ ਕਿਸਾਨ ਵੱਲੋਂ ਝੋਨੇ ਦੇ ਖੇਤ ਵਿੱਚ ਪਰਾਲੀ ਨੂੰ ਲਗਾਈ ਗਈ ਅੱਗ ਦੀ ਰਿਪੋਰਟ ਤਿਆਰ ਕਰਨ ਗਏ ਪਟਵਾਰੀ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਵਿੱਚ ਮੌਕੇ 'ਤੇ ਇਕੱਤਰ ਕਿਸਾਨਾਂ ਨੇ ਘੇਰ ਕੇ ਬੰਦੀ ਬਣਾ ਲਿਆ। ਇਸ ਦੌਰਾਨ ਇਕੱਠੇ ਹੋਏ ਕਿਸਾਨਾਂ ਨੇ ਪਟਵਾਰੀ ਨੂੰ ਖੇਤ ਵਿੱਚ ਬਿਠਾਈ ਰੱਖਿਆ। ਮਾਮਲੇ ਦਾ ਪਤਾ ਲੱਗਦਿਆਂ ਹੀ ਨਾਇਬ ਤਹਿਸੀਲਦਾਰ ਪਾਤੜਾਂ ਭੀਮ ਸੈਨ ਨੇ ਮੌਕੇ ਉੱਤੇ ਪਹੁੰਚ ਕੇ ਕਿਸਾਨਾਂ ਨੂੰ ਭਰੋਸਾ ਦਿੱਤੇ ਜਾਣ ਮਗਰੋਂ ਪਟਵਾਰੀ ਨੂੰ ਛੱਡਿਆ।

ਜਾਣਕਾਰੀ ਦਿੰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਖਜ਼ਾਨਚੀ ਜਸਵਿੰਦਰ ਸਿੰਘ ਜੱਸਾ ਨੇ ਦੱਸਿਆ ਕਿ ਝੋਨੇ ਦੇ ਖੇਤ ਪਰਾਲੀ ਸਾੜਨ ਨੂੰ ਲੈ ਕੇ ਹਲਕਾ ਪਟਵਾਰੀ ਰਮਨ ਸਿੰਘ ਕਿਸਾਨ ਉੱਤੇ ਕਾਰਵਾਈ ਕਰਨ ਪਹੁੰਚਿਆ ਹੋਇਆ ਹੈ, ਜਿਸ ਨੂੰ ਲੈ ਕੈ ਕਿਸਾਨ ਮੌਕੇ 'ਤੇ ਇਕੱਠੇ ਹੋ ਗਏ, ਜਿਨ੍ਹਾਂ ਪਟਵਾਰੀ ਨੂੰ ਬਿਨਾਂ ਕੋਈ ਨੁਕਸਾਨ ਪਹੁੰਚਾਏ ਬੈਠਾ ਲਿਆ ਤੇ ਖੇਤ ਵਿੱਚ ਹੀ ਧਰਨਾ ਲਾ ਦਿੱਤਾ ਗਿਆ। ਉਨ੍ਹਾ ਕਿਹਾ ਕਿ ਸਾਰੇ ਕਿਸਾਨਾਂ ਦੀ ਮੰਗ ਸੀ ਕਿ ਕੋਈ ਵੱਡਾ ਪ੍ਰਸ਼ਾਸਨਕ ਅਧਿਕਾਰੀ ਆ ਕੇ ਇਸ ਗੱਲ ਦੀ ਜ਼ਿੰਮੇਵਾਰੀ ਲਵੇ ਕਿ ਕਿਸਾਨ ਉੱਪਰ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਜਾਂ ਉਨ੍ਹਾਂ ਦੀ ਜ਼ਮੀਨ ਦੇ ਮਾਲ ਰਿਕਾਰਡ ਵਿੱਚ ਕਿਸੇ ਕਿਸਮ ਦੀ ਲਾਲ ਐਂਟਰੀ ਨਹੀਂ ਹੋਵੇਗੀ। ਇਸ ਦੌਰਾਨ ਇਕੱਤਰ ਕਿਸਾਨਾਂ ਨੇ ਕਿਹਾ ਕਿ ਝੋਨੇ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣਾ ਉਨ੍ਹਾਂ ਦਾ ਸ਼ੌਕ ਨਹੀਂ, ਸਗੋਂ ਮਜਬੂਰੀ ਹੈ, ਪਰ ਸਰਕਾਰਾਂ ਇਸ ਦਾ ਠੋਸ ਹੱਲ ਕਰਨ ਦੀ ਬਜਾਏ ਕਿਸਾਨਾਂ ਉੱਤੇ ਕਾਰਵਾਈ ਕਰਕੇ ਉਨ੍ਹਾਂ ਨੂੰ ਦਬਾਉਣਾ ਚਾਹੁੰਦੀਆਂ ਹਨ। ਕਿਸਾਨ ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਸ ਤਰ੍ਹਾਂ ਕਿਸਾਨਾਂ ਨਾਲ ਧੱਕੇਸ਼ਾਹੀ ਕਰੇਗੀ ਤਾਂ ਜਥੇਬੰਦੀ ਵੱਲੋਂ ਤਿੱਖਾ ਵਿਰੋਧ ਕੀਤਾ ਜਾਵੇਗਾ ਤੇ ਜਥੇਬੰਦੀ ਦੀ ਹਾਈ ਕਮਾਨ ਦੇ ਨਿਰਦੇਸ਼ ਮੁਤਾਬਿਕ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਜਸਵਿੰਦਰ ਸਿੰਘ ਬਰਾਸ ਤੋਂ ਇਲਾਵਾ ਕੁਲਦੀਪ ਸਿੰਘ ਬਰਾਸ ਬਲਾਕ ਸਕੱਤਰ, ਲਾਭ ਸਿੰਘ ਬਲਾਕ ਸਲਾਹਕਾਰ, ਕਿਸਾਨ ਆਗੂ ਚਮਕੌਰ ਸਿੰਘ ਛੰਨਾ, ਦਰਸ਼ਨ ਸਿੰਘ ਬਰਾਸ ਇਕਾਈ ਪ੍ਰਧਾਨ ਤੇ ਰਾਜ ਕੌਰ ਤੋਂ ਇਲਾਵਾ ਹੋਰ ਕਿਸਾਨ ਤੇ ਕਿਸਾਨ ਬੀਬੀਆਂ ਮੌਜੂਦ ਸਨ।

## ਕਾਤਰਾਂ

### ਵਿਦਿਆਰਥੀਆਂ ਨੇ ਸਵਦੇਸ਼ੀ ਅਪਣਾਉਣ ਲਈ ਚੁੱਕੀ ਸਹੁੰ



**ਭੀਖੀ, (ਧਰਮਵੀਰ ਸ਼ਰਮਾ)** ਸਥਾਨਕ ਸਰਵਹਿੱਤਕਾਰੀ ਵਿੱਦਿਆ ਮੰਦਰ ਦੇ ਵਿਦਿਆਰਥੀਆਂ ਨੇ 'ਸਵਦੇਸ਼ੀ ਪਖਵਾੜੇ' ਤਹਿਤ ਸਵਦੇਸ਼ੀ ਵਸਤੂਆਂ ਅਪਣਾਉਣ ਤੇ ਸਵਦੇਸ਼ੀ ਵਸਤੂਆਂ ਨੂੰ ਪ੍ਰਫੁੱਲਤ ਕਰਨ ਲਈ ਸਹੁੰ ਚੁੱਕੀ। ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਸਵਦੇਸ਼ੀ ਪਖਵਾੜੇ ਨਾਲ ਸੰਬੰਧਤ ਇਤਿਹਾਸ ਅਤੇ ਸਵਦੇਸ਼ੀ ਵਸਤੂਆਂ ਦੇ ਪ੍ਰਯੋਗ ਨਾਲ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਸੰਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਸਵਦੇਸ਼ੀ ਵਸਤੂਆਂ ਨੂੰ ਅਪਣਾਉਣ ਤੇ ਵਿਦੇਸ਼ੀ ਵਸਤੂਆਂ ਦਾ ਤਿਆਗ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਦਾ ਮੰਨਣਾ ਹੈ ਕਿ ਸਵਦੇਸ਼ੀ ਵਸਤੂਆਂ ਦੇ ਇਸਤੇਮਾਲ ਕਰਕੇ ਅਸੀਂ ਆਪਣੇ ਦੇਸ਼ ਦੀ ਉੱਨਤੀ ਵਿੱਚ ਆਪਣਾ ਹਿੱਸਾ ਪਾ ਰਹੇ ਹਾਂ। ਸਵਦੇਸ਼ੀ ਦਾ ਭਾਵ ਕੇਵਲ ਵਸਤੂਆਂ ਤੱਕ ਹੀ ਸੀਮਿਤ ਨਹੀਂ ਹੈ, ਬਲਕਿ ਸਵਦੇਸ਼ੀ ਭਾਸ਼ਾ, ਖਾਣ-ਪੀਣ, ਵੇਸ਼-ਭੂਸ਼ਾ ਸਵਦੇਸ਼ੀ ਵਿਚਾਰ ਨੂੰ ਆਮ ਪ੍ਰਚਲਨ ਵਿੱਚ ਲਿਆਉਣਾ ਤੇ ਵਧਾਉਣਾ ਹੈ।

### ਮੁੱਖ ਮੰਤਰੀ ਦੀ ਭੈਣ ਨੇ ਝੋਨੇ ਦੀ ਬੋਲੀ ਲਵਾਈ



**ਧੂਰੀ (ਸੁਖਦੇਵ ਧੂਰੀ, ਬਿੰਨੀ ਗਰਗ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਭੈਣ ਮਨਪ੍ਰੀਤ ਕੌਰ ਤੇ ਉਂਕਾਰ ਸਿੰਘ ਓ.ਐਸ.ਡੀ.ਮੁੱਖ ਮੰਤਰੀ ਨੇ ਝੋਨੇ ਦੀ ਖਰੀਦ ਲਈ ਬੋਲੀ ਸ਼ੁਰੂ ਕਰਵਾਈ ਅਤੇ ਅਨਾਜ ਮੰਡੀ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਜਗਤਾਰ ਸਿੰਘ ਸਮਰਾ ਤੇ ਪੰਜਾਬ ਰਾਈਸ ਐਸੋਸੀਏਸ਼ਨ ਦੇ ਪ੍ਰਧਾਨ ਬਲਵਿੰਦਰ ਸਿੰਘ ਬਿੱਲੂ, ਅਸ਼ੋਕ ਕੁਮਾਰ ਸਿੰਗਲਾ ਲੱਖਾ ਚੇਅਰਮੈਨ ਗਊ ਸੇਵਾ ਕਮਿਸ਼ਨ ਪੰਜਾਬ ਸਰਕਾਰ, ਅਮਿਤ ਗੁਪਤਾ ਐਸ.ਡੀ.ਐਮ ਧੂਰੀ, ਕੁਲਦੀਪ ਸਿੰਘ ਤਹਿਸੀਲਦਾਰ ਧੂਰੀ, ਮਨਪ੍ਰੀਤ ਸਿੰਘ ਸਕੱਤਰ ਮਾਰਕੀਟ ਕਮੇਟੀ ਧੂਰੀ, ਸਤਿੰਦਰ ਸਿੰਘ ਚੱਠਾ ਸੀਨੀਅਰ ਆਗੂ ਆਮ ਆਦਮੀ ਪਾਰਟੀ, ਪ੍ਰੀਤ ਧੂਰੀ (ਆਫਿਸ ਇੰਚਾਰਜ), ਹਰਪ੍ਰੀਤ ਸਿੰਘ ਗਿੱਲ, ਪੁਸ਼ਪਿੰਦਰ ਸ਼ਰਮਾ ਐਮ.ਸੀ ਨਗਰ ਕੌਂਸਲ ਤੇ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਹਾਜ਼ਰ ਸੀ।

### ਰਾਜ ਪੱਧਰੀ ਖੇਡਾਂ ਲਈ ਟਰਾਇਲ ਭਲਕੇ

**ਸੰਗਰੂਰ (ਪ੍ਰਵੀਨ ਸਿੰਘ)** : ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਦੇ ਰਾਜ ਪੱਧਰੀ ਖੇਡ ਮੁਕਾਬਲਿਆਂ ਲਈ ਖਿਡਾਰੀਆਂ ਦੇ ਟਰਾਇਲ ਲੈਣ ਲਈ ਜ਼ਿਲ੍ਹਾ ਖੇਡ ਵਿਭਾਗ ਵੱਲੋਂ ਸਮਾਂ ਸਾਰਣੀ ਜਾਰੀ ਕਰ ਦਿੱਤੀ ਗਈ ਹੈ। ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਖੇਡ ਅਫ਼ਸਰ ਰਣਬੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 11 ਤੋਂ 22 ਅਕਤੂਬਰ ਤੱਕ ਹੋਣ ਵਾਲੀਆਂ ਰਾਜ ਪੱਧਰੀ ਖੇਡਾਂ ਲਈ ਜ਼ਿਲ੍ਹਾ ਸੰਗਰੂਰ ਵਿਖੇ 6 ਅਕਤੂਬਰ ਨੂੰ ਤੀਰਅੰਦਾਜ਼ੀ (ਆਰਚਰੀ), ਸ਼ਤਰੰਜ (ਚੈੱਸ), ਤਲਵਾਰਬਾਜ਼ੀ (ਫੈਂਸਿੰਗ), ਜਿਮਨਾਸਟਿਕ ਤੇ ਨਿਸ਼ਾਨੇਬਾਜ਼ੀ (ਸ਼ੂਟਿੰਗ) ਦੇ ਟਰਾਇਲ ਵੱਖ-ਵੱਖ ਸਥਾਨਾਂ 'ਤੇ ਲਏ ਜਾਣਗੇ। ਉਨ੍ਹਾ ਦੱਸਿਆ ਕਿ ਤੀਰਅੰਦਾਜ਼ੀ ਦੇ ਟਰਾਇਲ ਪੈਰਾਮਾਊਂਟ ਸਕੂਲ ਲਹਿਰਾ, ਸ਼ਤਰੰਜ ਦੇ ਟਰਾਇਲ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਬੜਰਵਾਲ ਧੂਰੀ, ਤਲਵਾਰਬਾਜ਼ੀ ਤੇ ਜਿਮਨਾਸਟਿਕ ਦੇ ਟਰਾਇਲ ਵਾਰ ਹੀਰੋਜ਼ ਸਟੇਡੀਅਮ ਸੰਗਰੂਰ ਤੇ ਨਿਸ਼ਾਨੇਬਾਜ਼ੀ ਦੇ ਟਰਾਇਲ ਪੁਲਸ ਲਾਈਨ ਸੰਗਰੂਰ ਵਿਖੇ ਲਏ ਜਾਣਗੇ।

### ਅਮਨਦੀਪ ਕੌਰ ਜਥੇਬੰਦੀ 'ਚੋਂ ਬਰਖਾਸਤ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਭਾਕਿਯੂ ਏਕਤਾ 'ਸਿੱਧੂਪੁਰ' ਲਹਿਰਾ ਧੂਰਕੋਟ ਦੀ ਪਿੰਡ ਕਮੇਟੀ ਦੀ ਅਹਿਮ ਮੀਟਿੰਗ ਇਕਾਈ ਪ੍ਰਧਾਨ ਅਰਸ਼ਿੰਦਰਪਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਇਸਤਰੀ ਵਿੰਗ ਪ੍ਰਧਾਨ ਤੋਂ ਇਲਾਵਾ ਬਲਾਕ ਆਗੂ ਬਲਵੀਰ ਸਿੰਘ ਲਹਿਰਾ, ਹਰਨੇਕ ਸਿੰਘ ਤੇ ਚਮਕੌਰ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਅਰਸ਼ਿੰਦਰਪਾਲ ਸਿੰਘ ਨੇ ਜ਼ਿਲ੍ਹਾ ਮੀਤ ਪ੍ਰਧਾਨ ਗੁਰਮੇਲ ਸਿੰਘ ਲਹਿਰਾ ਮੁਹੱਬਤ ਦੇ ਦਸਤਖਤਾਂ ਹੇਠ ਜਾਰੀ ਕੀਤੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਮੀਟਿੰਗ ਦੌਰਾਨ ਪਿੰਡ ਇਕਾਈ ਖਜ਼ਾਨਚੀ ਅਮਨਦੀਪ ਕੌਰ ਦੀਆਂ ਪਿਛਲੇ ਕਾਫੀ ਦਿਨਾਂ ਤੋਂ ਜਥੇਬੰਦੀ ਦੇ ਸਿਧਾਂਤਾਂ ਤੋਂ ਉਲਟ ਹੋ ਰਹੀਆਂ ਗਤੀਵਿਧੀਆਂ ਸੰਬੰਧੀ ਵਿਚਾਰਾਂ ਉਪਰੰਤ ਸਰਬਸੰਮਤੀ ਨਾਲ ਅਮਨਦੀਪ ਕੌਰ ਨੂੰ ਜਥੇਬੰਦੀ ਵਿੱਚੋਂ ਬਰਖਾਸਤ ਕਰਨ ਦਾ ਫੈਸਲਾ ਲਿਆ ਗਿਆ ਤੇ ਉਸ ਤੋਂ ਜਥੇਬੰਦੀ ਦੇ ਸਾਰੇ ਅਹੁਦੇ ਵਾਪਸ ਲਏ ਜਾਂਦੇ ਹਨ।

### ਖ਼ੂਨਦਾਨੀਆਂ ਦਾ ਸਨਮਾਨ ਕੀਤਾ



**ਰਾਜਪੁਰਾ (ਰਮੇਸ਼ ਕਟਾਰੀਆ)**ਕੌਮੀ ਸਵੈਇੱਛਕ ਖ਼ੂਨਦਾਨ ਦਿਵਸ ਨੂੰ ਸਮਰਪਤ ਖ਼ੂਨਦਾਨੀਆਂ ਦਾ ਸਨਮਾਨ ਸਮਾਰੋਹ ਜਾਇਟਸ ਕਲੱਬ ਵਿਖੇ ਐਸ ਐਮ ਓ ਰਾਜਪੁਰਾ ਡਾ. ਜਗਪਾਲ ਇੰਦਰ ਸਿੰਘ ਜੀ ਤੇ ਡਾ ਅੰਜੂ ਖ਼ੁਰਾਨਾ ਇੰਚਾਰਜ ਬਲੱਡ ਬੈਂਕ ਦੀ ਦੇਖ-ਰੇਖ ਵਿੱਚ ਕਰਾਇਆ ਗਿਆ। ਇਸ ਮੌਕੇ ਖ਼ੂਨਦਾਨ ਸੇਵਾ ਵਿੱਚ ਰਾਜਪੁਰਾ ਖੇਤਰ ਦੀਆਂ ਸਰਗਰਮ ਸੰਸਥਾਵਾਂ, ਸਟਾਰ ਬਲੱਡ ਡੋਨਰਜ਼, ਡੋਨਰਜ਼ ਮੋਟੀਵੇਟਰ ਤੇ ਖ਼ੂਨਦਾਨ ਕਰਕੇ ਅਨਮੋਲ ਜ਼ਿੰਦਗੀਆਂ ਬਚਾਉਣ ਵਾਲੇ ਫਰਿਸ਼ਤਿਆਂ ਦਾ ਸਨਮਾਨ ਸਮਾਰੋਹ ਕੀਤਾ ਗਿਆ। ਸਾਰਾ ਸਾਲ ਵੱਡੇ ਪੱਧਰ 'ਤੇ ਖ਼ੂਨਦਾਨ ਕੈਂਪਾਂ ਦੇ ਪ੍ਰਬੰਧ, ਐਮਰਜੈਂਸੀ ਖ਼ੂਨਦਾਨ ਤੇ ਪਿੰਡ ਪੱਧਰ ਤੱਕ ਖ਼ੂਨਦਾਨ ਦੀ ਸੇਵਾ ਨੂੰ ਪ੍ਰਫੁੱਲਤ ਕਰਨ ਲਈ ਵੱਡੇ ਪੱਧਰ 'ਤੇ ਨੌਜੁਆਨਾਂ ਨੂੰ ਖ਼ੂਨਦਾਨ ਦੀ ਸੇਵਾ ਨਾਲ ਜੋੜਨ ਲਈ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਾਜਪੁਰਾ, ਕ੍ਰਾਂਤੀਵੀਰ ਯੂਥ ਕਲੱਬ ਪੜ੍ਹਾਓ ਨੂੰ ਖ਼ੂਨਦਾਨ ਸੇਵਾਵਾਂ ਦੇਣ ਲਈ ਐਸ ਐਮ ਓ ਰਾਜਪੁਰਾ ਡਾ. ਜਗਪਾਲ ਇੰਦਰ ਸਿੰਘ ਵੱਲੋਂ ਬੈਸਟ ਡੋਨਰਜ਼ ਮੋਟੀਵੇਸ਼ਨ ਅਵਾਰਡ ਨਾਲ ਸਨਮਾਨਤ ਕੀਤਾ ਗਿਆ।

# ਆਂਗਣਵਾੜੀ ਮੁਲਾਜ਼ਮਾਂ ਨੇ ਮੰਗਾਂ ਤੇ ਮੁਸ਼ਕਲਾਂ ਸੰਬੰਧੀ ਪ੍ਰਸ਼ਾਸਨ ਨੂੰ ਸੌਂਪਿਆ ਪੱਤਰ



ਪ੍ਰਸ਼ਾਸਨਕ ਅਧਿਕਾਰੀ ਨੂੰ ਮੰਗ ਪੱਤਰ ਸੌਂਪਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ।

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਆਂਗਣਵਾੜੀ ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਤੇ ਮੁਸ਼ਕਲਾਂ ਸੰਬੰਧੀ ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਵੱਲੋਂ ਸੋਮਵਾਰ ਨੂੰ ਪ੍ਰਸ਼ਾਸਨਕ ਅਧਿਕਾਰੀ ਨੂੰ ਮੰਗ ਪੱਤਰ ਸੌਂਪਿਆ ਗਿਆ। ਮੰਗ ਪੱਤਰ ਰਾਹੀਂ ਆਂਗਣਵਾੜੀ ਵਰਕਰਾਂ ਨੇ ਕਿਹਾ ਕਿ ਉਨ੍ਹਾਂ ਵੱਲੋਂ ਕਾਫੀ ਵਾਰ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜੇ ਜਾ ਚੁੱਕੇ ਹਨ, ਪਰ ਉਨ੍ਹਾਂ ਦੀ ਜਥੇਬੰਦੀ ਦੀਆਂ ਮੰਗਾਂ ਨੂੰ ਬਿਲਕੁਲ ਸੰਜੀਦਾ ਨਹੀਂ ਲਿਆ ਗਿਆ, ਜਿਸ ਕਾਰਨ ਆਂਗਣਵਾੜੀ ਵਰਕਰਾਂ ਹੈਲਪਰਾਂ ਵਿਚ ਕਾਫੀ ਰੋਸ ਹੈ। ਯੂਨੀਅਨ ਆਗੂਆਂ ਨੇ ਮੰਗ ਕੀਤੀ ਕਿ ਨਵੀਂ ਸਿੱਖਿਆ ਨੀਤੀ 2020 ਦੇ ਖਰੜੇ ਅਨੁਸਾਰ ਮੁੱਢਲੀ ਬਾਲ ਦੇਖਭਾਲ ਤੇ ਸਿੱਖਿਆ ਆਂਗਣਵਾੜੀ ਕੇਂਦਰਾਂ ਦੁਆਰਾ ਦੇਣੀ ਨਿਸ਼ਚਿਤ ਕੀਤੀ ਗਈ ਹੈ ਤੇ ਦੇਸ ਭਰ ਵਿੱਚ ਆਂਗਨਵਾੜੀ ਕੇਂਦਰਾਂ ਦੁਆਰਾ ਹੀ ਪ੍ਰੀ ਸਕੂਲ ਐਜੂਕੇਸ਼ਨ ਦਿੱਤੀ ਜਾ ਰਹੀ ਹੈ, ਇਸ ਲਈ 5 ਸਾਲ ਤੱਕ ਦੇ ਬੱਚੇ ਆਂਗਨਵਾੜੀ ਕੇਂਦਰਾਂ ਵਿੱਚ ਹੀ ਰੱਖੇ ਜਾਣ ਤੇ ਆਂਗਨਵਾੜੀ ਕੇਂਦਰ ਦੀਆਂ ਛੇ ਸੇਵਾਵਾਂ ਅਨੁਸਾਰ ਹੀ ਪ੍ਰੀ ਸਕੂਲ ਸਿੱਖਿਆ ਆਂਗਨਵਾੜੀ ਕੇਂਦਰ ਦੁਆਰਾ ਦੇਣੀ ਯਕੀਨੀ ਬਣਾਈ ਜਾਵੇ, ਆਂਗਨਵਾੜੀ ਵਰਕਰਾ ਨੂੰ ਮਿਲਣ ਵਾਲਾ ਨਿਗੂਣਾ ਜਿਹਾ ਮਾਣਭੱਤਾ ਸਮੇਂ ਸਿਰ ਦੇਣਾ ਯਕੀਨੀ ਬਣਾਇਆ ਜਾਵੇ ਆਦਿ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਮ੍ਰਿਤਪਾਲ ਕੌਰ, ਬਿੰਦਰ ਕੌਰ, ਅਨੂ ਬਾਲਾ, ਅਮ੍ਰਿਤਪਾਲ ਕੌਰ, ਕਰਮਜੀਤ ਕੌਰ, ਵੀਰਪਾਲ ਕੌਰ ਤੇ ਹੋਰ ਵੀ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਮੌਜੂਦ ਸਨ।

ਫੋਟੋ: 03ਐਮਕੇਐਸ02

# ਬੰਦ ਪਈਆਂ ਰੇਲ ਗੱਡੀਆਂ ਚਲਾਉਣ ਦੀ ਮੰਗ

**ਬਰੇਟਾ (ਰੀਤਵਾਲ)**-ਪਿਛਲੇ ਦਿਨੀਂ ਭਾਰਤੀ ਵਿਕਾਸ ਪ੍ਰੀਸ਼ਦ (ਰਜਿ.) ਬਰੇਟਾ ਦੀ ਇੱਕ ਮੀਟਿੰਗ ਹੋਈ, ਜਿਸ ਵਿੱਚ ਬਠਿੰਡਾ-ਦਿੱਲੀ ਰੂਟ 'ਤੇ ਤਕਰੀਬਨ ਦੋ ਸਾਲ ਤੋਂ ਬੰਦ ਪਈਆਂ ਰੇਲ ਗੱਡੀਆਂ ਨੂੰ ਚਲਾਉਣ ਦੀ ਮੰਗ ਕੀਤੀ ਗਈ। ਇਨ੍ਹਾਂ ਗੱਡੀਆਂ ਦੇ ਚੱਲਣ ਨਾਲ ਨੇੜਲੇ ਪਿੰਡਾਂ ਦੇ ਦੂਰ ਦੁਰਾਡੇ ਨੌਕਰੀ ਕਰਨ ਵਾਲੇ ਮੁਲਾਜ਼ਮਾਂ ਅਤੇ ਛੋਟੇ ਵਪਾਰੀਆਂ ਨੂੰ ਮਾਨਸਾ, ਬਠਿੰਡਾ, ਟੋਹਾਣਾ ਤੇ ਦਿੱਲੀ ਵਰਗੇ ਅਨੇਕਾਂ ਸ਼ਹਿਰਾਂ ਵਿੱਚ ਜਾਣਾ ਸੌਖਾ ਹੋ ਜਾਵੇਗਾ।

ਭਾਰਤੀ ਵਿਕਾਸ ਪ੍ਰੀਸ਼ਦ ਦੇ ਮੈਂਬਰਾਂ ਨੇ ਰੇਲ ਮੰਤਰੀ ਸ੍ਰੀ ਅਸ਼ਵਨੀ ਵੈਸ਼ਨਵ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਇਨ੍ਹਾਂ ਲੋਕਾਂ ਦੇ ਨਾਲ ਨਾਲ ਦੂਰ ਦੁਰਾਡੇ ਪੇਪਰ ਦੇਣ ਵਾਲੇ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦਿਆਂ ਬੰਦ ਪਈਆਂ ਰੇਲ ਗੱਡੀਆਂ ਚਲਾਉਣ ਲਈ ਢੁੱਕਵੇਂ ਪ੍ਰਬੰਧ ਕਰਨ। ਇਸ ਮੌਕੇ ਡਾ. ਭਵਾਨੀ ਸ਼ੰਕਰ, ਪ੍ਰਧਾਨ ਬਾਬੂ ਰਾਮ ਗੋਇਲ, ਹਰਬੰਸ ਲਾਲ, ਸੁਖਦਰਸ਼ਨ ਗੁਪਤਾ, ਹਰਪਾਲ ਸਿੰਘ ਬੰਟੀ ਕਟੌਦੀਆ, ਸੁਰੇਸ਼ ਕੁਮਾਰ ਬੀਮਾ ਏਜੰਟ ਤੇ ਜਨਰਲ ਸਕੱਤਰ ਰਘਵੀਰ ਸਿੰਘ ਗੁੱਡੂ ਆਦਿ ਹਾਜ਼ਰ ਸਨ।

# ਨਿਸ਼ਕਾਮ ਸੇਵਾ ਸੰਮਤੀ ਵੱਲੋਂ 232ਵਾਂ ਮਾਸਿਕ ਰਾਸ਼ਨ ਵੰਡ ਸਮਾਗਮ

## * 225 ਵਿਧਵਾਵਾਂ ਦੇ ਘਰਾਂ 'ਚ ਪਹੁੰਚਾਇਆ ਰਾਸ਼ਨ



ਮੁੱਖ ਮਹਿਮਾਨ ਰਵਿੰਦਰ ਗੋਇਲ ਰਾਸ਼ਨ ਦੀਆਂ ਭਰੀਆਂ ਗੱਡੀਆਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਦੇ ਹੋਏ।

**ਕੋਟਕਪੂਰਾ (ਰਛਪਾਲ ਭੁੱਲਰ)**-ਸੂਬੇ ਦੀ ਸਿਰਮੌਰ ਸਮਾਜ ਸੇਵੀ ਸੰਸਥਾ ਨਿਸ਼ਕਾਮ ਸੇਵਾ ਸੰਮਤੀ (ਰਜਿ.) ਕੋਟਕਪੂਰਾ ਵੱਲੋਂ ਸੰਮਤੀ ਦੇ ਸਰਪ੍ਰਸਤ ਯਸ਼ਪਾਲ ਅਗਰਵਾਲ ਤੇ ਸੰਸਥਾਪਕ ਪ੍ਰਧਾਨ ਡਾ. ਸੁਰਿੰਦਰ ਕੁਮਾਰ ਦਿਵੇਦੀ ਨੈਸ਼ਨਲ ਐਵਾਰਡੀ ਦੀ ਯੋਗ ਅਗਵਾਈ ਹੇਠ 232ਵੇਂ ਮਾਸਿਕ ਮੁਫਤ ਰਾਸ਼ਨ ਵੰਡ ਸਮਾਗਮ ਦਾ ਆਯੋਜਨ ਨਗਰ ਕੌਂਸਲ ਦੇ ਟਾਊਨ ਹਾਲ ਵਿਖੇ ਸੰਪੰਨ ਹੋਇਆ, ਜਿਸ ਦੇ ਮੁੱਖ ਮਹਿਮਾਨ ਰਵਿੰਦਰ ਗੋਇਲ, ਪਲਾਸਟਿਕ ਇੰਡਸਟ੍ਰੀਜ਼ ਫੋਕਲ ਪੁਆਇੰਟ ਕੋਟਕਪੂਰਾ ਸਨ। ਉਨ੍ਹਾ ਸੰਮਤੀ ਦੀ ਵਧੀਆ ਕਾਰਗੁਜ਼ਾਰੀ ਤੇ ਪਾਰਦਰਸ਼ਤਾ ਨੂੰ ਮੁੱਖ ਰੱਖਦੇ ਹੋਏ ਸੰਮਤੀ ਨੂੰ ਵਿਧਵਾ ਤੇ ਬੇਸਹਾਰਾ ਔਰਤਾਂ ਦੇ ਰਾਸ਼ਨ ਲਈ 11 ਹਜ਼ਾਰ ਰੁਪਏ ਦਾਨ ਤੇ 1100/- ਰੁਪਏ ਪ੍ਰਤੀ ਮਹੀਨਾ ਦੀ ਸਥਾਈ ਮੈਂਬਰਸ਼ਿਪ ਗ੍ਰਹਿਣ ਕੀਤੀ। ਇਸ ਉਪਰੰਤ ਉਨ੍ਹਾ ਨੇ ਅਕਤੂਬਰ ਮਹੀਨੇ ਦੇ ਰਾਸ਼ਨ ਦੀਆਂ ਭਰੀਆਂ ਦੋ ਗੱਡੀਆਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਉਪਰੰਤ ਸੰਮਤੀ ਦੇ ਮੈਂਬਰਾਂ ਨੇ 20 ਟੀਮਾਂ ਬਣਾ ਕੇ ਕੋਟਕਪੂਰਾ ਤੇ ਇਸ ਦੇ ਨਜ਼ਦੀਕੀ 25 ਪਿੰਡਾਂ ਦੀਆਂ 225 ਵਿਧਵਾ ਤੇ ਬੇਸਹਾਰਾ ਔਰਤਾਂ ਦੇ ਘਰਾਂ 'ਚ ਜਾ ਕੇ ਰਾਸ਼ਨ ਦਿੱਤਾ। ਇਸ ਮੌਕੇ ਸ਼ਹਿਰ ਦੇ ਪਤਵੰਤੇ ਵਿਅਕਤੀ ਜਗਸੀਰ ਸਿੰਘ ਖਾਰਾ ਇੰਚਾਰਜ ਸਾਂਝ ਕੇਂਦਰ ਕੋਟਕਪੂਰਾ, ਰਜਿੰਦਰ ਸਿੰਘ ਸਰਾਂ ਸੇਵਾ ਮੁਕਤ ਤਹਿਸੀਲਦਾਰ, ਟੀ. ਆਰ. ਅਰੋੜਾ, ਕੁਲਭੂਸ਼ਣ ਕੌੜਾ, ਵਰਿੰਦਰ ਕਟਾਰੀਆ, ਸੁਭਾਸ਼ ਮਿੱਤਲ, ਨਛੱਤਰ ਸਿੰਘ ਸੇਵਾ ਮੁਕਤ ਲਾਇਬ੍ਰੇਰੀਅਨ, ਸੋਮ ਨਾਥ ਗਰਗ ਸੇਵਾ ਮੁਕਤ ਐੱਸ. ਡੀ. ਓ., ਬੰਸੀ ਲਾਲ ਧਿੰਗੜਾ, ਗੁਰਦੀਪ ਸਿੰਘ ਸੇਵਾ ਮੁਕਤ ਮੈਨੇਜਰ, ਮਨਮੋਹਨ ਸਿੰਘ ਚਾਵਲਾ ਸੇਵਾ ਮੁਕਤ ਇੰਸਪੈਕਟਰ, ਸੁਭਾਸ਼ ਜਰਮਨੀ, ਡਾ. ਬਿਲਵਾ ਮੰਗਲ, ਕੁਲਦੀਪ ਕੁਮਾਰ, ਸਰਬਜੀਤ ਸਿੰਘ ਹਨੀ ਤੇ ਸੁਨੀਤਾ ਰਾਣੀ ਸੰਮਤੀ ਮੈਂਬਰ ਹਾਜ਼ਰ ਸਨ। ਅੰਤ 'ਚ ਮੁੱਖ ਮਹਿਮਾਨ ਨੂੰ ਯਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

# ਸਟੇਟ ਐਵਾਰਡੀ ਕੰਪਿਊਟਰ ਅਧਿਆਪਕ ਦਾ ਸਨਮਾਨ



ਸਟੇਟ ਅਵਾਰਡੀ ਦਾ ਸਨਮਾਨ ਕਰਦੇ ਹੋਏ ਕੰਪਿਊਟਰ ਅਧਿਆਪਕ।

**ਭੀਖੀ, (ਧਰਮਵੀਰ ਸ਼ਰਮਾ)** ਕੰਪਿਊਟਰ ਅਧਿਆਪਕ ਯੂਨੀਅਨ ਮਾਨਸਾ ਵੱਲੋਂ ਸਟੇਟ ਅਵਾਰਡ ਮਿਲਣ ਤੇ ਕੰਪਿਊਟਰ ਅਧਿਆਪਕ ਪਰਵਿੰਦਰ ਸਿੰਘ ਦਾ ਸਨਮਾਨ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਸੱਤ ਪ੍ਰਤਾਪ ਸਿੰਘ ਭੀਖੀ ਨੇ ਦੱਸਿਆ ਕਿ ਪਰਵਿੰਦਰ ਸਿੰਘ ਜੋ ਸਰਕਾਰੀ ਹਾਈ ਸਕੂਲ ਰਾਮਪੁਰ ਮੰਡੇਰ ਵਿਖੇ ਬਤੌਰ ਕੰਪਿਊਟਰ ਅਧਿਆਪਕ ਸੇਵਾ ਨਿਭਾਅ ਰਹੇ ਹਨ, ਨੇ ਆਪਣੇ ਅਣਥੱਕ ਯਤਨਾਂ ਸਦਕਾਂ ਜਿੱਥੇ ਕੰਪਿਊਟਰ ਵਿਸ਼ੇ ਨੂੰ ਵਿਦਿਆਰਥੀਆਂ ਲਈ ਰੌਚਕ ਤੇ ਜਾਣਕਾਰੀ ਭਰਪੂਰ ਬਣਾਇਆ, ਉੱਥੇ ਹੀ ਵਿਭਾਗ ਦੇ ਮੁੱਖ ਕੰਮਾਂ ਦਾ ਕੰਪਿਊਟਰੀਕਰਨ ਕਰਨ ਤੇ ਸਮੇਂ ਦੇ ਹਾਣ ਦਾ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ, ਜਿਸ ਲਈ ਪਰਵਿੰਦਰ ਸਿੰਘ ਸਟੇਟ ਐਵਾਰਡ ਲਈ ਚੁਣੇ ਗਏ ਅਤੇ ਉਨ੍ਹਾਂ ਦੀ ਇਸ ਪ੍ਰਾਪਤੀ ਤੇ ਸਮੁੱਚਾ ਕਾਡਰ ਮਾਣ ਮਹਿਸੂਸ ਕਰ ਰਿਹਾ ਹੈ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ, ਮੀਤ ਪ੍ਰਧਾਨ ਜਗਰਾਜ ਸਿੰਘ, ਸਟੇਟ ਕਮੇਟੀ ਮੈਂਬਰ ਜਗਤਾਰ ਸਿੰਘ, ਸੈਕਟਰੀ ਮਲਕੀਤ ਸਿੰਘ, ਪ੍ਰੈਸ ਸਕੱਤਰ ਜਸਪਾਲ ਸਿੰਘ ਤੇ ਨਿਤੇਸ਼ ਕੁਮਾਰ, ਰਾਧੇ ਸ਼ਿਆਮ, ਸ਼ਸ਼ੀ ਕਾਂਤ, ਅਮ੍ਰਿਤਪਾਲ ਗਰਗ ਤੇ ਉਪਕਾਰ ਬਾਂਸਲ ਹਾਜ਼ਰ ਸਨ।

# ਕਿਸਾਨ 17 ਫੀਸਦੀ ਨਮੀ ਵਾਲਾ ਝੋਨਾ ਹੀ ਮੰਡੀਆਂ 'ਚ ਲੈ ਕੇ ਆਉਣ : ਰੱਬੜ

## * ਆੜ੍ਹਤੀਆ ਐਸੋਸੀਏਸ਼ਨ ਦੀ ਹੋਈ ਬੈਠਕ



ਜੀਵਨ ਕੁਮਾਰ ਰੱਬੜ ਬੈਠਕ ਉਪਰੰਤ ਗੱਲਬਾਤ ਕਰਦੇ ਹੋਏ।

**ਲਹਿਰਾਗਾਗਾ (ਸਿੰਗਲਾ)** : ਝੋਨੇ ਦੀ ਫਸਲ ਦੇ ਸੀਜ਼ਨ ਦੇ ਚੱਲਦੇ ਆੜ੍ਹਤੀ ਐਸੋਸੀਏਸ਼ਨ ਲਹਿਰਾਗਾਗਾ ਦੀ ਇੱਕ ਅਹਿਮ ਬੈਠਕ ਐਸੋਸੀਏਸ਼ਨ ਦੇ ਪ੍ਰਧਾਨ ਜੀਵਨ ਕੁਮਾਰ ਰੱਬੜ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਮੂਹ ਆੜ੍ਹਤੀਆਂ ਨੇ ਭਾਗ ਲੈਂਦਿਆਂ ਆਪੋ ਆਪਣੀਆਂ ਸਮੱਸਿਆਵਾਂ ਦੱਸੀਆਂ। ਪ੍ਰਧਾਨ ਜੀਵਨ ਕੁਮਾਰ ਰੱਬੜ ਨੇ ਆੜ੍ਹਤੀਆਂ ਦੀਆਂ ਸਮੱਸਿਆਵਾਂ ਸੁਣਨ ਉਪਰੰਤ ਕਿਹਾ ਕਿ ਸੂਬੇ ਦੀ 'ਆਪ' ਸਰਕਾਰ ਹਰ ਵਰਗ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਆੜ੍ਹਤੀ, ਕਿਸਾਨ, ਮਜ਼ਦੂਰ, ਮਿੱਲਰਜ਼ ਤੇ ਟਰੱਕ ਓਪਰੇਟਰਜ਼ ਨੂੰ ਸੀਜ਼ਨ ਦੌਰਾਨ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ 17% ਤੋਂ ਵੱਧ ਨਮੀ ਵਾਲਾ ਝੋਨਾ ਨਾ ਲੈ ਕੇ ਆਉਣ ਤਾਂ ਜੋ ਉਨ੍ਹਾਂ ਦੀ ਖੱਜਲ ਖੁਆਰੀ ਨਾ ਹੋਵੇ। ਇਸ ਮੌਕੇ ਉਨ੍ਹਾਂ ਵੱਲੋਂ ਇਕ 10 ਮੈਂਬਰੀ ਤਾਲਮੇਲ ਕਮੇਟੀ ਦਾ ਗਠਨ ਵੀ ਕੀਤਾ ਗਿਆ, ਜੋ ਵੱਖ ਵੱਖ ਸਰਕਾਰੀ ਖਰੀਦ ਏਜੰਸੀਆਂ ਦੇ ਅਧਿਕਾਰੀਆਂ, ਰਾਈਸ ਮਿੱਲਰਜ਼ ਐਸੋਸੀਏਸ਼ਨ, ਟਰੱਕ ਯੂਨੀਅਨ ਤੇ ਮਜ਼ਦੂਰਾਂ ਨਾਲ ਪੂਰੇ ਤਾਲਮੇਲ ਵਿੱਚ ਰਹੇਗੀ, ਜੇਕਰ ਕੋਈ ਸਮੱਸਿਆ ਹੋਈ ਤਾਂ ਉਸ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਰ ਖਰੀਦ ਕੇਂਦਰ ਵਿੱਚ ਖਰੀਦ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਤੇ ਆੜ੍ਹਤੀ ਐਸੋਸੀਏਸ਼ਨ ਵੱਲੋਂ ਸਰਕਾਰੀ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਰਾਬਤਾ ਕਾਇਮ ਕੀਤਾ ਹੋਇਆ ਹੈ ਅਤੇ ਸੀਜ਼ਨ ਦੌਰਾਨ ਕਿਸੇ ਨੂੰ ਵੀ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਬੈਠਕ ਵਿੱਚ ਜੀਵਨ ਲਾਲ ਸੇਖੂਵਾਸ ਵਾਲੇ, ਕ੍ਰਿਸ਼ਨ ਕੁਮਾਰ ਕਾਲਾ, ਅਨਿਲ ਕੁਮਾਰ ਪਿੱਲਾ, ਮੱਖਣ ਲਾਲ ਗੁਰਨੇ, ਧਰਮ ਪਾਲ, ਨਰੇਸ਼ ਕੁਮਾਰ, ਸੁਰਿੰਦਰ ਭੰਡਾਰੀ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਅਜ਼ਾਦ ਪੇਂਡੂ ਚੌਕੀਦਾਰ ਵੈੱਲਫੇਅਰ ਐਸੋ. ਵੱਲੋਂ ਡੀ ਸੀ ਨੂੰ ਮੰਗ ਪੱਤਰ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਪੇਂਡੂ ਚੌਂਕੀਦਾਰ ਨੂੰ ਡੀ ਸੀ ਰੇਟ 'ਤੇ ਤਨਖਾਹ ਤੇ ਸਾਲਾਨਾ ਭੱਤਾ, ਜਨਮ ਤੇ ਮੌਤ ਦੇ ਰਜਿਸਟਰ ਮੇਨਟੇਨ ਕਰਨ ਦਾ ਕੰਮ ਅਤੇ ਗਰਮੀ ਤੇ ਸਰਦੀ ਦੀਆਂ ਦੋ ਵਰਦੀਆਂ ਦੇਣ ਤੇ ਹਾਈ ਕੋਰਟ ਦੇ ਆਰਡਰ ਲਾਗੂ ਕਰਨ ਸੰਬੰਧੀ ਅਜ਼ਾਦ ਪੇਂਡੂ ਚੌਕੀਦਾਰ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਨਾਮ ਡੀ ਸੀ ਸ੍ਰੀ ਮੁਕਤਸਰ ਸਾਹਿਬ ਨੂੰ ਮੰਗ ਪੱਤਰ ਸੌਂਪਿਆ ਗਿਆ। ਮੰਗ ਪੱਤਰ ਰਾਹੀਂ ਆਗੂਆਂ ਨੇ ਕਿਹਾ ਕਿ ਅਜ਼ਾਦ ਭਾਰਤ ਦਾ ਗੁਲਾਮ ਪੇਂਡੂ ਚੌਕੀਦਾਰ ਅੱਜ ਵੀ ਗੁਲਾਮੀ ਦੀ ਜ਼ਿੰਦਗੀ ਜਿਉਣ ਲਈ ਮਜਬੂਰ ਹੈ। ਉਨ੍ਹਾਂ ਕਿਹਾ ਕਿ ਅਜ਼ਾਦ ਪੇਂਡੂ ਚੌਕੀਦਾਰ ਵੈਲਫੇਅਰ ਐਸੋਸੀਏਸ਼ਨ ਪੰਜਾਬ ਸਮੇਂ ਸਮੇਂ ਦੀਆਂ ਸਰਕਾਰਾ ਨੂੰ ਚੌਕੀਦਾਰਾਂ ਦੀਆਂ ਜਾਇਜ਼ ਮੰਗਾਂ ਸੰਬੰਧੀ ਮੰਗ ਪੱਤਰ ਦੇ ਚੁੱਕੀ ਹੈ, ਪਰ ਕੋਈ ਹੱਲ ਨਹੀਂ ਹੋਇਆ। ਉਨ੍ਹਾਂ ਮੰਗ ਕੀਤੀ ਕਿ ਚੌਕੀਦਾਰਾਂ ਨੂੰ ਘੱਟੋ ਘੱਟ ਡੀ ਸੀ ਤੋਂ ਤਨਖਾਹ, ਡੰਡਾ ਬੈਟਰੀ, ਦੋ ਵਰਦੀਆਂ, ਸਾਈਕਲ ਅਤੇ ਜਨਮ ਤੇ ਮੌਤ ਦੇ ਰਜਿਸਟਰ ਵਾਪਸ ਚੌਕੀਦਾਰਾਂ ਨੂੰ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਪੇਂਡੂ ਚੌਕੀਦਾਰ ਨੂੰ 1250 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ, ਜਦਕਿ ਗੁਆਂਢੀ ਸੂਬਾ ਹਰਿਆਣਾ ਵਿੱਚ ਸੱਤ ਹਜ਼ਾਰ ਰੁਪਏ ਪ੍ਰਤੀ ਮਹੀਨਾ ਸਾਲਾਨਾ ਭੱਤਾ ਦਿੱਤਾ ਜਾਂਦਾ ਹੈ, ਪਰ ਪੰਜਾਬ ਵਿੱਚ ਅਜਿਹਾ ਕੋਈ ਮਾਣ ਭੱਤਾ ਨਹੀਂ ਦਿੱਤਾ ਜਾਂਦਾ।

ਇਸ ਮੌਕੇ ਸਤਿਗੁਰੂ ਸਿੰਘ ਸੂਬਾ ਪ੍ਰਧਾਨ, ਸਮਸ਼ੇਰ ਸਿੰਘ ਮੀਤ ਪ੍ਰਧਾਨ, ਗੁਰਵਿੰਦਰ ਸਿੰਘ, ਜੱਸਾ ਸਿੰਘ, ਲਖਵੀਰ ਸਿੰਘ, ਮੇਜਰ ਸਿੰਘ, ਰੇਸ਼ਮ ਸਿੰਘ, ਜਸਵਿੰਦਰ ਸਿੰਘ ਆਦਿ ਮੌਜੂਦ ਸਨ।

# ਜਤਿੰਦਰ ਸਿੰਘ ਤੇ ਅਮਰੀਕ ਸਿੰਘ ਟਰੱਕ ਯੂਨੀਅਨ ਦੇ ਪ੍ਰਧਾਨ ਚੁਣੇ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਟਰੱਕ ਯੂਨੀਅਨ ਸਮਾਣਾ ਦੀ ਪ੍ਰਧਾਨਗੀ ਨੂੰ ਲੈ ਕੇ ਲੰਬੇ ਸਮੇਂ ਤੋਂ ਚੱਲ ਰਹੀ ਕਸ਼ਮਕਸ਼ ਨੂੰ ਉਸ ਵੇਲੇ ਵਿਰਾਮ ਲੱਗ ਗਿਆ, ਜਦੋਂ ਟਰੱਕ ਯੂਨੀਅਨ ਸਮਾਣਾ ਦੇ ਮੁੱਖ ਦਫਤਰ ਵਿਖੇ ਆਪ ਪਾਰਟੀ ਦੇ ਹਲਕਾ ਇੰਚਾਰਜ ਬਲਕਾਰ ਸਿੰਘ ਗੱਜੂਮਾਜਰਾ ਦੀ ਰਹਿਨੁਮਾਈ ਹੇਠ ਜਤਿੰਦਰ ਸਿੰਘ ਝੰਡ ਤੇ ਅਮਰੀਕ ਸਿੰਘ ਬੀਬੀਪੁਰ ਨੂੰ ਸਰਬਸੰਮਤੀ ਨਾਲ ਟਰੱਕ ਯੂਨੀਅਨ ਸਮਾਣਾ ਦਾ ਪ੍ਰਧਾਨ ਚੁਣ ਲਿਆ ਗਿਆ। ਇਸ ਚੋਣ ਨੂੰ ਅਮਨ ਅਮਾਨ ਨਾਲ ਨੇਪਰੇ ਚੜ੍ਹਾਉਣ ਲਈ ਪੁਲਸ ਪ੍ਰਸ਼ਾਸਨ ਵੀ ਵੱਡੀ ਗਿਣਤੀ 'ਚ ਮੁਸ਼ਤੈਦੀ ਨਾਲ ਮੌਜੂਦ ਸੀ। ਹਲਕਾ ਇੰਚਾਰਜ ਬਲਕਾਰ ਸਿੰਘ ਤੇ ਯੂਨੀਅਨ ਦੇ ਹੋਰ ਅਹੁਦੇਦਾਰਾਂ ਨੇ ਦੋਨੋਂ ਪ੍ਰਧਾਨਾਂ ਨੂੰ ਕੁਰਸੀ 'ਤੇ ਬਿਠਾਇਆ। ਇਸ ਦੌਰਾਨ ਨਵੇਂ ਚੁਣੇ ਗਏ ਪ੍ਰਧਾਨ ਦੀ ਪ੍ਰਧਾਨਗੀ ਨੂੰ ਲੈ ਕੇ ਪਹਿਲਾਂ ਤੋਂ ਕਾਬਜ਼ ਗਰੁੱਪ ਨੇ ਹੰਗਾਮਾ ਖੜਾ ਕਰ ਦਿੱਤਾ ਤੇ ਪ੍ਰਧਾਨਗੀ ਚੋਣ ਦੀ ਨਿਰਪੱਖਤਾ ਨੂੰ ਲੈ ਕੇ ਹੰਗਾਮਾ ਖੜਾ ਕਰ ਦਿੱਤਾ ਅਤੇ ਧੱਕੇਸ਼ਾਹੀ ਦੇ ਇਲਜ਼ਾਮ ਲਗਾਉਂਦਿਆਂ ਪਾਤੜਾਂ ਪਟਿਆਲਾ ਰੋਡ 'ਤੇ ਜਾਮ ਲਗਾ ਦਿੱਤਾ।

# ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦਾ ਪ੍ਰਧਾਨ ਬਣਨ 'ਤੇ ਹਰਚੰਦਪੁਰੀ ਦਾ ਸਨਮਾਨ



**ਧੂਰੀ (ਸੁਖਦੇਵ ਧੂਰੀ)** ਸਾਹਿਤ ਸਭਾ ਦੇ ਪ੍ਰਧਾਨ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਜਨਰਲ ਸਕੱਤਰ ਪਵਨ ਹਰਚੰਦਪੁਰੀ ਤੇ ਸਾਹਿਤ ਸਭਾ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਸ਼ੌਂਕੀ ਦੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਕ੍ਰਮਵਾਰ ਪ੍ਰਧਾਨ ਤੇ ਮੀਤ ਪ੍ਰਧਾਨ ਬਣਨ 'ਤੇ ਧੂਰੀ ਸਭਾ ਦੀ ਮੀਟਿੰਗ ਵਿੱਚ ਲੋਈਆਂ ਤੇ ਮੋਮੈਂਟੋ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ। ਮੀਟਿੰਗ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਸਰਪ੍ਰਸਤ ਡਾ. ਤੇਜਵੰਤ ਮਾਨ ਉਚੇਚੇ ਤੌਰ 'ਤੇ ਪਹੁੰਚੇ। ਵੱਖ-ਵੱਖ ਬੁਲਾਰਿਆਂ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਪ੍ਰਧਾਨ ਤੇ ਮੀਤ ਪ੍ਰਧਾਨ ਬਣਨ ਤੇ ਪਵਨ ਹਰਚੰਦਪੁਰੀ ਅਤੇ ਗੁਲਜ਼ਾਰ ਸਿੰਘ ਸ਼ੌਂਕੀ ਨੂੰ ਮੁਬਾਰਕਬਾਦ ਦੇਣ ਦੇ ਨਾਲ-ਨਾਲ ਦਿਲੀ ਖ਼ੁਸ਼ੀ ਦਾ ਇਜ਼ਹਾਰ ਕੀਤਾ। ਇਸ ਮੌਕੇ ਪਵਨ ਹਰਚੰਦਪੁਰੀ ਤੇ ਗੁਲਜ਼ਾਰ ਸਿੰਘ ਸ਼ੌਂਕੀ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਮੀਟਿੰਗ ਦੌਰਾਨ ਹਾਜ਼ਰੀਨ ਦਾ ਮੂੰਹ ਮਿੱਠਾ ਵੀ ਕਰਾਇਆ।

ਮੀਟਿੰਗ ਦੌਰਾਨ ਪਿਛਲੇ ਸਮੇਂ ਸਦੀਵੀ ਵਿਛੋੜਾ ਦੇ ਗਈਆਂ ਸਾਹਿਤਕ ਹਸਤੀਆਂ ਦੇਵ ਰਾਊਕੇ, ਬਿੱਕਰ ਸਿੱਧੂ, ਪ੍ਰੀਤਮ ਸਿੰਘ ਦਰਦੀ ਅਤੇ ਦੇਵ ਥਰੀਕਿਆਂ ਵਾਲੇ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਮੀਟਿੰਗ ਦੌਰਾਨ ਹਾਜ਼ਰ ਕਵੀਆਂ ਸੁਰਿੰਦਰ ਸਿੰਘ ਰਾਜਪੂਤ, ਗੁਰਦੀਪ ਸਿੰਘ ਕੈਂਥ, ਅਮਰਜੀਤ ਸਿੰਘ ਅਮਨ, ਸੁਰਿੰਦਰ ਸ਼ਰਮਾ ਨਾਗਰਾ, ਡਾ. ਰਾਜਿੰਦਰ ਪਾਲ, ਸੁਰਿੰਦਰ ਅਜਨਬੀ, ਸ਼ੇਰ ਸਿੰਘ ਬੇਨੜਾ, ਜਗਦੇਵ ਸ਼ਰਮਾ ਬੁਗਰਾ, ਵਿਜੇ ਸੋਫ਼ਤ, ਸੱਤਪਾਲ ਪ੍ਰਾਸ਼ਰ, ਕਾਮਰੇਡ ਰਮੇਸ਼ ਜੈਨ, ਡਾ. ਹਰਪਾਲ ਸਿੰਘ ਭੜੀ ਨੇ ਆਪਣੀਆਂ ਚੋਣਵੀਆਂ ਰਚਨਾਵਾਂ ਸੁਣਾ ਕੇ ਖ਼ੂਬ ਰੰਗ ਬੰਨ੍ਹਿਆ। ਇਸ ਮੌਕੇ ਪ੍ਰਿੰਸੀਪਲ ਕਿਰਪਾਲ ਸਿੰਘ, ਲੈਕਚਰਾਰ ਅਸ਼ਵਨੀ ਕੁਮਾਰ ਤੇ ਸੁਖਦੇਵ ਸ਼ਰਮਾ ਆਦਿ ਹਾਜ਼ਰ ਸਨ।

# ਲਹਿਰਾਗਾਗਾ ਦੇ ਸਰਕਾਰੀ ਹਸਪਤਾਲ 'ਚ ਐਮਰਜੈਂਸੀ ਸੇਵਾਵਾਂ ਠੱਪ





**ਲਹਿਰਾਗਾਗਾ (ਸਿੰਗਲਾ)** : ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਦੇ ਕੀਤੇ ਜਾ ਰਹੇ ਦਾਅਵਿਆਂ ਦੇ ਉਲਟ ਸਬ ਡਵੀਜ਼ਨ ਦਰਜਾ ਪ੍ਰਾਪਤ ਲਹਿਰਾਗਾਗਾ ਦੇ ਸਰਕਾਰੀ ਹਸਪਤਾਲ ਵਿੱਚ ਡਾਕਟਰਾਂ ਦੀ ਘਾਟ ਲੋਕਾਂ ਦੀ ਮੌਤ ਦਾ ਕਾਰਨ ਬਣ ਰਹੀ ਹੈ ਅਤੇ ਸਰਕਾਰ ਦੇ ਦਾਅਵਿਆਂ ਦੀਆਂ ਧੱਜੀਆਂ ਉਡਾਉਂਦੀ ਨਜ਼ਰ ਆਉਂਦੀ ਹੈ। ਹਸਪਤਾਲ ਵਿਖੇ ਸਪੈਸ਼ਲਿਸਟ ਡਾਕਟਰਾਂ ਦੀਆਂ 4 ਪੋਸਟਾਂ ਵਿੱਚੋਂ 4 ਹੀ ਖਾਲੀ ਹਨ ਤੇ 5 ਮੈਡੀਕਲ ਅਫਸਰਾਂ ਵਿੱਚੋਂ 2 ਖਾਲੀ ਹਨ, ਫਾਰਮੇਸੀ ਅਫਸਰ ਦੀ ਪੋਸਟ ਵੀ ਖਾਲੀ ਪਈ ਹੈ, ਜਿਸ ਦੇ ਚੱਲਦੇ ਹਸਪਤਾਲ ਅੰਦਰ ਸ਼ਾਮ ਰਾਤ 8 ਵਜੇ ਤੋਂ ਸਵੇਰੇ 8 ਵਜੇ ਤੱਕ ਐਮਰਜੈਂਸੀ ਸੇਵਾਵਾਂ ਠੱਪ ਪਈਆਂ ਹਨ, ਜਦੋਂਕਿ ਐਮਰਜੈਂਸੀ ਸਿਹਤ ਸਹੂਲਤਾਂ ਲਈ 20 ਹਜ਼ਾਰ ਦੀ ਆਬਾਦੀ ਵਾਲੇ ਲਹਿਰਾਗਾਗਾ ਦੇ ਨਾਲ ਨਾਲ ਦਰਜਨਾਂ ਪਿੰਡ ਉਕਤ ਸਰਕਾਰੀ ਹਸਪਤਾਲ 'ਤੇ ਨਿਰਭਰ ਹਨ, ਜਿਸ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਦੌਰਾਨ ਐਮਰਜੈਂਸੀ ਹਾਲਤ ਵਿੱਚ ਆਉਣ ਵਾਲੇ ਮਰੀਜ਼ਾਂ ਦਾ ਕੀ ਹਾਲ ਹੁੰਦਾ ਹੋਵੇਗਾ? ਬੀਤੀ ਰਾਤ ਕਰੀਬ 10 ਵਜੇ ਵਾਰਡ ਨੰਬਰ 11 ਦੀ ਕੌਂਸਲਰ ਸ੍ਰੀਮਤੀ ਸੁਦੇਸ਼ ਰਾਣੀ ਆਪਣੇ ਪਤੀ ਰਤਨ ਸ਼ਰਮਾ ਨਾਲ ਵਾਰਡ ਦੇ ਇੱਕ ਨੌਜਵਾਨ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲੈ ਕੇ ਆਏ, ਪਰ ਮੌਕੇ 'ਤੇ ਕੋਈ ਡਾਕਟਰ ਨਾ ਹੋਣ ਦੇ ਕਾਰਨ ਐਮਰਜੈਂਸੀ ਸੇਵਾਵਾਂ ਠੱਪ ਹੋਣ ਦੇ ਚੱਲਦੇ ਨੌਜਵਾਨ ਦਾ ਸਹੀ ਤਰੀਕੇ ਨਾਲ ਇਲਾਜ ਨਹੀਂ ਹੋ ਸਕਿਆ ਤੇ ਉਸ ਨੂੰ ਰੈਫਰ ਕਰ ਦਿੱਤਾ ਗਿਆ, ਜਿਸ ਦੇ ਕਾਰਨ ਉਸ ਦੀ ਰਸਤੇ ਵਿੱਚ ਮੌਤ ਹੋ ਗਈ, ਪਰ ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਖਰਕਾਰ ਐਮਰਜੈਂਸੀ ਸੇਵਾਵਾਂ ਠੱਪ ਹੋਣ ਲਈ ਤੇ ਇਸ ਦੌਰਾਨ ਗੰਭੀਰ ਹਾਲਤ ਵਿੱਚ ਆਉਣ ਵਾਲੇ ਮਰੀਜ਼ਾਂ ਦੀ ਦੇਖਭਾਲ ਨਾ ਹੋਣ ਕਾਰਨ ਹੋਈ ਮੌਤ ਲਈ ਜ਼ਿੰਮੇਵਾਰ ਕੌਣ ਹੈ? ਕੀ ਸਰਕਾਰ ਜਾਂ ਵਿਭਾਗ ਇਸ ਤੋਂ ਸਬਕ ਲੈਂਦੇ ਹੋਏ ਲਹਿਰਾਗਾਗਾ ਦੇ ਸਰਕਾਰੀ ਹਸਪਤਾਲਾਂ ਵਿੱਚ ਸਪੈਸ਼ਲਿਸਟ ਡਾਕਟਰਾਂ ਦੀ ਨਿਯੁਕਤੀ ਕਰੇਗਾ ਜਾਂ ਫਿਰ ਲੋਕਾਂ ਨੂੰ ਸਰਕਾਰੀ ਹਸਪਤਾਲ ਵਿੱਚ ਐਮਰਜੈਂਸੀ ਸਿਹਤ ਸਹੂਲਤਾਂ ਦੀ ਘਾਟ ਕਾਰਨ ਇਸੇ ਤਰ੍ਹਾਂ ਆਪਣੀ ਜਾਨ ਤੋਂ ਹੱਥ ਧੋਣੇ ਪੈਂਦੇ ਰਹਿਣਗੇ।

ਉਧਰ ਇਸ ਮਾਮਲੇ 'ਤੇ ਐੱਸ ਐੱਮ ਓ ਡਾ. ਸੰਜੇ ਬਾਂਸਲ ਨੇ ਕਿਹਾ ਕਿ ਹਸਪਤਾਲ ਵਿੱਚ ਡਾਕਟਰਾਂ ਦੀ ਘਾਟ ਕਾਰਨ ਐਮਰਜੈਂਸੀ ਸੇਵਾਵਾਂ ਠੱਪ ਹਨ, ਜੋ ਡਾਕਟਰ ਹਨ, ਉਨ੍ਹਾਂ ਵੱਲੋਂ ਲਿਖਤੀ ਰੂਪ 'ਚ ਦਿੱਤਾ ਗਿਆ ਹੈ ਕਿ ਉਹ ਚੌਵੀ ਚੌਵੀ ਘੰਟੇ ਡਿਊਟੀ ਨਹੀਂ ਕਰ ਸਕਦੇ, ਜਿਸ ਦੇ ਚੱਲਦੇ ਮਜਬੂਰੀ ਵੱਸ ਐਮਰਜੈਂਸੀ ਸੇਵਾਵਾਂ ਨੂੰ ਠੱਪ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਰਾਤ ਸਮੇਂ ਮੁਨੀਸ਼ ਕੁਮਾਰ ਪੁੱਤਰ ਰਮੇਸ਼ ਕੁਮਾਰ ਵਾਰਡ ਨੰਬਰ 11 ਨੂੰ ਹਸਪਤਾਲ 'ਚ ਲਿਆਂਦਾ ਗਿਆ ਸੀ, ਜਿਸ ਨੂੰ ਕਿ ਰੈਫਰ ਕਰ ਦਿੱਤਾ ਗਿਆ ਸੀ, ਪਰ ਉਨ੍ਹਾਂ ਨੂੰ ਨੌਜਵਾਨ ਦੀ ਮੌਤ ਹੋਣ ਦੀ ਕੋਈ ਜਾਣਕਾਰੀ ਨਹੀਂ। ਹਸਪਤਾਲ 'ਚ ਡਾਕਟਰਾਂ ਦੀ ਘਾਟ ਬਾਰੇ ਜਿੱਥੇ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਲਿਖਤੀ ਰੂਪ ਵਿੱਚ ਲਿਖਿਆ ਜਾਂਦਾ, ਉਥੇ ਹਲਕਾ ਵਿਧਾਇਕ ਦੇ ਧਿਆਨ 'ਚ ਵੀ ਉਕਤ ਮਾਮਲਾ ਕਈ ਵਾਰ ਲਿਆਂਦਾ ਜਾ ਚੁੱਕਾ ਹੈ।

# ਸਰਕਾਰੀ ਸਕੂਲ 'ਚੋਂ ਮਿਲੀ ਨੌਜਵਾਨ ਦੀ ਲਾਸ਼, ਚਿੱਟੇ ਨਾਲ ਮੌਤ ਦਾ ਖਦਸ਼ਾ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪਿੰਡ ਜਗਾ ਰਾਮ ਤੀਰਥ ਦੇ ਸਰਕਾਰੀ ਸੈਕੰਡਰੀ ਸਕੂਲ ਦੇ ਵਿਹੜੇ ਵਿੱਚ ਇੱਕ ਨੌਜਵਾਨ ਦੀ ਲਾਸ਼ ਮਿਲਣ ਨਾਲ ਸਨਸਨੀ ਫੈਲ ਗਈ। ਮ੍ਰਿਤਕ ਦੀ ਬਾਂਹ ਵਿੱਚ ਸਰਿੰਜ ਲੱਗੀ ਹੋਈ ਸੀ। ਪਿੰਡ ਵਾਸੀਆਂ ਦੇ ਇਕੱਤਰ ਹੋਣ 'ਤੇ ਮ੍ਰਿਤਕ ਦੀ ਪਛਾਣ ਪਿੰਡ ਦੇ ਹੀ ਵਸਨੀਕ ਮਨਪ੍ਰੀਤ ਸਿੰਘ ਗੋਸ਼ਾ (20) ਪੁੱਤਰ ਕਾਲੂ ਸਿੰਘ ਵਜੋਂ ਹੋਈ। ਮ੍ਰਿਤਕ ਦੇ ਵਾਰਿਸਾਂ ਨੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਤਲਵੰਡੀ ਸਾਬੋ ਲਿਆਂਦਾ। ਇਸ ਮੌਕੇ ਮੌਜੂਦ ਪਿੰਡ ਵਾਸੀਆਂ ਨੇ ਦੱਸਿਆ ਕਿ ਪਿੰਡ ਵਿੱਚ ਵੱਡੀ ਪੱਧਰ 'ਤੇ ਚਿੱਟਾ ਵਿਕ ਰਿਹੈ ਤੇ ਪਿਛਲੇ ਸਮੇਂ ਵਿੱਚ ਵੀ ਕਈ ਨੌਜਵਾਨ ਚਿੱਟੇ ਦੀ ਭੇਟ ਚੜ੍ਹ ਚੁੱਕੇ ਹਨ। ਨੌਜਵਾਨ ਆਗੂ ਰਾਜੂ ਪ੍ਰਧਾਨ ਮੁਤਾਬਿਕ ਮ੍ਰਿਤਕ ਮਨਪ੍ਰੀਤ ਸਿੰਘ ਅਜੇ ਪਿਛਲੇ ਦਿਨੀਂ ਹੀ ਨਸ਼ਾ ਛੁਡਾਊ ਕੇਂਦਰ ਵਿੱਚੋਂ ਨਸ਼ਾ ਛੱਡਣ ਉਪਰੰਤ ਘਰ ਪਰਤਿਆ ਸੀ ਤੇ ਬੀਤੀ ਦੇਰ ਰਾਤ ਘਰੋਂ ਨਿਕਲਣ ਉਪਰੰਤ ਅੱਜ ਜਿਉਂ ਹੀ ਸਵੇਰੇ ਘਰ ਵਾਲਿਆਂ ਉਸ ਦੀ ਭਾਲ ਸ਼ੁਰੂ ਕੀਤੀ ਤਾਂ ਉਸ ਦੀ ਲਾਸ਼ ਸਕੂਲ ਵਿੱਚੋਂ ਮਿਲੀ। ਮ੍ਰਿਤਕ ਦੇ ਵਾਰਿਸਾਂ ਨੇ ਨੌਜਵਾਨ ਨੂੰ ਕਿਸੇ ਵੱਲੋਂ 'ਚਿੱਟੇ' ਦੀ ਓਵਰਡੋਜ਼ ਦੇਣ ਦਾ ਪੁਲਸ ਕੋਲ ਸ਼ੱਕ ਪ੍ਰਗਟਾਇਆ, ਜਿਸ 'ਤੇ ਤਲਵੰਡੀ ਸਾਬੋ ਪੁਲਸ ਨੇ ਮ੍ਰਿਤਕ ਨੌਜਵਾਨ ਦੇ ਪਿਤਾ ਕਾਲੂ ਸਿੰਘ ਦੇ ਬਿਆਨਾਂ 'ਤੇ ਅਣਪਛਾਤਿਆਂ ਖਿਲਾਫ ਧਾਰਾ 304 ਆਈ.ਪੀ.ਸੀ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੋਸਟਮਾਰਟਮ ਉਪਰੰਤ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਗਈ ਹੈ।

ਉੱਧਰ ਪਿੰਡ ਵਿੱਚ 'ਚਿੱਟੇ' ਦੇ ਪਾਸਾਰ ਕਾਰਨ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਕਾਰਨ ਪਿੰਡ ਵਾਸੀਆਂ ਵਿੱਚ ਰੋਹ ਪਾਇਆ ਜਾ ਰਿਹੈ।

ਦੂਜੇ ਪਾਸੇ ਪਿੰਡ ਦੇ ਵਸਨੀਕ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਪ੍ਰਧਾਨ ਜਸਵਿੰਦਰ ਸਿੰਘ ਜ਼ੈਲਦਾਰ ਨੇ ਪੁਲਸ ਪ੍ਰਸ਼ਾਸਨ ਤੋਂ ਪਿੰਡ ਵਿੱਚ ਸਪੈਸ਼ਲ ਪੁਲਸ ਬਲ ਤਾਇਨਾਤ ਕਰਕੇ 'ਚਿੱਟੇ' ਦੀ ਸਪਲਾਈ ਲਾਈਨ ਤੋੜੇ ਜਾਣ ਦੀ ਮੰਗ ਕੀਤੀ ਹੈ, ਤਾਂ ਕਿ ਨੌਜਵਾਨੀ ਨੂੰ ਬਚਾਇਆ ਜਾ ਸਕੇ।

# 7 ਨੂੰ ਧੂਰੀ ਦਾ ਹਾਈਵੇ ਜਾਮ ਕਰਨਗੇ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਕੱਚੇ ਕਾਮੇ

**ਲੌਂਗੋਵਾਲ, (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)** : ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਇੰਪਲਾਈਜ਼ ਕੰਟਰੈਕਟ ਵਰਕਰਜ਼ ਤੇ ਲੇਬਰ ਯੂਨੀਅਨ (ਰਜਿ.23) ਦੇ ਸੂਬਾ ਪ੍ਰਧਾਨ ਸ਼ੇਰ ਸਿੰਘ ਖੰਨਾ, ਚੇਅਰਮੈਨ ਗੁਰਜੰਟ ਸਿੰਘ ਧੂਰੀ ਤੇ ਸੂਬਾ ਆਗੂ ਗਗਨ ਸਿੰਘ ਫ਼ਿਰੋਜ਼ਪੁਰ ਨੇ ਕਿਹਾ ਕਿ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਵੱਖ ਵੱਖ ਸਰਕਾਰੀ ਵਿਭਾਗਾਂ 'ਚ ਆਊਟਸੋਰਸ, ਠੇਕੇਦਾਰਾਂ, ਕੰਪਨੀਆਂ ਸੁਸਾਇਟੀਆਂ ਰਾਹੀਂ ਪਿਛਲੇ 15-20 ਸਾਲਾਂ ਤੋਂ ਲਗਾਤਾਰ ਕੰਮ ਕਰਦੇ ਆ ਰਹੇ ਹਾਂ, ਵਰਕਰਾਂ ਨੂੰ ਉਨ੍ਹਾਂ ਦੇ ਪਿੱਤਰੀ ਵਿਭਾਗਾਂ ਵਿੱਚ ਬਿਨਾਂ ਭੇਦਭਾਵ ਦੇ ਪੱਕੇ ਕਰਵਾਉਣ, ਤਨਖਾਹ 'ਚ ਵਾਧਾ ਕਰਵਾਉਣ ਸਮੇਤ ਹੋਰ ਜਾਇਜ਼ ਤੇ ਹੱਕੀ ਮੰਗਾਂ ਮਨਵਾਉਣ ਲਈ 7 ਅਕਤੂਬਰ ਨੂੰ ਹਲਕਾ ਧੂਰੀ ਦਾ ਸਟੇਟ ਹਾਈਵੇ ਜਾਮ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਸਮੂਹ ਸਰਕਾਰੀ ਵਿਭਾਗਾਂ 'ਚ ਸੇਵਾਵਾਂ ਦੇ ਰਹੇ ਠੇਕੇਦਾਰਾਂ, ਸੁਸਾਇਟੀਆਂ ਰਾਹੀਂ ਰੱਖੇ ਆਊਟਸੋਰਸਿਸ ਕਾਮਿਆਂ ਨੂੰ ਉਨ੍ਹਾਂ ਦੇ ਪਿੱਤਰੀ ਵਿਭਾਗਾਂ 'ਚ ਰੈਗੂਲਰ ਕਰਨ ਸਮੇਤ ਹੋਰਨਾਂ ਮੰਗਾਂ ਦਾ ਹੱਲ ਕਰਵਾਉਣ ਲਈ 5 ਅਕਤੂਬਰ ਨੂੰ ਪੰਜਾਬ ਸਰਕਾਰ ਦੇ ਰਾਵਣ ਰੂਪੀ ਪੁਤਲੇ ਸਾੜੇ ਜਾਣਗੇ ਤੇ 7 ਅਕਤੂਬਰ ਨੂੰ ਪੰਜਾਬ ਭਰ ਵਿੱਚੋਂ ਪੂਰੇ ਉਤਸ਼ਾਹ ਨਾਲ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਕਾਮੇ ਪਰਿਵਾਰਾਂ ਸਮੇਤ ਕਾਫਲੇ ਲੈ ਕੇ ਧੂਰੀ ਸਟੇਟ ਹਾਈਵੇ ਜਾਮ ਕਰਨ ਲਈ ਕੂਚ ਕਰਨਗੇ ਤੇ ਜਦੋਂ ਤੱਕ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਮੀਟਿੰਗ ਕਰਕੇ ਮੰਗਾਂ ਦਾ ਹੱਲ ਨੀਂ ਕੀਤਾ ਜਾਂਦਾ, ਇਹ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਫ਼ਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਗਗਨ ਸਿੰਘ, ਕੁਲਦੀਪ ਸਿੰਘ ਜ਼ਿਲ੍ਹਾ ਪ੍ਰਧਾਨ ਫਤਿਹਗੜ੍ਹ ਸਾਹਿਬ, ਜਸਵੀਰ ਸਿੰਘ ਜ਼ਿਲ੍ਹਾ ਪ੍ਰਧਾਨ ਮਾਨਸਾ, ਲਛਮਣ ਸਿੰਘ ਜ਼ਿਲ੍ਹਾ ਪ੍ਰਧਾਨ ਬਰਨਾਲਾ, ਹਰਬੰਸ ਸਿੰਘ ਧੂਰੀ, ਗੁਰਵਿੰਦਰ ਸਿੰਘ ਲਹਿਰਾ, ਸੰਦੀਪ ਸਿੰਘ ਅਟਵਾਲ, ਸੰਜੂ ਧੂਰੀ, ਦਰਸ਼ਨ ਸਿੰਘ ਮੰਡੇਰ, ਬਲਵੰਤ ਸਿੰਘ, ਗੁਰਮੇਲ ਸਿੰਘ ਤੇ ਗੁਲਾਬ ਸਿੰਘ ਆਦਿ ਹਾਜ਼ਰ ਸਨ।

# 'ਆਪ' ਨੇ ਗੁਜਰਾਤ ਤੇ ਯੂ ਪੀ 'ਚ ਗੰਨਾ ਕਿਸਾਨਾਂ ਦੇ ਬਕਾਏ ਜਾਰੀ ਨਾ ਕਰਨ ਲਈ ਭਾਜਪਾ 'ਤੇ ਕੀਤਾ ਹਮਲਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਆਮ ਆਦਮੀ ਪਾਰਟੀ (ਆਪ) ਨੇ ਮੰਗਲਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਸਿਰਫ 'ਆਪ' ਕਿਸਾਨ-ਪੱਖੀ ਅਤੇ ਲੋਕ-ਪੱਖੀ ਪਾਰਟੀ ਹੈ, ਜਦਕਿ ਭਾਜਪਾ ਦੇਸ਼ ਭਰ 'ਚ ਆਪਣੇ ਸੱਤਾਧਾਰੀ ਸੂਬਿਆਂ 'ਚ ਕਿਸਾਨਾਂ ਦਾ ਸ਼ੋਸ਼ਣ ਕਰ ਰਹੀ ਹੈ। ਪਾਰਟੀ ਮੁੱਖ ਦਫਤਰ ਤੋਂ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ 'ਆਪ' ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਕਿਸਾਨਾਂ ਦੀ ਭਲਾਈ ਲਈ ਫੈਸਲਾ ਲੈਂਦਿਆਂ ਗੰਨੇ ਦੇ ਖਰੀਦ ਮੁੱਲ ਵਿੱਚ 20 ਰੁਪਏ ਪ੍ਰਤੀ ਕੁਇੰਟਲ ਦਾ ਇਜਾਫਾ ਕੀਤਾ ਹੈ। ਹੁਣ ਗੰਨਾ ਕਿਸਾਨਾਂ ਨੂੰ ਮੌਜੂਦਾ ਕੀਮਤ 360 ਰੁਪਏ ਪ੍ਰਤੀ ਕੁਇੰਟਲ ਦੇ ਮੁਕਾਬਲੇ 380 ਰੁਪਏ ਪ੍ਰਤੀ ਕੁਇੰਟਲ ਰੇਟ ਮਿਲੇਗਾ। ਇਸ ਫੈਸਲੇ ਨਾਲ 'ਆਪ' ਸਰਕਾਰ ਕਿਸਾਨਾਂ 'ਤੇ ਸਾਲਾਨਾ 200 ਕਰੋੜ ਰੁਪਏ ਵਾਧੂ ਖਰਚ ਕਰੇਗੀ ਅਤੇ ਕਿਸਾਨਾਂ ਨੂੰ ਵਿੱਤੀ ਫਾਇਦਾ ਮਿਲੇਗਾ। ਦੂਜੇ ਪਾਸੇ, ਗੁਜਰਾਤ ਦੀ ਭਾਜਪਾ ਸਰਕਾਰ ਨੇ ਅਜੇ ਤੱਕ ਲਗਭਗ 35 ਫੀਸਦੀ ਗੰਨਾ ਕਿਸਾਨਾਂ ਦੇ ਬਕਾਏ ਦਾ ਭੁਗਤਾਨ ਨਹੀਂ ਕੀਤਾ ਹੈ, ਜਦੋਂ ਕਿ ਉੱਤਰ ਪ੍ਰਦੇਸ, ਜੋ ਕੁੱਲ ਗੰਨਾ ਉਤਪਾਦਨ ਵਿੱਚ 50 ਫੀਸਦੀ ਯੋਗਦਾਨ ਪਾਉਂਦਾ ਹੈ, ਦੀ ਭਾਜਪਾ ਰਾਜ ਸਰਕਾਰ ਨੇ 13 ਫੀਸਦੀ ਤੋਂ ਵੱਧ ਗੰਨਾ ਕਿਸਾਨਾਂ ਦੀ ਅਦਾਇਗੀ ਨਹੀਂ ਕੀਤੀ ਹੈ। ਕੰਗ ਅਨੁਸਾਰ, "ਇਹ ਹੀ ਭਾਜਪਾ ਦੇ ਗੁਜਰਾਤ ਮਾਡਲ ਅਤੇ ਅਰਵਿੰਦ ਕੇਜਰੀਵਾਲ ਦੇ ਰਾਜਨੀਤਕ ਮਾਡਲ ਵਿੱਚ ਅੰਤਰ ਹੈ। ਜਿੱਥੇ ਅਸੀਂ ਕਿਸਾਨਾਂ ਅਤੇ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਕੰਮ ਕਰ ਰਹੇ ਹਾਂ ਉੱਥੇ ਭਾਜਪਾ ਆਪਣੇ ਝੂਠੇ ਦਾਅਵਿਆਂ ਨਾਲ ਸਿਰਫ ਆਮ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ।" ਕੰਗ ਨੇ ਕਿਹਾ ਕਿ ਇਸ ਸਮੇਂ ਪੰਜਾਬ ਵਿੱਚ ਸਿਰਫ 1.25 ਲੱਖ ਹੈਕਟੇਅਰ ਰਕਬੇ ਵਿੱਚ ਗੰਨੇ ਦੀ ਕਾਸ਼ਤ ਕੀਤੀ ਜਾਂਦੀ ਹੈ, ਹਾਲਾਂਕਿ ਖੰਡ ਮਿੱਲਾਂ ਕੋਲ ਲਗਭਗ 2.50 ਲੱਖ ਹੈਕਟੇਅਰ ਰਕਬੇ ਵਿੱਚੋਂ ਗੰਨੇ ਦੀ ਪਿੜਾਈ ਦੀ ਸਮਰੱਥਾ ਹੈ। ਸਰਕਾਰ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਲਈ ਉਤਸਾਹਿਤ ਕਰਨ ਲਈ ਵੱਖ-ਵੱਖ ਪਹਿਲਕਦਮੀਆਂ ਕਰ ਰਹੀ ਹੈ ਅਤੇ ਇਸੇ ਲਈ ਸੂਬਾ ਸਰਕਾਰ ਨੇ ਕਿਸਾਨਾਂ ਦੀ ਆਮਦਨ ਨੂੰ ਵਧਾਉਣ ਲਈ ਕੀਮਤਾਂ ਵਧਾਉਣ ਦਾ ਫੈਸਲਾ ਕੀਤਾ ਹੈ। ਇਹ ਦਾਅਵਾ ਕਰਦੇ ਹੋਏ ਕਿ 'ਆਪ' ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਸਖਤ ਮਿਹਨਤ ਕਰ ਰਹੀ ਹੈ, ਕੰਗ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਨੇ ਸਰਕਾਰ ਬਣਨ ਤੋਂ ਬਾਅਦ ਅਣਗਿਣਤ ਕਿਸਾਨ ਪੱਖੀ ਫੈਸਲੇ ਲਏ ਅਤੇ ਗੰਨਾ ਕਿਸਾਨਾਂ ਦੇ ਸਾਰੇ ਪੁਰਾਣੇ ਬਕਾਏ ਵੀ ਸਿਰਫ 6 ਮਹੀਨਿਆਂ ਦੇ ਅੰਦਰ-ਅੰਦਰ ਕਲੀਅਰ ਕਰ ਦਿੱਤੇ। ਸਹਿਕਾਰੀ ਖੰਡ ਮਿੱਲਾਂ ਨੇ ਪਹਿਲਾਂ ਹੀ ਕਿਸਾਨਾਂ ਦੇ ਸਮੁੱਚੇ ਬਕਾਏ ਅਦਾ ਕਰ ਦਿੱਤੇ ਹਨ ਪਰ ਦੋ ਨਿੱਜੀ ਖੰਡ ਮਿੱਲਾਂ ਨੇ ਅਜੇ ਤੱਕ ਬਕਾਇਆ ਅਦਾ ਨਹੀਂ ਕੀਤਾ ਅਤੇ 'ਆਪ' ਸਰਕਾਰ ਨੇ ਕਿਸਾਨਾਂ ਦੇ ਬਕਾਏ ਦੀ ਅਦਾਇਗੀ ਲਈ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਜਬਤ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਲਖੀਮਪੁਰ ਖੀਰੀ ਵਿੱਚ ਕਿਸਾਨਾਂ ਨੂੰ ਇਨਸਾਫ ਨਾ ਦੇਣ 'ਤੇ ਭਾਜਪਾ 'ਤੇ ਨਿਸ਼ਾਨਾ ਸਾਧਦਿਆਂ ਕੰਗ ਨੇ ਕਿਹਾ ਕਿ ਚਾਰ ਕਿਸਾਨਾਂ ਅਤੇ ਪੱਤਰਕਾਰ ਦੀ ਮੌਤ ਦੇ ਇੱਕ ਸਾਲ ਬਾਅਦ ਵੀ ਕਿਸਾਨ ਇਨਸਾਫ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਨੇ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਨੂੰ ਬਰਖਾਸਤ ਨਾ ਕਰਨ ਲਈ ਭਾਜਪਾ ਸਰਕਾਰ ਦੀ ਆਲੋਚਨਾ ਕੀਤੀ ਕਿਉਂਕਿ ਉਨ੍ਹਾਂ ਦਾ ਪੁੱਤਰ ਆਸ਼ੀਸ਼ ਮਿਸ਼ਰਾ ਇਸ ਮਾਮਲੇ ਵਿੱਚ ਮੁੱਖ ਦੋਸ਼ੀ ਹੈ। ਇੱਥੋਂ ਤੱਕ ਕਿ ਪੀੜਤਾਂ ਨੂੰ ਨੌਕਰੀਆਂ ਦੇ ਨਿਯੁਕਤੀ ਪੱਤਰ ਵੀ ਨਹੀਂ ਮਿਲੇ ਅਤੇ ਕਿਸਾਨਾਂ ਨਾਲ ਬਾਕੀ ਸਾਰੇ ਵਾਅਦਿਆਂ ਨੂੰ ਵੀ ਭਾਜਪਾ ਦੀ ਕੇਂਦਰ ਅਤੇ ਸੂਬਾ ਸਰਕਾਰਾਂ ਨੇ ਠੰਡੇ ਬਸਤੇ ਪਾਇਆ ਹੋਇਆ ਹੈ।



# ਆਰ ਐਮ ਪੀ ਆਈ ਕਰੇਗੀ ਰੇਤ ਮਾਫੀਆ ਦੀ ਲੁੱਟ ਖਿਲਾਫ਼ ਡੀ ਸੀ ਦਫ਼ਤਰ ਵਿਖੇ ਰੋਸ ਮੁਜ਼ਾਹਰਾ

**ਹੁਸ਼ਿਆਰਪੁਰ, (ਬਲਵੀਰ ਸੈਣੀ)**

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਵੱਲੋਂ ਪੰਜਾਬ ਸਰਕਾਰ ਦੀ ਘਟੀਆ ਖਨਨ ਨੀਤੀ, ਜਿਸ ਕਰਕੇ ਰੇਤ ਦੇ ਭਾਅ ਆਸਮਾਨੀਂ ਜਾ ਚੜ੍ਹੇ ਹਨ ਅਤੇ ਉਸਾਰੀ ਦਾ ਕੰਮ ਠੱਪ ਹੋ ਕੇ ਰਹਿ ਗਿਆ ਹੈ, ਵਿਰੁੱਧ ਆਉਣ ਵਾਲੀ 10 ਅਕਤੂਬਰ ਨੂੰ ਡੀਸੀ ਦਫ਼ਤਰ ਹੁਸ਼ਿਆਰਪੁਰ ਸਾਹਮਣੇ ਰੋਸ ਭਰਪੂਰ ਮੁਜ਼ਾਹਰਾ ਕੀਤਾ ਜਾਵੇਗਾ। ਉਕਤ ਜਾਣਕਾਰੀ ਇੱਥੋਂ ਜਾਰੀ ਇੱਕ ਸਾਂਝੇ ਬਿਆਨ ਰਾਹੀਂ ਪਾਰਟੀ ਦੀ ਹੁਸ਼ਿਆਰਪੁਰ ਜ਼ਿਲ੍ਹਾ ਕਮੇਟੀ ਦੇ ਪ੍ਰਧਾਨ ਗਿਆਨ ਸਿੰਘ ਗੁਪਤਾ, ਸਕੱਤਰ ਸਾਥੀ ਸਾਥੀ ਪਿਆਰਾ ਸਿੰਘ ਪ੍ਰਿੰਸੀਪਲ, ਖਜਾਨਚੀ ਸਾਥੀ ਸਤਪਾਲ ਲੱਠ ਅਤੇ ਸੂਬਾ ਕਮੇਟੀ ਮੈਂਬਰ ਸਾਥੀ ਸ਼ਿਵ ਕੁਮਾਰ ਤਲਵਾੜਾ ਨੇ ਦਿੱਤੀ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਉਕਤ ਨੀਤੀ ਸਦਕਾ ਰੇਤੇ 'ਤੇ ਲਾਏ ਗਏ ਬੇਬਹਾ ਟੈਕਸ ਦੇ ਨਤੀਜੇ ਵਜੋਂ ਕੰਮ-ਧੰਦੇ ਤੋਂ ਵਾਂਝੇ ਹੋ ਗਏ ਸੂਬੇ ਦੇ ਹਜ਼ਾਰਾਂ ਨਿਰਮਾਣ ਕਾਮਿਆਂ ਅਤੇ ਕਰੈਸ਼ਰ ਮਜ਼ਦੂਰਾਂ ਦੇ ਟੱਬਰ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵਾਂਗੂੰ ਹੀ ਮੌਜੂਦਾ ਸਰਕਾਰ ਸਮੇਂ ਵੀ ਖਨਨ ਮਾਫੀਆ ਦੀ ਗੈਰ ਕਾਨੂੰਨੀ ਮਾਈਨਿੰਗ ਦੇ ਜ਼ੋਰਾਂ-ਸ਼ੋਰਾਂ ਨਾਲ ਜਾਰੀ ਰਹਿਣ ਨੇ ਲੋਕਾਂ ਦੀਆਂ ਦੁਸ਼ਵਾਰੀਆਂ 'ਚ ਕਈ ਗੁਣਾ ਵਾਧਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਮੁਜ਼ਾਹਰੇ ਦੌਰਾਨ ਇਹ ਮੰਗ ਵੀ ਜ਼ੋਰ-ਸ਼ੋਰ ਨਾਲ ਉਭਾਰੀ ਜਾਵੇਗੀ ਕਿ ਪੰਜਾਬ ਸਰਕਾਰ 'ਦਿੱਲੀ ਮਾਡਲ' ਅਤੇ 'ਮੁਹੱਲਾ ਕਲੀਨਿਕਾਂ' ਆਦਿ ਦੀ ਫਜ਼ੂਲ ਅਤੇ ਭਰਮਾਊ ਬਿਆਨਬਾਜ਼ੀ ਰਾਹੀਂ ਕੀਤੀ ਜਾ ਰਹੀ ਡੰਗ ਟਪਾਈ ਤਿਆਗ ਕੇ ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣ ਲਈ ਸਰਕਾਰੀ ਸਕੂਲਾਂ, ਹਸਪਤਾਲਾਂ, ਟਰਾਂਸਪੋਰਟ ਵਿਭਾਗ, ਜਨ ਸਿਹਤ ਅਤੇ ਪਾਵਰਕਾੱਮ ਆਦਿ ਮਹਿਕਮਿਆਂ ਦੇ ਕੱਚੇ, ਠੇਕਾ ਆਧਾਰਿਤ ਅਤੇ ਸਕੀਮ ਤੇ ਮਾਣਭੱਤਾ ਮੁਲਾਜ਼ਮਾਂ ਨੂੰ ਪੱਕਾ ਕਰੇ ਅਤੇ ਉਕਤ ਵਿਭਾਗਾਂ 'ਚ ਖਾਲੀ ਪਈਆਂ ਹਜ਼ਾਰਾਂ ਪੋਸਟਾਂ ਲਈ ਕਰਮਚਾਰੀਆਂ ਦੀ ਪੱਕੀ ਭਰਤੀ ਕਰੇ। ਉਕਤ ਮੁਜ਼ਾਹਰੇ ਦੀ ਤਿਆਰੀ ਲਈ ਪਿੰਡਾਂ/ ਸ਼ਹਿਰਾਂ ਅੰਦਰ ਸੰਘਣੀ ਜਨ ਸੰਪਰਕ ਮੁਹਿੰਮ ਚਲਾਈ ਜਾਵੇਗੀ ਅਤੇ ਭਿਅੰਕਰ ਬੇਰੁਜ਼ਗਾਰੀ ਲਈ ਜ਼ਿੰਮੇਵਾਰ ਮੋਦੀ ਸਰਕਾਰ ਦੀਆਂ ਨਿੱਜੀਕਰਨ ਦੀਆਂ ਨੀਤੀਆਂ, ਜੋ ਪੰਜਾਬ ਸਰਕਾਰ ਵੱਲੋਂ ਵੀ ਇੰਨ-ਬਿਨ ਲਾਗੂ ਕੀਤੀਆਂ ਜਾ ਰਹੀਆਂ ਹਨ, ਦੇ ਘਾਤਕ ਨਤੀਜਿਆਂ ਤੋਂ ਲੋਕਾਂ ਨੂੰ ਜਾਣੂੰ ਕਰਵਾਇਆ ਜਾਵੇਗਾ। ਇਸ ਮੌਕੇ ਕਾਮਰਰੇਡ ਜੋਧ ਸਿੰਘ, ਸੱਤਪਾਲ ਲੱਠ, ਸਵਰਨ ਸਿੰਘ ਮੁਕੇਰੀਆਂ, ਦਵਿੰਦਰ ਸਿੰਘ ਕੱਕੋਂ, ਡਾ. ਤਰਲੋਚਨ ਸਿੰਘ, ਰਾਮਜੀਦਾਸ ਚੌਹਾਨ, ਬਲਵੰਤਤ ਰਾਮ, ਤਰਸੇਮ ਲਾਲ ਆਦਿ ਆਗੂ ਵੀ ਹਾਜਰ ਸਨ।



## ਰਾਮਲੀਲ੍ਹਾ ਦੀ ਤੀਸਰੀ ਨਾਈਟ ਦਾ ਉਦਘਾਟਨ ਡਾ. ਵਿਜੇ ਕੁਮਾਰ ਤੇ ਬਬਲਾ ਨੇ ਕੀਤਾ

**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ)** - ਬ੍ਰਹਮਲੀਨ 108 ਮਹੰਤ ਸ਼ਾਂਤੀ ਗਿਰੀ ਮਹਾਰਾਜ ਦੇ ਆਸ਼ੀਰਵਾਦ ਨਾਲ ਪੰਡਤ ਕੁੰਦਨ ਲਾਲ ਰਾਮਲੀਲ੍ਹਾ (ਰਜਿ.) ਨੇ ਧਾਰਮਿਕ ਸੰਸਥਾਵਾਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 56ਵੀਂ ਰਾਮਲੀਲਾ ਦੀ ਤੀਸਰੀ ਨਾਈਟ ਦਾ ਉਦਘਾਟਨ ਸਾਬਕਾ ਐੱਸ.ਐੱਮ.ਓ ਲੋਹੀਆਂ ਡਾ. ਵਿਜੇ ਕੁਮਾਰ, ਡਾ. ਮੱਧੂ ਅਤੇ ਇੰਦਰਜੀਤ ਬਬਲਾ ਨੇ ਰੀਬਨ ਕੱਟ ਕੇ ਕੀਤਾ। ਕਲਾਕਾਰਾਂ ਨੇ ਨਿਰਦੇਸ਼ਕ ਪ੍ਰੇਮ ਕੁਮਾਰ ਸੱਦੀ ਦੇ ਨਿਰਦੇਸ਼ਨ ਹੇਠ ਪੰਚਵਟੀ, ਸੀਤਾ ਹਰਣ, ਪ੍ਰਭੂ ਸ਼੍ਰੀ ਰਾਮ ਚੰਦਰ ਜੀ ਦੀ ਸੁਗਰੀਵ ਮਿੱਤਰਤਾ, ਸੁਗਰੀਵ ਅਤੇ ਬਾਲੀ ਦੇ ਯੁੱਧ ਦੀਆਂ ਭੂਮਿਕਾਵਾਂ ਨਿਭਾਈਆਂ। ਇਸ ਮੌਕੇ 'ਤੇ ਜਤਿੰਦਰਾ ਬਿਊਟੀ ਪਾਰਲਰ ਵੱਲੋਂ ਕਲਾਕਾਰਾਂ ਦੇ ਮੁਫਤ ਮੇਕਅੱਪ ਦੀ ਸੇਵਾ ਨਿਭਾਈ ਗਈ ਅਤੇ ਪਬਲਿਕ ਮੀਡੀਆ ਵੱਲੋਂ ਬੱਚਿਆਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਇਸ ਮੌਕੇ ਮਹੰਤ ਕਮਲੇਸ਼, ਮਾਸਟਰ ਰਵੀ ਸ਼ੰਕਰ, ਕੌਂਸਲਰ ਪ੍ਰਦੀਪ ਕੁਮਾਰ, ਜਗਮੋਹਨ ਸਿੰਘ, ਰੁਪੇਸ਼ ਕੁਮਾਰ, ਮੋਨੂੰ ਅਰੋੜਾ, ਮਨੀਸ਼ ਕੁਮਾਰ ਮੰਗਾ, ਡਾ. ਨਿਰਮਲ ਲੋਧੀ, ਗੌਰਵ ਕੁਮਾਰ, ਪਰਮਜੀਤ ਸਿੰਘ ਪੰਮਾ, ਸ਼ਾਲੂ ਸੱਦੀ, ਮਨੀ ਗਾਂਧੀ ਆਦਿ ਹਾਜਰ ਸਨ।



## ਬੱਚਿਆਂ ਦੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ

**ਟਾਂਡਾ ਉੜਮੁੜ, (ਉਂਕਾਰ ਸਿੰਘ, ਜਸਵਿੰਦਰ ਸੰਧੂ)**- ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸਿਮਰਨ ਸੁਸਾਇਟੀ ਟਾਂਡਾ ਵੱਲੋਂ ਚਲਾਏ ਜਾ ਰਹੇ ਜੀ.ਆਰ.ਡੀ ਇੰਟਰਨੈਸ਼ਨਲ ਸਕੂਲ ਵਿਖੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਅਤੇ ਮਰਹੂਮ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਜੀ ਦੇ ਜਨਮ ਦਿਨ ਸਬੰਧੀ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ । ਸੰਸਥਾ ਦੀ ਚੇਅਰਪਰਸਨ ਪਰਦੀਪ ਕੌਰ ਅਤੇ ਐਮ.ਡੀ ਬਿਕਰਮ ਸਿੰਘ ਰਸੂਲਪੁਰ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਅਤੇ ਪ੍ਰਿੰਸੀਪਲ ਬਲਜੀਤ ਕੌਰ ਦੀ ਅਗਵਾਈ ਵਿੱਚ ਕਰਵਾਏ ਗਏ ਇਨ੍ਹਾਂ ਮੁਕਾਬਲਿਆਂ ਵਿੱਚ ਪਹਿਲੀ ਕਲਾਸ ਤੋਂ ਲੈ ਕੇ ਪੰਜਵੀ ਕਲਾਸ ਦੇ ਬੱਚਿਆਂ ਨੇ ਭਾਗ ਲਿਆ। ਇਸ ਮੌਕੇ ਸੰਸਥਾ ਦੇ ਮੈਨੇਜਰ ਸਰਬਜੀਤ ਸਿੰਘ ਮੋਮੀ ਅਤੇ ਪ੍ਰਿੰਸੀਪਲ ਬਲਜੀਤ ਕੌਰ ਵੱਲੋਂ ਅੱਵਲ ਰਹੇ ਬੱਚਿਆ ਤਨਵੀਰ, ਹਰਲੀਨ, ਰਮਨੀਤ,ਸਿਮਰਤ,ਪੰਕਜ,ਇੱਛਾ ਅਤੇ ਕਾਮਿਨੀ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਦਵਿੰਦਰ ਕੌਰ,ਹਰਦੀਪ ਕੌਰ, ਮਨਜੀਤ ਕੌਰ, ਦਲਜਿੰਦਰ ਕੌਰ,ਕਸ਼ਮੀਰ ਕੌਰ ਆਦਿ ਵੀ ਹਾਜ਼ਰ ਸਨ।



# ਇਨੋਸੈਂਟ ਹਾਰਟਸ ਦੇ ਪੁਸਤਕ ਮੇਲੇ 'ਚ ਵਿਦਿਆਰਥੀਆਂ ਨੇ ਖ਼ਰੀਦੀਆਂ ਮਨਪਸੰਦ ਕਿਤਾਬਾਂ







**ਜਲੰਧਰ (ਸ਼ੈਲੀ ਐਲਬਰਟ)**

ਇਨੋਸੈਂਟ ਹਾਰਟਸ ਦੇ ਪੰਜਾਂ ਸਕੂਲਾਂ (ਗ੍ਰੀਨ ਮਾਡਲ ਟਾਊਨ, ਲੋਹਾਰਾਂ, ਕੈਂਟ ਜੰਡਿਆਲਾ ਰੋਡ, ਰਾਇਲ ਵਰਲਡ ਅਤੇ ਕਪੂਰਥਲਾ ਰੋਡ) ਵਿੱਚ ਪੁਸਤਕ ਮੇਲੇ ਲਗਾਏ ਗਏ। ਟੀਚਰ ਪੇਰੈਂਟਸ ਮੀਟ ਦੌਰਾਨ ਲਗਾਤਾਰ ਤਿੰਨ ਦਿਨ ਚੱਲੇ ਇਸ ਪੁਸਤਕ ਮੇਲੇ ਵਿੱਚ ਬੱਚਿਆਂ ਦੇ ਨਾਲ-ਨਾਲ ਉਨ੍ਹਾਂ ਦੇ ਮਾਪੇ ਵੀ ਪਹੁੰਚੇ। ਉਨ੍ਹਾਂ ਨੇ ਕਿਤਾਬਾਂ ਵਿੱਚ ਵੀ ਬਹੁਤ ਦਿਲਚਸਪੀ ਦਿਖਾਈ ਅਤੇ ਆਪਣੀਆਂ ਮਨਪਸੰਦ ਕਿਤਾਬਾਂ ਵੀ ਖ਼ਰੀਦੀਆਂ। ਇਸ ਪੁਸਤਕ ਮੇਲੇ ਦਾ ਮਕਸਦ ਬੱਚਿਆਂ ਵਿੱਚ ਪੁਸਤਕਾਂ ਪ੍ਰਤੀ ਰੁਚੀ ਪੈਦਾ ਕਰਨਾ ਅਤੇ ਗਿਆਨ ਵਧਾਉਣਾ ਸੀ। ਇਸ ਪੁਸਤਕ ਮੇਲੇ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਪੁਸਤਕਾਂ ਜਿਵੇਂ ਮੈਗਜ਼ੀਨ, ਕੋਸ਼, ਪੰਚਤੰਤਰ-ਹਿਤੋਪਦੇਸ਼ ਦੀਆਂ ਕਹਾਣੀਆਂ, ਕਥਾਵਾਂ, ਵਿਸ਼ਵਕੋਸ਼, ਸਵੈ-ਜੀਵਨੀ, ਗਿਆਨ-ਵਿਗਿਆਨ ਨਾਲ ਸੰਬੰਧਤ ਪੁਸਤਕਾਂ, ਆਮ ਗਿਆਨ, ਚਿੱਤਰਕਲਾ ਦੀਆਂ ਕਿਤਾਬਾਂ, ਖੇਡਾਂ ਦੀਆਂ ਕਿਤਾਬਾਂ, ਤਸਵੀਰਾਂ, ਖੇਡਾਂ, ਖੇਡ ਗਣਿਤ ਸਿੱਖੋ ਆਦਿ ਪੁਸਤਕਾਂ ਸਨ । ਇਸ ਮੌਕੇ ਸ੍ਰੀਮਤੀ ਸ਼ੈਲੀ ਬੌਰੀ (ਐਗਜ਼ੀਕਿਊਟਿਵ ਡਾਇਰੈਕਟਰ ਆਫ ਸਕੂਲਜ਼) ਨੇ ਕਿਹਾ ਕਿ ਅੱਜਕੱਲ੍ਹ ਬੱਚਿਆਂ ਦਾ ਸੋਸ਼ਲ ਮੀਡੀਆ ਵੱਲ ਰੁਝਾਨ ਵਧ ਗਿਆ ਹੈ ਕਿ ਉਹ ਕਿਤਾਬਾਂ ਨੂੰ ਭੁੱਲ ਗਏ ਹਨ। ਜਦੋਂ ਕਿ ਪੁਸਤਕਾਂ ਸਾਡੀਆਂ ਸੱਚੀਆਂ ਮਿੱਤਰ ਹੀ ਨਹੀਂ, ਸਗੋਂ ਸਹੀ ਮਾਰਗਦਰਸ਼ਕ ਵੀ ਹਨ। ਇਸ ਲਈ ਬੱਚਿਆਂ ਦੇ ਬੌਧਿਕ, ਮਾਨਸਿਕ ਵਿਕਾਸ ਲਈ ਉਨ੍ਹਾਂ ਨੂੰ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ। ਇਸ ਨਾਲ ਨਾ ਸਿਰਫ ਉਨ੍ਹਾਂ ਦੇ ਗਿਆਨ ਵਿੱਚ ਹੀ ਵਾਧਾ ਹੋਵੇਗਾ ਬਲਕਿ ਉਹਨਾਂ ਦੇ ਪੜ੍ਹਨ ਦੇ ਹੁਨਰ ਵਿੱਚ ਵੀ ਸੁਧਾਰ ਹੋਵੇਗਾ।

# ਭਗਵਾਨ ਵਾਲਮੀਕ ਪ੍ਰਗਟ ਦਿਵਸ ਤੇ ਸ਼ੋਭਾ ਯਾਤਰਾ 'ਤੇ ਅੱਧੇ ਦਿਨ ਦੀ ਛੁੱਟੀ ਲਈ ਡੀ. ਸੀ. ਨੂੰ ਦਿੱਤਾ ਮੰਗ ਪੱਤਰ



**ਹੁਸ਼ਿਆਰਪੁਰ (ਓ ਪੀ ਰਾਣਾ )**

ਭਗਵਾਨ ਵਾਲਮੀਕੀ ਸਭਾ ਰਜਿ. ਹੁਸ਼ਿਆਰਪੁਰ ਅਤੇ ਭਗਵਾਨ ਵਾਲਮੀਕਿ ਧਰਮ ਰੱਖਿਆ ਸੰਮਤੀ ਪੰਜਾਬ ਅਤੇ ਸਮੂਹ ਵਾਲਮੀਕਿ ਸੰਗਠਨਾਂ ਵੱਲੋਂ ਡਿਪਟੀ ਕਮਿਸ਼ਨਰ ਸੰਦੀਪ ਹੰਸ ਹੁਸ਼ਿਆਰਪੁਰ ਨੂੰ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਪਾਵਨ ਪ੍ਰਗਟ ਦਿਵਸ ਦੇ ਮੌਕੇ 'ਤੇ 8 ਅਕਤੂਬਰ 2022 ਨੂੰ ਕੱਢੀ ਜਾ ਰਹੀ ਵਿਸ਼ਾਲ ਸ਼ੋਭਾ ਯਾਤਰਾ ਦੇ ਮੌਕੇ 'ਤੇ ਅੱਧੇ ਦਿਨ ਦੀ ਛੁੱਟੀ ਅਤੇ 8-9 ਅਕਤੂਬਰ, 2022 ਨੂੰ ਹੁਸ਼ਿਆਰਪੁਰ ਵਿੱਚ ਦੋ ਦਿਨ ਮੀਟ ਅਤੇ ਸ਼ਰਾਬ ਦੀਆਂ ਦੁਕਾਨਾਂ ਬੰਦ ਕਰਨ ਸਬੰਧੀ ਮੰਗ ਪੱਤਰ ਦਿੱਤਾ। ਇਸ ਮੌਕੇ ਤਰਸੇਮ ਲਾਲ ਆਦਿਆ ਪ੍ਰਧਾਨ ਵਾਲਮੀਕਿ ਸਭਾ ਰਜਿ. ਅਤੇ ਵਿਕਾਸ ਹੰਸ ਪੰਜਾਬ ਪ੍ਰਧਾਨ ਭਗਵਾਨ ਵਾਲਮੀਕਿ ਧਰਮ ਰੱਖਿਆ ਸੰਮਤੀ ਪੰਜਾਬ ਵਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ 8-9 ਅਕਤੂਬਰ ਨੂੰ ਹੁਸ਼ਿਆਰਪੁਰ ਵਿਚ ਮੀਟ ਅਤੇ ਸ਼ਰਾਬ ਦੀਆਂ ਜਿੰਨੀਆਂ ਵੀ ਦੁਕਾਨਾਂ ਹਨ, ਉਹ ਬੰਦ ਰੱਖੀਆਂ ਜਾਣ ਅਤੇ 8 ਤਰੀਕ ਨੂੰ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੋ ਕੇ ਪਰਮਾਤਮਾ ਦਾ ਆਸ਼ੀਰਦਵਾਦ ਪ੍ਰਾਪਤ ਕਰੋ। ਇਸ ਮੌਕੇ 'ਤੇ ਮਨੋਜ ਕੈਨੇਡੀ ਜ਼ਿਲ੍ਹਾ ਪ੍ਰਧਾਨ, ਬਲਵਿੰਦਰ ਮਰਵਾਹਾ ਚੇਅਰਮੈਨ, ਚਿੰਟੂ ਹੰਸ ਜ਼ਿਲ੍ਹਾ ਪ੍ਰਧਾਨ ਭਾਵਾਧਸ, ਮਹਿੰਦਰਪਾਲ ਕੈਪੀਟਲ ਟੇਲਰ, ਐਸ.ਐਮ.ਸਿੱਧੂ, ਦਰਸ਼ਨ ਸਿੱਧੂ, ਸੁਰਿੰਦਰ ਸ਼ਿੰਦਾ, ਜੋਗਿੰਦਰ ਪਾਲ ਆਦਿਆ, ਮੁਕੇਸ਼ ਰੱਤੀ, ਕਮਲ ਭੱਟੀ, ਅਜੈ ਕੁਮਾਰ ਲਾਡੀ, ਮਨੂੰ ਹੰਸ ਆਦਿ ਮੌਜੂਦ ਸਨ।

## ਲਾਰਡ ਕ੍ਰਿਸ਼ਨਾ ਕਾਲਜ ਆਫ ਐਜੂਕੇਸ਼ਨ 'ਚ ਗਾਂਧੀ ਜਯੰਤੀ ਸੰਬੰਧੀ ਸਮਾਗਮ

**ਸੁਲਤਾਨਪੁਰ ਲੋਧੀ,(ਹਨੀ)**- ਲਾਰਡ ਕ੍ਰਿਸ਼ਨਾ ਕਾਲਜ ਆਫ਼ ਐਜੂਕੇਸ਼ਨ ਸੁਲਤਾਨਪੁਰ ਲੋਧੀ ਵਿਖੇ ਗਾਂਧੀ ਜੈਯੰਤੀ ਤੇ ਲਾਲ ਬਹਾਦਰ ਸ਼ਾਸਤਰੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਮੌਕੇ ਵਿਦਿਆਰਥੀਆਂ ਦਰਮਿਆਨ ਲੇਖ ਅਤੇ ਸਲੋਗਨ ਰਾਈਟਿੰਗ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ । ਜਿਸ ਵਿਚ ਵਿਦਿਆਰਥਣਾਂ ਵੱਡੀ ਗਿਣਤੀ ਵਿਚ ਹਿੱਸਾ ਲਿਆ । ਕੋਮਲਪ੍ਰੀਤ ਕੌਰ, ਰਾਜਵਿੰਦਰ ਕੌਰ ਅਤੇ ਸੰਦੀਪ ਕੌਰ ਲੇਖ ਮੁਕਾਬਲੇ ਵਿਚ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੀਆਂ । ਸਲੋਗਨ ਰਾਈਟਿੰਗ ਮੁਕਾਬਲੇ ਵਿਚ ਸੁਪ੍ਰੀਤ ਕੌਰ ਪਹਿਲੇ, ਕਿਰਨਦੀਪ ਕੌਰ ਦੂਜੇ ਅਤੇ ਜਸਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੀ । ਸਮਾਗਮ ਦੇ ਅੰਤ ਵਿੱਚ ਪ੍ਰਿੰਸੀਪਲ ਸੁੰਮੀ ਧੀਰ, ਪ੍ਰੋ.ਰਮਾ, ਪ੍ਰੋ.ਚਰਨਜੀਤ ਕੌਰ, ਪ੍ਰੋ.ਸਾਹਿਲ, ਪ੍ਰੋ.ਵੀਨਸ, ਪ੍ਰੋ.ਨੀਰੂ ਬਾਲਾ, ਮੈਡਮ ਰੀਟਾ, ਨਵੀਨ ਖੁਰਾਣਾ ਆਦਿ ਸਟਾਫ਼ ਮੈਂਬਰ ਹਾਜਰ ਸਨ ।



## ਲੁਠੇੜੀ ਸਕੂਲ ਦੇ ਵਿਦਿਆਰਥੀਆਂ ਦਾ ਸਨਮਾਨ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**-ਨੇੜਲੇ ਕਸਬਾ ਲੁਠੇੜੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿੱਚ ਸਵੇਰ ਦੀ ਸਭਾ ਵਿਚ ਉਨ੍ਹਾਂ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ ਜਿਨ੍ਹਾਂ ਨੇ ਖੇਡਾਂ ਵਤਨ ਪੰਜਾਬ ਦੀਆ ਵਿਚ ਬਲਾਕ ਪੱਧਰ ਅਤੇ ਜ਼ਿਲ੍ਹਾ ਪੱਧਰ ਵਿੱਚ ਵੱਡੀਆਂ ਮੱਲਾਂ ਮਾਰੀਆਂ। ਸਕੂਲ ਦੇ ਅਧਿਆਪਕ ਲਖਵਿੰਦਰ ਸਿੰਘ ਨੇ ਦੱਸਿਆ ਕਿ ਬਲਾਕ ਪੱਧਰ ਅਤੇ ਜ਼ਿਲ੍ਹਾ ਪੱਧਰ ਤੇ 105 ਵਿਦਿਆਰਥੀਆਂ ਨੇ ਇਨ੍ਹਾਂ ਖੇਡਾਂ ਵਿੱਚ ਹਿੱਸਾ ਲਿਆ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਇੰਦਰਜੀਤ ਕੌਰ ਨੇ ਵਿਦਿਆਰਥੀਆਂ ਵੱਲੋਂ ਖੇਡਾਂ ਦੇ ਖੇਤਰ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਤੇ ਅੱਗੇ ਤੋਂ ਹੋਰ ਵੱਧ ਚੜ੍ਹ ਕੇ ਵਿਦਿਆਰਥੀਆਂ ਨੂੰ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਅਰਮਾਨ ਸਿੰਘ ਲੁਠੇਡੀ ਅਤੇ ਗੁਰਪ੍ਰੀਤ ਕੌਰ ਅਮਰਾਲੀ ਵਿਸ਼ੇਸ ਤੌਰ 'ਤੇ ਸਨਮਾਨਤ ਕੀਤਾ ਗਿਆ ਜਿਨ੍ਹਾਂ ਨੇ ਆਪਣੀ ਮਿਹਨਤ ਸਦਕਾ ਸਟੇਟ ਪੱਧਰ 'ਤੇ ਹੋਣ ਵਾਲੇ ਟੂਰਨਾਮੈਂਟ ਵਿੱਚ ਆਪਣਾ ਨਾਂਅ ਦਰਜ ਕਰਵਾਇਆ ਹੈ। ਖੇਡਾਂ ਦੇ ਖੇਤਰ ਵਿੱਚ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਦੇ ਲਈ ਪ੍ਰਿੰਸੀਪਲ ਮੈਡਮ ਵੱਲੋਂ ਸਕੂਲ ਦੇ ਡੀ ਪੀ ਈ, ਸੁਰਮੁਖ ਸਿੰਘ ਅਤੇ ਵੋਕੇਸ਼ਨਲ ਟੀਚਰ ਹਰਿੰਦਰ ਕੁਮਾਰ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜੂਨੀਅਰ ਅਸਿਸਟੈਂਟ ਗੁਰਬਾਜ ਸਿੰਘ ਦੇ ਭਰਾ ਗੁਰਤੇਜ ਸਿੰਘ ਜੋ ਕੇ ਹੋਟਲ ਵੈਸਟਨ ਪ੍ਰੀਮੀਅਮ ਸੁਹਾਣਾ ਦੇ ਮਾਲਕ ਹਨ, ਵੱਲੋਂ ਵਿਦਿਆਰਥੀਆਂ ਵਿੱਚ ਖੇਡਾਂ ਪ੍ਰਤੀ ਹੋਰ ਰੁਚੀ ਪੈਦਾ ਕਰਨ ਦੇ ਲਈ ਦੱਸ ਹਜਾਰ ਰੁਪਏ ਦਾਨ ਕੀਤੇ। ਇਸ ਮੌਕੇ ਦਵਿੰਦਰ ਸਿੰਘ, ਦਵਿੰਦਰਪਾਲ ਸਿੰਘ, ਗੁਰਬਾਜ ਸਿੰਘ, ਪ੍ਰਸਿੱਧ ਸਾਹਿਤਕਾਰ ਗੁਰਿੰਦਰ ਸਿੰਘ ਕਲਸੀ ਸਮੇਤ ਪੂਰਾ ਸਟਾਫ ਹਾਜਰ ਸੀ।

# ਪੰਜ ਰਾਜਾਂ ਦੇ 500 ਵਿਦਿਆਰਥੀਆਂ ਮਿਲ ਕੇ 25 ਦਿਨ ਚਲਾਇਆ ਸਟੂਡੈਂਟਸ ਇੰਡਕਸ਼ਨ ਪ੍ਰੋਗਰਾਮ

**ਜਲੰਧਰ (ਸ਼ੈਲੀ ਐਲਬਰਟ)**

ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ ਪੀ.ਟੀ.ਯੂ) ਵਿਚ ਨਵੇਂ ਦਾਖਲ ਹੋਏ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਸਟੂਡੈਂਟਸ ਇੰਡਕਸ਼ਨ ਪ੍ਰੋਗਰਾਮ ਦਾ ਸਫਲਤਾਪੂਰਵਕ ਆਯੋਜਨ ਕੀਤਾ। ਯੂਨੀਵਰਸਿਟੀ ਦੀ ਸਿੱਖਿਆ ਪਰੰਪਰਾ ਨੂੰ ਨਵੇਂ ਵਿਦਿਆਰਥੀਆਂ ਤੱਕ ਪਹੁੰਚਾਉਣ, ਨਵੇਂ ਅਤੇ ਪੁਰਾਣੇ ਵਿਦਿਆਰਥੀਆਂ ਵਿਚਕਾਰ ਬਿਹਤਰ ਸਬੰਧ ਅਤੇ ਰੋਜਾਨਾ ਦੇ ਕੰਮਾਂ ਵਿਚ ਵਿਦਿਆਰਥੀਆਂ ਦੀ ਭਾਗੀਦਾਰੀ ਦੇ ਉਦੇਸ ਨਾਲ ਇਸ ਵਿਦਿਆਰਥੀ ਇੰਡਕਸ਼ਨ ਪ੍ਰੋਗਰਾਮ ਵਿੱਚ 500 ਤੋਂ ਵੱਧ ਵਿਦਿਆਰਥੀਆਂ ਨੇ 25 ਦਿਨਾਂ ਤੱਕ ਇਕੱਠੇ ਕੰਮ ਕੀਤਾ! ਅਖੀਰਲੇ ਦਿਨ ਇੱਕ ਸ਼ਾਨਦਾਰ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਯੂਨੀਵਰਸਿਟੀ ਦੇ ਰਜਿਸਟਰਾਰ ਡਾ.ਐਸ.ਕੇ ਮਿਸ਼ਰਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡੀਨ ਅਕਾਦਮਿਕ ਪ੍ਰੋ. (ਡਾ.) ਵਿਕਾਸ ਚਾਵਲਾ, ਡੀਨ ਕਾਲਜ ਡਿਵੈਲਪਮੈਂਟ ਡਾ. ਬਲਕਾਰ ਸਿੰਘ, ਸੀਨੀਅਰ ਪ੍ਰੋਫੈਸਰ ਅਤੇ ਸਟੂਡੈਂਟ ਇੰਡਕਸਨ ਪ੍ਰੋਗਰਾਮ ਦੇ ਚੇਅਰਮੈਨ ਪ੍ਰੋ. (ਡਾ) ਯਾਦਵਿੰਦਰ ਸਿੰਘ ਬਰਾੜ ਵਿਸੇਸ ਮਹਿਮਾਨ ਰਹੇ! ਪੰਜ ਸਤੰਬਰ ਤੋਂ ਸੁਰੂ ਹੋਏ ਇਸ ਪ੍ਰੋਗਰਾਮ ਵਿੱਚ ਓਲੰਪੀਅਨ ਰਿਪੁਦਮਨ ਸਿੰਘ ਵੱਲੋਂ ਲਗਾਤਾਰ 25 ਦਿਨ ਸਵੇਰ ਦੀ ਸਭਾ ਵਿੱਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਈ ਗਈ! ਉਹ ਸਮਾਗਮ ਦੇ ਮੁੱਖ ਕੇਂਦਰ ਬਿੰਦੂ ਰਹੇ। ਸਟੇਜ ਸੰਚਾਲਕ ਅਤੇ ਪ੍ਰੋਗਰਾਮ ਕੋਆਰਡੀਨੇਟਰ ਯੂਥ ਅਫਸਰ ਸੰਜੀਵ ਸ਼ਰਮਾ ਨੇ ਦੱਸਿਆ ਕਿ ਸਮਾਗਮ ਇੰਨਾ ਦਿਲਚਸਪ ਸੀ ਕਿ ਉਨ੍ਹਾਂ ਨੇ ਸਵੇਰ ਤੋਂ ਸਾਮ ਤੱਕ ਵਿਦਿਆਰਥੀਆਂ ਹਰ ਅਕਟਿਵਿਟੀਜ ਨਾਲ ਜੁੜੇ ਰਹੇ! ਪ੍ਰੋਗਰਾਮ ਦਾ ਵਿਸ਼ਾ "ਮਨੁੱਖ ਦੇ ਜਿਉਣ ਦਾ ਪੈਮਾਨਾ" ਸੀ, ਜਿਸ ਵਿੱਚ ਵਿਦਿਆਰਥੀਆਂ ਨੂੰ ਨਵੇਂ ਮਾਹੌਲ ਨੂੰ ਸਮਝਣ ਦਾ ਮੌਕਾ ਦਿੱਤਾ ਗਿਆ! ਹੋਸਟਲਰਾਂ ਨਾਲ ਵੱਖਰੇ ਸੈਸ਼ਨਾਂ ਦਾ ਆਯੋਜਨ ਕੀਤਾ ਗਿਆ! ਇਸ ਦੌਰਾਨ ਪੱਤਰਕਾਰੀ ਤੇ ਜਨਸੰਪਰਕ ਵਿਭਾਗ ਦੇ ਵਿਦਿਆਰਥੀਆਂ, ਸਕਸਮ ਕਾਲੀਆ ਅਤੇ ਹੋਰਨਾਂ ਵੱਲੋਂ ਤਿਆਰ ਕੀਤੇ ਸਮੁੱਚੇ ਵਿਦਿਆਰਥੀ ਇੰਡਕਸ਼ਨ ਪ੍ਰੋਗਰਾਮ ਦੀ ਵੀਡੀਓ ਫਿਲਮ ਵੀ ਚਲਾਈ ਗਈ, ਜਿਸ ਦੀ ਭਰਪੂਰ ਸ਼ਲਾਘਾ ਹੋਈ! ਸਮਾਪਤੀ ਸਮਾਰੋਹ ਦੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਲਕਸ (ਸੀ.ਐਸ.ਸੀ.), ਪ੍ਰਤੀਕਸ਼ਾ ਸ਼ਰਮਾ (ਈ.ਸੀ.ਈ.), ਵੰਸਿਕਾ (ਸੀ.ਐਸ.ਸੀ.), ਆਸਥਾ ਅਤੇ ਤਮੰਨਾ, ਅਮੋਲਿਕਾ ਅਤੇ ਮੁਸਕਾਨ ਨੇ ਵੱਖ-ਵੱਖ ਗਤੀਵਿਧੀਆਂ ਦੇ ਨਾਲ ਸਟੇਜ ਨੂੰ ਬਾਖੂਬੀ ਨਿਭਾਇਆ! ਇਸ ਦੌਰਾਨ ਭੰਗੜਾ ਮੁਟਿਆਰਾਂ ਦਾ, ਵਿਦਿਆਰਥੀ ਛਵੀ ਦੀ ਕਵਿਤਾ 'ਬਚਪਨ', ਲਾਈਵ ਭੰਗੜਾ-ਗਿੱਧਾ, ਸਾਹਿਲ ਕੁਮਾਰ ਦੀ ਕਵਿਤਾ 'ਕੋਸ਼ਿਸ਼', ਰਾਜਵੀਰ ਕੌਰ ਦੀ ਕਵਿਤਾ 'ਕਿਆ ਹੈ ਜਿੰਦਗੀ', ਪੰਜਾਬੀ ਲੋਕ ਗੀਤ 'ਲੱਠੇ ਦੀ ਚਾਦਰ', ਪਰੀਕਸ਼ਾ ਸ਼ਰਮਾ ਦੀ ਕਵਿਤਾ "ਮੇਰਾ ਪੰਜਾਬ" ਨੇ ਖੂਬ ਵਾਹ-ਵਾਹ ਖੱਟੀ ! ਸਟੇਜ ਤੋਂ ਐਸ.ਆਈ.ਪੀ ਪ੍ਰੋਗਰਾਮ ਦੇ ਚੇਅਰਮੈਨ ਪ੍ਰੋ. ਬਰਾੜ, ਡੀਨ ਅਕਾਦਮਿਕ ਪ੍ਰੋ.ਵਿਕਾਸ ਚਾਵਲਾ, ਰਜਿਸਟਰਾਰ ਡਾ.ਐਸ.ਕੇ.ਮਿਸ਼ਰਾ, ਸਹਾਇਕ ਰਜਿਸਟਰਾਰ ਡਾ.ਜਤਿੰਦਰ ਨਰੂਲਾ ਨੇ ਸੰਬੋਧਨ ਕੀਤਾ! ਸਮਾਗਮ ਦੀ ਸਟੇਜ ਤੋਂ ਵਿਦਿਆਰਥੀਆਂ ਵੱਲੋਂ ਅਨੁਸ਼ਾਸਨ ਵਿੱਚ ਰਹਿਣ ਦਾ ਪ੍ਰਣ ਲਿਆ ਗਿਆ! ਸੱਭਿਆਚਾਰਕ ਆਈਟਮਾਂ ਨੂੰ ਤਿਆਰ ਕਰਵਾਉਣ ਵਿੱਚ ਪ੍ਰੋ: ਸਰਬਜੀਤ ਸਿੰਘ ਮਾਨ, ਸਹਾਇਕ ਡਾਇਰੈਕਟਰ ਸੱਭਿਆਚਾਰ ਸਮੀਰ ਸ਼ਰਮਾ ਦਾ ਵਿਸ਼ੇਸ਼ ਯੋਗਦਾਨ ਰਿਹਾ! ਇਸ ਮੌਕੇ ਡਿਪਟੀ ਡੀਨ ਰਜਨੀਸ਼ ਸਚਦੇਵਾ, ਡਿਪਟੀ ਰਜਿਸਟਰਾਰ (ਜਨ ਸੰਪਰਕ) ਰਜਨੀਸ਼ ਸ਼ਰਮਾ, ਪ੍ਰੋ: ਚੰਦਰ ਪ੍ਰਕਾਸ਼ ਤੇ ਹੋਰ ਹਾਜਰ ਸਨ।



## 'ਆਪ' ਦੀ ਗੁਜਰਾਤ 'ਚ ਵਧਦੀ ਲੋਕਪ੍ਰਿਅਤਾ ਕਾਰਨ ਭਾਜਪਾ ਤੇ ਕਾਂਗਰਸ ਘਬਰਾਈ : ਕੌੜਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**- ਉੱਘੇ ਸਮਾਜ ਸੇਵਕ ਅਤੇ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਕਿਸਾਨ ਵਿੰਗ ਆਮ ਆਦਮੀ ਪਾਰਟੀ ਕਰਮਜੀਤ ਸਿੰਘ ਕੌੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗੁਜਰਾਤ 'ਚ ਆਮ ਆਦਮੀ ਪਾਰਟੀ ਦੀ ਵੱਧਦੀ ਲੋਕਪ੍ਰਿਅਤਾ ਕਰਕੇ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਘਬਰਾਈ ਹੋਈ ਹੈ। ਉਨ੍ਹਾਂ ਕਿਹਾ ਕਿ 'ਆਪ' ਪਾਰਟੀ ਵਲੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਗੁਜਰਾਤ ਮਾਮਲਿਆਂ ਦਾ ਇੰਚਾਰਜ ਲਗਾਇਆ ਹੋਇਆ ਹੈ ਤੇ ਪਾਰਟੀ ਉਨ੍ਹਾਂ ਦੀ ਮਿਹਨਤ ਸਦਕਾ ਬਹੁਤ ਜ਼ਿਆਦਾ ਮਜਬੂਤ ਹੁੰਦੀ ਜਾ ਰਹੀ ਹੈ, ਜਿਸ ਕਰਕੇ ਆਮ ਆਦਮੀ ਪਾਰਟੀ ਨੂੰ ਵੀ ਸ਼ੱਕ ਹੈ ਕਿ ਭਾਜਪਾ ਵਲੋਂ ਰਾਘਵ ਚੱਢਾ ਨੂੰ ਵੀ ਉਲਝਾਇਆ ਜਾ ਸਕਦਾ ਹੈ ਤੇ ਕੁਝ ਦਿਨ ਪਹਿਲਾਂ 'ਆਪ' ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਲੋਂ ਰਾਘਵ ਚੱਢਾ ਦੀ ਗ੍ਰਿਫਤਾਰੀ ਦਾ ਸ਼ੱਕ ਜਾਹਰ ਕੀਤਾ ਗਿਆ ਹੈ। ਕੌੜਾ ਨੇ ਕਿਹਾ ਭਾਜਪਾ ਵਲੋਂ ਕਰਵਾਏ ਜਾ ਰਹੇ ਝੂਠੇ ਪਰਚਿਆਂ ਦਾ ਜਵਾਬ ਗੁਜਰਾਤ ਵਾਸੀ ਚੋਣਾਂ 'ਚ ਜਰੂਰ ਦੇਣਗੇ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਵੀ ਜ਼ਿਲ੍ਹਾ ਕਪੂਰਥਲਾ ਤੋਂ ਵੱਡੀ ਗਿਣਤੀ ਵਿਚ ਗੁਜਰਾਤ 'ਚ ਜਾ ਕੇ ਪਾਰਟੀ ਲਈ ਪ੍ਰਚਾਰ ਕਰਾਂਗੇ। ਉਹਨਾਂ ਦਾਅਵਾ ਕੀਤਾ ਹੈ ਕਿ ਇਸ ਵਾਰ ਗੁਜਰਾਤ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ।



## ਅਨਾਜ ਮੰਡੀ 'ਚ ਸ਼ੁਰੂ ਹੋਈ ਝੋਨੇ ਦੀ ਸਰਕਾਰੀ ਖਰੀਦ

**ਭੋਗਪੁਰ-(ਗੁਰਪ੍ਰੀਤ ਸਿੰਘ ਭੋਗਲ)**- ਝੋਨੇ ਦੀ ਖਰੀਦ ਭੋਗਪੁਰ ਦਾਣਾ ਮੰਡੀ ਵਿਖੇ ਸ਼ੁਰੂ ਕਰਵਾਈ ਗਈ। ਇਸ ਮੌਕੇ ਜੀਤ ਲਾਲ ਭੱਟੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਕਿਸਾਨਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਨਾ ਆਵੇ ਤੇ ਭੱਟੀ ਨੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਕਰਨ ਵੱਲ ਅਸੀਂ ਵੱਧ ਰਹੇ ਹਾਂ ਤੇ ਛੇਤੀ ਹੀ ਸਾਰੀਆਂ ਮੰਗਾਂ ਪੂਰੀਆਂ ਕੀਤੀਆਂ ਜਾਣਗੀਆਂ।

## ਅੰਮ੍ਰਿਤਸਰ ਤੋਂ ਲਿਆਂਦੀ ਜੋਤ ਦਾ ਵਾਲਮੀਕ ਭਾਈਚਾਰੇ ਨੇ ਕੀਤਾ ਨਿੱਘਾ ਸਵਾਗਤ

**ਫਗਵਾੜਾ (ਜਸਵਿੰਦਰ ਢੱਡਾ)**- ਭਗਵਾਨ ਵਾਲਮੀਕਿ ਬ੍ਰਹਮਾਲਿਆ ਵੈਲਫੇਅਰ ਕਮੇਟੀ (ਰਜਿ.) ਜਗਤ ਰਾਮ ਸੂੰਢ ਕਲੋਨੀ ਹੁਸ਼ਿਆਰਪੁਰ ਰੋਡ ਫਗਵਾੜਾ ਵਲੋਂ ਭਗਵਾਨ ਵਾਲਮੀਕਿ ਆਸ਼ਰਮ ਅੰਮ੍ਰਿਤਸਰ ਤੋਂ ਲਿਆਂਦੀ ਗਈ ਪਵਿੱਤਰ ਜੋਤ ਦਾ ਫਗਵਾੜਾ ਪੁੱਜਣ 'ਤੇ ਸੰਗਤਾਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਜੋਤ ਨੂੰ ਫੁੱਲਾਂ ਦੀ ਵਰਖਾ ਕਰਦੇ ਹੋਏ ਭਗਵਾਨ ਵਾਲਮੀਕਿ ਮੰਦਿਰ ਪਲਾਹੀ ਗੇਟ ਫਗਵਾੜਾ ਵਿਖੇ ਸਥਾਪਤ ਕੀਤਾ ਗਿਆ। ਸੰਗਤਾਂ ਨੇ ਬਹੁਤ ਹੀ ਸ਼ਰਧਾ ਭਾਵਨਾ ਦੇ ਨਾਲ ਜੋਤ ਦੇ ਦਰਸ਼ਨ ਦੀਦਾਰ ਕੀਤਾ। ਇਸ ਮੌਕੇ ਕਮੇਟੀ ਚੇਅਰਮੈਨ ਵਿਪਨ ਲਹੌਰੀਆ ਅਤੇ ਪ੍ਰਧਾਨ ਬਲਬੀਰ ਕਲਿਆਣ ਨੇ ਦੱਸਿਆ ਕਿ 9 ਅਕਤੂਬਰ ਨੂੰ ਭਗਵਾਨ ਵਾਲਮੀਕਿ ਜੀ ਦਾ ਪ੍ਰਗਟ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਜਾਵੇਗਾ। ਇਸ ਮੌਕੇ ਸਕੰਦਰ ਸੋਂਧੀ, ਵਿਜੇ ਸੋਂਧੀ ਸਕੱਤਰ, ਅਮਿਤ ਸੋਂਧੀ ਸਲਾਹਕਾਰ, ਵਿਜੇ ਮੱਟੂ ਕੈਸ਼ੀਅਰ, ਕਰਨ ਮੱਟੂ, ਵੰਸ਼ ਲਹੌਰੀਆ, ਬਲਦੇਵ, ਪਪਲਾ, ਸ਼ੇਖਰ, ਬਿੰਦੂ ਬਘਾਣੀਆ, ਆਕਾਸ਼ ਸਰਵਟਾ, ਇੰਦੂ ਸਰਵਟਾ, ਲੱਕੀ ਸਰਵਟਾ, ਅਜੇ ਬਘਾਣੀਆ ਤੇ ਦੀਪਕ ਘਈ ਆਦਿ ਹਾਜਰ ਸਨ।



# ਲਖੀਮਪੁਰ ਖੀਰੀ ਕਤਲ ਕਾਂਡ ਵਿਰੁੱਧ ਭਾਰਤੀ ਕਿਸਾਨ ਯੂਨੀਅਨ ਵੱਲੋਂ ਪੁਤਲਾ ਫੂਕ ਮੁਜ਼ਾਹਰਾ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਭਾਰਤੀ ਕਿਸਾਨ ਯੂਨੀਅਨ (ਦੋਆਬਾ) ਵਲੋਂ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਲਖੀਮਪੁਰ ਖੀਰੀ ਕਤਲ ਕਾਂਡ ਦੀ ਪਹਿਲੀ ਬਰਸੀ ਮੌਕੇ ਫਗਵਾੜਾ ਦੇ ਸ਼ੂਗਰ ਮਿਲ ਚੌਕ ਵਿਖੇ ਪੀੜ੍ਹਤ ਕਿਸਾਨ ਪਰਵਾਰਾਂ ਲਈ ਇਨਸਾਫ ਅਤੇ ਕੇਂਦਰੀ ਰਾਜ ਮੰਤਰੀ ਅਜੇ ਮਿਸ਼ਰਾ ਟੇਨੀ ਤੇ ਉਸਦੇ ਪੁੱਤਰ ਖਿਲਾਫ ਕਾਰਵਾਈ ਦੀ ਮੰਗ ਨੂੰ ਲੈ ਕੇ ਪੁਤਲਾ ਫੂਕ ਮੁਜਾਹਰਾ ਕੀਤਾ ਗਿਆ। ਇਸ ਦੌਰਾਨ ਏ.ਡੀ.ਸੀ. ਡਾ. ਨਯਨ ਜੱਸਲ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂਅ ਇਕ ਮੰਗ ਪੱਤਰ ਵੀ ਦਿੱਤਾ ਗਿਆ, ਜਿਸ ਵਿਚ ਪਿਛਲੇ ਸਾਲ ਕਿਸਾਨੀ ਮੋਰਚੇ ਦੌਰਾਨ 3 ਅਕਤੂਬਰ ਨੂੰ ਲਖੀਮਪੁਰ ਖੀਰੀ ਵਿਖੇ ਕਿਸਾਨਾਂ ਉੱਪਰ ਗੱਡੀ ਚੜ੍ਹਾਉਣ ਦੀ ਸਾਜਿਸ਼ ਵਿੱਚ ਸ਼ਾਮਲ ਦੱਸਦੇ ਹੋਏ ਅਜੇ ਮਿਸ਼ਰਾ ਟੇਨੀ ਨੂੰ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਅਹੁਦੇ ਤੋਂ ਬਰਖਾਸਤ ਕਰਕੇ ਜੇਲ੍ਹ ਭੇਜਣ ਅਤੇ ਬੇਕਸੂਰ ਕਿਸਾਨਾਂ ਨੂੰ ਜੇਲ੍ਹ ਚੋਂ ਰਿਹਾਅ ਕਰਵਾਉਣ ਤੇ ਉਨ੍ਹਾਂ ਵਿਰੁੱਧ ਦਰਜ ਝੂਠੇ ਕੇਸ ਵਾਪਸ ਲੈਣ ਦੀ ਮੰਗ ਕੀਤੀ ਗਈ। ਇਸ ਮੌਕੇ ਗੱਲਬਾਤ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਸੀਨੀਅਰ ਮੀਤ ਪ੍ਰਧਾਨ ਕ੍ਰਿਪਾਲ ਸਿੰਘ ਮੂਸਾਪੁਰ, ਸਤਨਾਮ ਸਿੰਘ ਸਾਹਨੀ ਜਨਰਲ ਸਕੱਤਰ, ਕਾਮਰੇਡ ਤਰਲੋਕ ਸਿੰਘ ਭਬਿਆਣਾ ਅਤੇ ਗੁਰਪਾਲ ਸਿੰਘ ਪਾਲਾ ਮੌਲੀ ਪ੍ਰੈਸ ਸਕੱਤਰ ਨੇ ਕਿਹਾ ਕਿ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਜ਼ਿਲ੍ਹੇ ਦੇ ਤਿਕੋਨੀਆ ਕਸਬੇ ਵਿੱਚ ਸ਼ਾਂਤਮਈ ਅੰਦੋਲਨ ਕਰਕੇ ਵਾਪਸ ਪਰਤ ਰਹੇ ਕਿਸਾਨਾਂ ਨੂੰ ਜੀਪ ਨਾਲ ਕੁਚਲ ਕੇ ਸ਼ਹੀਦ ਅਤੇ ਜ਼ਖ਼ਮੀ ਕਰ ਦਿੱਤਾ ਗਿਆ ਸੀ। ਇਸ ਘਟਨਾ ਵਿੱਚ ਚਾਰ ਕਿਸਾਨ ਅਤੇ ਇੱਕ ਪੱਤਰਕਾਰ ਸ਼ਹੀਦ ਹੋ ਗਏ ਸਨ ਜਦਕਿ 13 ਤੋਂ ਵੱਧ ਕਿਸਾਨ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਸਨ। ਉਹਨਾਂ ਕਿਹਾ ਕਿ ਇਸ ਘਟਨਾ ਪਿੱਛੇ ਇੱਕ ਸੋਚੀ ਸਮਝੀ ਸਾਜ਼ਿਸ਼ ਸੀ, ਜਿਸ ਨੂੰ ਬਾਹੂਬਲੀ ਅਜੇ ਮਿਸ਼ਰਾ ਟੇਨੀ ਨੇ ਆਪਣੇ ਲੜਕੇ ਅਸ਼ੀਸ਼ ਮਿਸ਼ਰਾ ਨਾਲ ਮਿਲ ਕੇ ਰਚਿਆ ਸੀ। ਪਰ ਕੇਂਦਰ ਸਰਕਾਰ ਨੇ ਮੁੱਖ ਸਾਜਿਸ਼ਕਰਤਾ ਅਜੇ ਮਿਸ਼ਰਾ ਟੇਨੀ ਨੂੰ ਹੁਣ ਤੱਕ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਅਹੁਦੇ ਤੋਂ ਬਰਖਾਸਤ ਨਹੀਂ ਕੀਤਾ ਹੈ ਅਤੇ ਉਹ ਆਪਣੇ ਲੜਕੇ ਅਸ਼ੀਸ਼ ਮਿਸ਼ਰਾ ਨੂੰ ਬਚਾਉਣ ਲਈ ਅਹੁਦੇ ਦੀ ਦੁਰਵਰਤੋਂ ਕਰ ਰਿਹਾ ਹੈ। ਉਹਨਾਂ ਦੱਸਿਆ ਕਿ ਅੱਜ ਦਿੱਤੇ ਗਏ ਮੰਗ ਪੱਤਰ ਵਿਚ ਮੁੱਖ ਤੌਰ ਲਖੀਮਪੁਰ ਕਤਲੇਆਮ ਦੇ ਮੁੱਖ ਸਾਜਿਸ਼ਕਾਰ ਅਜੇ ਮਿਸ਼ਰਾ ਟੇਨੀ ਨੂੰ ਅਹੁਦੇ ਤੋਂ ਬਰਖਾਸਤ ਕਰਕੇ ਜੇਲ੍ਹ ਭੇਜਣ, ਜੇਲ ਵਿਚ ਬੰਦ ਨਿਰਦੋਸ਼ ਕਿਸਾਨਾਂ ਦੀ ਤੁਰੰਤ ਰਿਹਾਈ ਅਤੇ ਫਰਜ਼ੀ ਕੇਸ ਵਾਪਸ ਲੈਣ, ਸ਼ਹੀਦ ਕਿਸਾਨਾਂ ਅਤੇ ਜ਼ਖਮੀਆਂ ਦੇ ਪਰਵਾਰਾਂ ਨੂੰ ਆਰਥਿਕ ਮਦਦ ਅਤੇ ਸਰਕਾਰੀ ਨੌਕਰੀ ਦੇਣ ਦਾ ਵਾਅਦਾ ਪੂਰਾ ਕਰਨ, ਦੀ ਮੰਗ ਕੀਤੀ ਗਈ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਬੜੇ ਅਫਸੋਸ ਦੀ ਗੱਲ ਹੈ ਕਿ ਸਰਕਾਰ ਨੇ ਸਿਰਫ 5 ਸ਼ਹੀਦ ਸਾਥੀਆਂ ਦੇ ਪਰਵਾਰਾਂ ਨੂੰ ਹੀ 45-45 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਹੈ। ਸਰਕਾਰ ਬਾਕੀ ਸਾਰੇ ਭਰੋਸਿਆਂ ਨੂੰ ਪੂਰਾ ਕਰਨ ਤੋਂ ਲਗਾਤਾਰ ਇਨਕਾਰ ਕਰ ਰਹੀ ਹੈ। ਇਸ ਘਟਨਾ ਵਿੱਚ ਜ਼ਖ਼ਮੀ ਹੋਏ 13 ਸਾਥੀਆਂ ਨੂੰ ਸੂਬਾ ਸਰਕਾਰ ਨੇ ਅਜੇ ਤੱਕ ਕੋਈ ਮੁਆਵਜ਼ਾ ਨਹੀਂ ਦਿੱਤਾ ਅਤੇ ਨਾ ਹੀ ਸ਼ਹੀਦ ਹੋਏ 5 ਕਿਸਾਨ ਸਾਥੀਆਂ ਦੇ ਪਰਵਾਰਾਂ ਵਿੱਚੋਂ ਕਿਸੇ ਨੂੰ ਵੀ ਸਰਕਾਰੀ ਨੌਕਰੀ ਦਿੱਤੀ ਹੈ। ਉਹਨਾਂ ਦੱਸਿਆ ਕਿ ਇਸ ਘਟਨਾ ਨਾਲ ਸਬੰਧਤ ਗਵਾਹਾਂ 'ਤੇ ਜਾਨਲੇਵਾ ਹਮਲੇ ਹੋਏ ਹਨ, ਕੇਸ ਦੀ ਪੈਰਵੀ ਕਰ ਰਹੇ ਕਿਸਾਨ ਆਗੂਆਂ ਨੂੰ ਡਰਾਉਣ-ਧਮਕਾਉਣ ਦੀਆਂ ਸਾਜ਼ਿਸ਼ਾਂ ਰਚੀਆਂ ਗਈਆਂ ਹਨ। ਇਸ ਲਈ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਮੰਗ ਕਰਦੇ ਹਨ ਕਿ ਇਸ ਘਟਨਾ ਦੇ ਸਾਰੇ ਗਵਾਹਾਂ ਅਤੇ ਪੈਰਵੀ ਕਰ ਰਹੇ ਕਿਸਾਨ ਆਗੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਸ਼ਹੀਦ ਕਿਸਾਨਾਂ ਨੂੰ ਇਨਸਾਫ਼ ਮਿਲ ਸਕੇ। ਇਸ ਮੌਕੇ ਭਗਤ ਗੁਰਦਿਆਲ ਸਿੰਘ ਅਕਾਲਗੜ੍ਹ, ਕੁਲਵਿੰਦਰ ਸਿੰਘ ਕਾਲਾ, ਸ਼ਰਨਜੀਤ ਸਿੰਘ ਅਠੌਲੀ, ਹਰਵਿੰਦਰ ਸਿੰਘ ਮਾਨਾਂਵਾਲੀ, ਬਲਜਿੰਦਰ ਸਿੰਘ ਮਾਨਾਂਵਾਲੀ, ਸੰਤੋਖ ਸਿੰਘ ਲੱਖਪੁਰ, ਗੁਰਜਿੰਦਰ ਸਿੰਘ ਕੁਲਾਰ ਚੱਕ ਪ੍ਰੇਮਾ, ਬਲਜੀਤ ਸਿੰਘ ਹਰਦਾਸਪੁਰ, ਮਨਜੀਤ ਸਿੰਘ ਲੱਲੀਆਂ, ਮੰਗਲ ਸਿੰਘ ਸੁੰਨੜਾ ਰਾਜਪੂਤਾਂ, ਜਗਤਾਰ ਸਿੰਘ, ਮੇਜਰ ਸਿੰਘ ਅਠੌਲੀ, ਹਰਪ੍ਰੀਤ ਸਿੰਘ ਸਲਾਰਪੁਰ, ਜਸਵਿੰਦਰ ਸਿੰਘ ਸਰਹਾਲੀ, ਬਲਜਿੰਦਰ ਸਿੰਘ ਚੱਕ ਮੰਡੇਰ, ਮੁਖਤਿਆਰ ਸਿੰਘ ਜੱਸੋਮਜਾਰਾ, ਹਰਜੀਤ ਸਿੰਘ, ਦਵਿੰਦਰ ਸਿੰਘ ਸੰਧਵਾ, ਤਾਰਾ ਜਗਪਾਲਪੁਰ, ਭੁਪਿੰਦਰ ਸਿੰਘ ਮਾਨਾਂਵਾਲੀ, ਮਨਜਿੰਦਰ ਸਿੰਘ ਚਹੇੜੂ ਆਦਿ ਹਾਜਰ ਸਨ।

# ਸਵੈ-ਇੱਛਾ ਨਾਲ ਕੀਤਾ ਖ਼ੂਨਦਾਨ ਹੀ ਮਹਾਂਦਾਨ : ਡਾ.ਚਰਨਜੀਤ ਕੁਮਾਰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ )**

ਸਵੈ ਇੱਛਾ ਨਾਲ ਕੀਤਾ ਖ਼ੂਨਦਾਨ ਸਭ ਤੋ ਵੱਡਾ ਦਾਨ ਹੈ। ਜਦੋਂ ਵੀ ਆਪਣੇ ਖ਼ੂਨਦਾਨ ਨਾਲ ਕਿਸੇ ਕੀਮਤੀ ਜਾਨ ਦੇ ਬੱਚ ਜਾਣ ਦਾ ਅਹਿਸਾਸ ਹੁੰਦਾ ਹੈ ਤਾਂ ਮਾਨਸਿਕ ਸਕੂਨ ਮਿਲਦਾ ਹੈ। ਮਨੁੱਖ ਦੇ ਖ਼ੂਨ ਦਾ ਸੰਸਾਰ ਵਿਚ ਕੋਈ ਬਦਲ ਨਹੀਂ ਹੈ, ਲੋੜ ਪੈਣ 'ਤੇ ਖ਼ੂਨਦਾਨੀ ਵੱਲੋ ਦਿੱਤਾ ਖ਼ੂਨ ਹੀ ਇਨਸਾਨ ਦੀ ਜਾਨ ਬਚਾਉਣ ਦੇ ਕੰਮ ਆਉਂਦਾ ਹੈ। ਤੰਦਰੁਸਤ ਆਮ ਇਨਸਾਨ ਆਪਣੇ ਜੀਵਨ ਵਿਚ ਵਾਰ ਵਾਰ ਨਿਰਧਾਰਤ ਸਮੇਂ ਦੌਰਾਨ ਖ਼ੂਨਦਾਨ ਕਰ ਸਕਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਾ.ਚਰਨਜੀਤ ਕੁਮਾਰ ਸੀਨੀਅਰ ਮੈਡੀਕਲ ਅਫਸਰ ਭਾਈ ਜੈਤਾ ਜੀ ਸਿਵਲ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਨੇ ਸਵੈ ਇੱਛਾ ਨਾਲ ਖ਼ੂਨਦਾਨ ਕਰਨ ਵਾਲਿਆਂ ਨੂੰ ਸੰਬੋਧਨ ਕਰਦੇ ਹੋਏ ਕੀਤਾ। ਪੰਜਾਬ ਸਟੇਟ ਏਡਜ ਕੰਟਰੋਲ ਸੁਸਾਇਟੀ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਬਲੱਡ ਸੈਂਟਰ ਸਿਵਲ ਹਸਪਤਾਲ ਸ਼੍ਰੀ ਅਨੰਦਪੁਰ ਸਾਹਿਬ ਵੱਲੋਂ ਰਾਸ਼ਟਰੀ ਸਵੈਇਛੁੱਕ ਖ਼ੂਨਦਾਨ ਦਿਵਸ ਮਨਾਇਆ ਗਿਆ। ਇਸ ਮੌਕੇ ਡਾ.ਦਿਆਲ ਸਿੰਘ ਮੈਮੋਰੀਅਲ ਸਕੂਲ ਆਫ ਨਰਸਿੰਗ ਦੀਆਂ ਵਿਦਿਆਰਥਣਾਂ ਵੱਲੋਂ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ ਅਤੇ ਇਸ ਉਪਰੰਤ ਸੀਨੀਅਰ ਮੈਡੀਕਲ ਅਫਸਰ ਡਾ.ਚਰਨਜੀਤ ਕੁਮਾਰ ਵੱਲੋਂ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ, ਜਿਸ ਵਿੱਚ ਸਿੱਖ ਮਿਸ਼ਨਰੀ ਕਾਲਜ ਸ਼੍ਰੀ ਅਨੰਦਪੁਰ ਸਾਹਿਬ ਅਤੇ ਡਾ.ਦਿਆਲ ਸਿੰਘ ਮੈਮੋਰੀਅਲ ਸਕੂਲ ਆਫ ਨਰਸਿੰਗ ਦੀਆਂ ਵਿਦਿਆਰਥੀਆਂ ਵੱਲੋਂ ਇੱਕ ਜਾਗਰੂਕਤਾ ਰੈਲੀ ਕੱਢੀ ਗਈ। ਇਸ ਮੌਕੇ ਡਾ.ਚਰਨਜੀਤ ਕੁਮਾਰ ਐਸ.ਐਮ.ਓ ਵੱਲੋਂ ਆਏ ਹੋਏ ਨੌਜੁਆਨਾਂ ਨੂੰ ਖ਼ੂਨਦਾਨ ਦੀ ਮਹੱਤਤਾ ਦੱਸਦੇ ਹੋਏ ਖ਼ੂਨਦਾਨ ਕਰਨ ਲਈ ਪ੍ਰੇਰਿਤ ਕੀਤਾ। ਐਸ.ਐਮ.ਓ ਵੱਲੋਂ ਸ਼ਿੱਖ ਮਿਸ਼ਨਰੀ ਕਾਲਜ ਦੇ ਇਕਵਾਲ ਸਿੰਘ ਸੁਪਰਡੈਂਟ ਨੂੰ ਵਿਸ਼ੇਸ ਤੌਰ 'ਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਡਾ.ਰਾਜੇਸ਼ ਕੁਮਾਰ ਬੀ.ਟੀ.ਓ ਨੇਂ ਆਏ ਹੋਏ ਐਨ.ਜੀ.ਓਜ ਅਤੇ ਡੋਨਰਾਂ ਦਾ ਧੰਨਵਾਦ ਕੀਤਾ। ਇਸ ਸੈਮੀਨਾਰ ਅਤੇ ਰੈਲੀ ਦੌਰਾਨ ਡਾ.ਰਣਵੀਰ ਸਿੰਘ, ਡਾ.ਕੇ ਪੀ ਸਿੰਘ, ਡਾ.ਰਮਨਪ੍ਰੀਤ ਕੌਰ, ਅਤੇ ਡਾ.ਤਾਨੀਆ ਗੁਪਤਾ ਡੈਂਟਲ ਸਰਜਨ, ਬਲੱਡ ਸੈਂਟਰ ਅਨੰਦਪੁਰ ਸਾਹਿਬ ਦਾ ਸਮੂਹ ਸਟਾਫ ਰਾਣਾ ਬਖਤਾਬਰ ਸਿੰਘ ਇੰਚਾਰਜ, ਸੁਰਿੰਦਰਪਾਲ ਸਿੰਘ ਜਥੇਦਾਰ, ਅਨੀਤਾ, ਮੋਨਿਕਾ ਚੇਤਲ, ਵਿਕਾਸ ਕੁਮਾਰ, ਰੁਬਿੰਦਰ ਕੌਰ ਹੈੱਡ ਨਰਸ, ਨੀਰਜ ਸ਼ਰਮਾ ਫਾਰਮੇਸੀ ਅਫਸਰ, ਸ਼ਾਮ ਲਾਲ ਚੀਫ ਫਾਰਮੇਸੀ ਅਫਸਰ ਆਦਿ ਹਾਜਰ ਸਨ।



## ਧੂਮਧਾਮ ਨਾਲ ਮਨਾਇਆ ਜਾਵੇਗਾ ਦੁਸਹਿਰਾ

**ਨੂਰਮਹਿਲ (ਬਾਲੀ)**-ਦੁਸਹਿਰਾ ਕਮੇਟੀ ਨੂਰਮਹਿਲ ਵਲੋਂ 5 ਅਕਤੂਬਰ ਦਿਨ ਬੁੱਧਵਾਰ ਨੂੰ ਦੁਸਹਿਰਾ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦੇ ਹੋਏ ਪ੍ਰਧਾਨ ਅਤੇ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਇਸ ਵਿੱਚ ਦੇਵੀ ਦੇਵਤਿਆਂ ਦੀਆਂ ਝਾਕੀਆਂ ਕੱਢੀਆਂ ਜਾਣਗੀਆਂ ਅਤੇ ਰਾਵਣ, ਮੇਘ ਨਾਥ ਅਤੇ ਕੁੰਭ ਕਰਨ ਦੇ ਪੁਤਲਿਆਂ ਨੂੰ ਅਗਨੀ ਭੇਟ ਕੀਤਾ ਜਾਵੇਗਾ।

# ਸ਼੍ਰੋਮਣੀ ਅਕਾਲੀ ਦਲ ਦੀ ਕਰੀਮਪੁਰ ਧਿਆਨੀ 'ਚ ਮੀਟਿੰਗ



**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ)**

ਸ਼੍ਰੋਮਣੀ ਅਕਾਲੀ ਦਲ ਦੀ ਜ਼ਿਲ੍ਹਾ ਪ੍ਰਧਾਨ ਸੁਨੀਤਾ ਚੌਧਰੀ ਦੀ ਅਗਵਾਈ ਵਿੱਚ ਅੱਜ ਪਿੰਡ ਕਰੀਮਪੁਰ ਧਿਆਨੀ ਵਿੱਚ ਇੱਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਸਮਰਥਕ / ਵਰਕਰ ਵੱਡੀ ਗਿਣਤੀ 'ਚ ਪੁੱਜੇ। ਇਸ ਮੀਟਿੰਗ ਵਿਚ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰ ਕੇ ਮੀਟਿੰਗ ਦੀ ਪ੍ਰਧਾਨਗੀ ਕੀਤੀ ਗਈ। ਇਸ ਮੌਕੇ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਕਿਹਾ ਕਿ ਐੱਸਜੀਪੀਸੀ ਵੱਲੋਂ ਸਰਕਾਰਾਂ ਦੀਆਂ ਧੱਕੇਸ਼ਾਹੀਆਂ ਵਿਰੁੱਧ ਸੱਤ ਅਕਤੂਬਰ ਨੂੰ ਰੋਸ ਧਰਨਾ ਦਿੱਤਾ ਜਾ ਰਿਹਾ ਹੈ । ਉਨ੍ਹਾਂ ਅਪੀਲ ਕੀਤੀ ਕਿ ਜਥੇਬੰਦੀ ਦਾ ਇੱਕਮੁੱਠ ਹੋ ਕੇ ਚੱਲਣਾ ਸਮੇਂ ਦੀ ਲੋੜ ਹੈ । ਉਨ੍ਹਾਂ ਵੱਲੋਂ ਸਮੂਹ ਇਕੱਠ ਨੂੰ ਇਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਸੁਨੀਤਾ ਚੌਧਰੀ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਐਸਜੀਪੀਸੀ ਦੇ ਸਮਰਥਨ ਵਿੱਚ ਚਟਾਨ ਵਾਂਗੂ ਖੜ੍ਹਾ ਹੈ ਅਤੇ ਸਮੇਂ ਦੀਆਂ ਕੇਂਦਰ ਅਤੇ ਸੂਬੇ ਦੀਆਂ ਸਰਕਾਰਾਂ ਵੱਲੋਂ ਜਿਹੜੀਆਂ ਕੋਝੀਆਂ ਚਾਲਾਂ ਚੱਲ ਕੇ ਧੱਕੇਸ਼ਾਹੀ ਕੀਤੀ ਜਾ ਰਹੀ ਹੈ, ਨੂੰ ਕਿਸੇ ਵੀ ਕੀਮਤ ਉੱਪਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਐੱਸਜੀਪੀਸੀ ਵੱਲੋਂ 7 ਅਕਤੂਬਰ ਨੂੰ ਰੋਸ ਧਰਨਾ ਦਿੱਤਾ ਜਾ ਰਿਹਾ ਹੈ ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਵਲੋਂ ਵੱਡੀ ਗਿਣਤੀ 'ਚ ਪੁੱਜ ਕੇ ਇਸ ਰੋਸ ਧਰਨੇ ਨੂੰ ਲਾਮਿਸਾਲ ਬਣਾਇਆ ਜਾਵੇਗਾ । ਉਨ੍ਹਾਂ ਆਖਿਆ ਕਿ ਪੋਜੇਵਾਲ ਵਿਖੇ ਨਿਯੁਕਤ ਕੀਤੇ ਇਲਾਕੇ ਦੇ ਕੇਂਦਰ ਬਿੰਦੂ ਪੋਜੇਵਾਲ ਪੁਆਇੰਟ ਤੋਂ 7 ਅਕਤੂਬਰ ਨੂੰ ਵੱਡੀ ਗਿਣਤੀ ਵਿਚ ਜਥੇਬੰਦੀ ਦੇ ਵਰਕਰਾਂ ਦੇ ਜਥੇ ਵੱਲੋਂ ਬੱਸਾਂ ਅਤੇ ਕਾਰਾਂ ਦੇ ਕਾਫਲੇ ਦੇ ਰੂਪ ਵਿੱਚ ਸ੍ਰੀ ਅਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ ਅਤੇ ਇਸ ਉਪਰੰਤ ਸ੍ਰੀ ਅਨੰਦਪੁਰ ਸਾਹਿਬ ਤੋਂ ਇਹ ਰੋਸ ਮਾਰਚ ਸ੍ਰੀ ਅੰਮ੍ਰਿਤਸਰ ਵੱਲ ਰਵਾਨਾ ਹੋਵੇਗਾ। ਇਸ ਮੌਕੇ ਬੁੱਧ ਸਿੰਘ ਬਲਾਕੀਪੁਰ, ਜਥੇਦਾਰ ਜੋਗਿੰਦਰ ਸਿੰਘ ਅਟਵਾਲ, ਹਜ਼ੂਰਾ ਸਿੰਘ ਪੈਲੀ, ਅਵਤਾਰ ਸਿੰਘ ਸਾਹਦੜਾ, ਰਾਣਾ ਰਣਦੀਪ ਕੌਸ਼ਲ , ਮਾਸਟਰ ਜਗਦੀਸ਼ ਰਾਣਾ, ਪੰਮੀ ਰਾਣਾ , ਸ਼ਮਸ਼ੇਰ ਸਿੰਘ ਚਾਹਲ, ਬੱਬੂ ਸਰਪੰਚ, ਅਵਤਾਰ ਸਿੰਘ ਸੈਕਟਰੀ, ਗੁਰਦੀਪ ਸਿੰਘ ਬਕਾਪੁਰ, ਬਹਾਦਰ ਸਿੰਘ ਬੱਬੂ ਬੂਥਗੜ੍ਹ: ਪਵਨ ਕੁਮਾਰ ਹੇਡੋਬੇਟ, ਦਰਬਾਰਾ ਸਿੰਘ ਮਜਾਰੀ, ਭੁਪਿੰਦਰ ਸਿੰਘ ਮਹਿੰਦਪੁਰ, ਸਤਨਾਮ ਸਹੂੰਗੜਾ, ਇੰਸਪੈਕਟਰ ਜੀਤ, ਪਰਮਜੀਤ ਬਜਾੜ, ਭਜਨ ਲਾਲ, ਮਦਨ ਲਾਲ, ਚਰਨਾ ਸਮੇਤ ਕਈ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

# ਡਾ. ਸ਼ਿਵਾਧਾਰ ਚੌਬੇ ਦੀ ਸ਼ਰਧਾਂਜਲੀ ਮੌਕੇ ਹਜ਼ਾਰਾਂ ਲੋਕਾਂ ਵੱਲੋਂ ਸ਼ਰਧਾ ਸੁਮਨ ਅਰਪਿਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸ੍ਰੀ ਸਨਾਤਨ ਧਰਮ ਸੰਸਕ੍ਰਿਤ ਕਾਲਜ ਦੇ ਸਾਬਕਾ ਪ੍ਰਿੰਸੀਪਲ ਅਤੇ ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਚੌਬੇ ਦੇ ਪਿਤਾ ਡਾ. ਸ਼ਿਵਾਧਾਰ ਚੌਬੇ ਦੇ ਸ਼ਰਧਾਂਜਲੀ ਸਮਾਗਮ ਵਿਚ ਅੱਜ ਹਜ਼ਾਰਾਂ ਲੋਕਾਂ ਨੇ ਉਨ੍ਹਾਂ ਨੂੰ ਆਪਣੇ ਸ਼ਰਧਾ ਸੁਮਨ ਅਰਪਿਤ ਕੀਤੇ। ਇਸ ਮੌਕੇ ਉਨ੍ਹਾਂ ਨਾਲ ਨਿਕਟਮ ਸਾਥੀ ਡਾ. ਅਰਵਿੰਦ ਪਰਾਸ਼ਰ ਨੇ ਉਨ੍ਹਾਂ ਦੀ ਸਕਾਲਰਸ਼ਿਪ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਹਮੇਸ਼ਾ ਹੀ ਇਸ ਮਹਾਨ ਸੰਸਕ੍ਰਿਤ ਵਿਦਵਾਨ ਤੇ ਨੇਕ ਇਨਸਾਨ ਦੀ ਕਮੀ ਮਹਿਸੂਸ ਹੁੰਦੀ ਰਹੇਗੀ। ਸਮਾਜ ਸੇਵਕ ਬਨਵਾਰੀ ਲਾਲ ਕਾਬਰਾ ਨੇ ਕਿਹਾ ਕਿ ਡਾ. ਚੌਬੇ ਇਕ ਸੰਤ ਸਨ, ਉਨ੍ਹਾਂ ਨੇ ਕਦੇ ਵੀ ਕੁਝ ਪਾਉਣ ਲਈ ਇੱਛਾ ਜ਼ਾਹਰ ਨਹੀਂ ਕੀਤੀ। ਉਨ੍ਹਾਂ ਆਪਣੇ ਬੱਚਿਆਂ ਵਿਚ ਵੀ ਉਚ ਭਾਰਤੀ ਸੰਸਕਿਤੀ ਦੇ ਆਦਰਸ਼ ਦਿੱਤੇ ਹਨ। ਡਾ. ਕ੍ਰਿਸ਼ਨ ਮੁਰਾਰੀ ਨੇ ਕਿਹਾ ਕਿ ਉਨ੍ਹਾਂ ਦੇ ਜਾਣ ਨਾਲ ਸੰਸਕ੍ਰਿਤ ਭਾਸ਼ਾ ਨੂੰ ਇਸ ਤਰ੍ਹਾਂ ਦਾ ਨੁਕਸਾਨ ਹੋਇਆ ਹੈ,ਜਿਸ ਦੀ ਪੂਰਤੀ ਕਰਨਾ ਮੁਸ਼ਕਲ ਹੋਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਹੀ ਹਰ ਵਿਅਕਤੀ ਨੂੰ ਧਾਰਮਿਕ ਸੰਸਥਾਵਾਂ ਨਾਲ ਅਤੇ ਧਾਰਮਿਕ ਗ੍ਰੰਥਾਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਸਵਦੇਸ਼ੀ ਜਾਗਰਣ ਮੰਚ ਤੋਂ ਕ੍ਰਿਸ਼ਨ ਸ਼ਰਮਾ, ਆਰ.ਟੀ.ਆਈ. ਅਵੇਅਰਨੈਸ ਫੋਰਮ ਦੇ ਚੇਅਰਮੈਨ ਰਾਜੀਵ ਵਸ਼ਿਸ਼ਟ ਨੇ ਡਾ. ਚੌਬੇ ਨਾਲ ਬਿਤਾਏ ਸਮੇਂ ਨੂੰ ਯਾਦ ;ਕੀਤਾ। ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਤੀਕਸ਼ਨ ਸੂਦ, ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਦੇ ਭਰਾ ਰਾਜੇਸ਼ਵਰ ਬੱਸੀ, ਮੇਅਰ ਸੁਰਿੰਦਰ ਕੁਮਾਰ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਹਰਦੇਵ ਸਿੰਘ ਆਸੀ, ਯੁਵਕ ਸੇਵਾਵਾਂ ਵਿਭਾਗ ਦੇ ਸਹਾਇਕ ਡਾਇਰੈਕਟਰ ਪ੍ਰੀਤ ਕੋਹਲੀ, ਅਰਵਿੰਦ ਪ੍ਰਾਸ਼ਰ, ਸੂਰਜ ਕੁਮਾਰ, ਭਾਰਤ ਵਿਕਾਸ ਪ੍ਰੀਸ਼ਦ ਦੇ ਸੰਜੀਵ ਅਰੋੜਾ, ਸ਼ਿਵਰਾਤਰੀ ਉਤਸਵ ਕਮੇਟੀ ਦੇ ਹਰੀਸ਼ ਖੋਸਲਾ, ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਗੁਲਜ਼ਾਰ ਸਿੰਘ ਕਾਲਕਟ, ਸਾਬਕਾ ਮੇਅਰ ਸ਼ਿਵ ਸੂਦ, ਕਮਲਜੀਤ ਸੇਤੀਆ, ਭਾਰਤ ਭੂਸ਼ਨ ਵਰਮਾ, ਅਸ਼ਵਨੀ ਛੋਟਾ, ਭਰਤ ਗੰਡੋਤਰਾ, ਜ਼ਿਲ੍ਹਾ ਭਾਜਪਾ ਪ੍ਰਧਾਨ ਨਿਪੁੰਨ ਸ਼ਰਮਾ, ਸੁਖਬੀਰ ਸਿੰਘ, ਓਮ ਪ੍ਰਕਾਸ਼ ਸ਼ਾਸਤਰੀ, ਦੀਪਕ ਵਸ਼ਿਸ਼ਟ, ਜ਼ਿਲ੍ਹਾ ਸਮਾਜਿਕ ਭਲਾਈ ਅਫ਼ਸਰ ਮੁਕੇਸ਼ ਗੌਤਮ, ਪ੍ਰੈਸ ਕਲੱਬ ਦੇ ਪ੍ਰਧਾਨ ਬਲਜਿੰਦਰ ਪਾਲ ਸਿੰਘ, ਰਾਕੇਸ਼ ਸੂਦ, ਰਾਜੇਸ਼ ਜੈਨ, ਅਮਰਿੰਦਰ ਮਿਸ਼ਰਾ, ਨਰਿੰਦਰ ਮੋਹਨ ਸ਼ਰਮਾ, ਸੰਜੀਵ ਬਖਸ਼ੀ, ਵਿਕਾਸ ਸੂਦ, ਅਭਿਸ਼ੇਕ ਭਾਟੀਆ, ਲੈਕਚਰਾਰ ਸੰਦੀਪ ਸੂਦ, ਰਜਨੀਸ਼ ਗੁਲਿਆਨੀ, ਸੇਠ ਨਵਦੀਪ ਅਗਰਵਾਲ, ਮਨੂ ਸ਼ਰਮਾ, ਸਤੀਸ਼ ਕੁਮਾਰ, ਸ਼ਿਆਮ ਸੁੰਦਰ ਸੂਦ, ਨੀਰਜ਼ ਸ਼ਰਮਾ, ਰਾਜਿੰਦਰ ਪਰਮਾਰ, ਰਮੇਸ਼ ਭਾਰਦਵਾਜ, ਰਾਜਿੰਦਰ ਮੈਡੀ, ਅੰਕੁਸ਼ ਵਾਲੀਆ, ਬਲਬੀਰ ਸੈਣੀ, ਕਾਂਗਰਸ ਸੇਵਾ ਦਲ ਦੇ ਸੂਬਾ ਸਕੱਤਰ ਅਸ਼ੋਕ ਸੂਦ ਹੈਪੀ, ਭਾਜਪਾ ਨੇਤਾ ਸੰਜੀਵ ਤਲਵਾੜ, ਕਾਂਗਰਸ ਮਹਾ ਸਚਿਵ ਰਾਜਨੀਸ਼ ਟੰਡਲ, ਪੰਡਿਤ ਸ਼ਿਆਮ, ਸ਼੍ਰੀ ਰਾਮ ਲੀਲਾ ਕਮੇਟੀ ਦੇ ਪ੍ਰਧਾਨ ਗੋਪੀ ਚੰਦ ਕਪੂਰ, ਯੋਗੇਸ਼ ਅਰੋੜਾ, ਪੰਕਜ ਸ਼ਿਵ ਸਹਿਤ ਸੈਂਕੜੇ ਲੋਕਾਂ ਨੇ ਉਨ੍ਹਾਂ ਆਪਣੇ ਸ਼ਰਧਾ ਸੁਮਨ ਅਰਪਿਤ ਕੀਤੇ। ਇਸ ਮੌਕੇ ਲੋਕ ਸੰਪਰਕ ਅਫ਼ਸਰ ਐਸੋਸੀਏਸ਼ਨ, ਸਾਬਕਾ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ, ਭਾਜਪਾ ਨੇਤਾ ਅਵਿਨਾਸ਼ ਰਾਏ ਖੰਨਾ ਦੇ ਸ਼ੋਕ ਸੰਦੇਸ਼ ਵੀ ਪੜ੍ਹ ਕੇ ਸੁਣਾਏ ਗਏ।

## ਗੜ੍ਹੀ ਕਾਨੂੰਗੋ ਦੀ ਟੀਮ ਨੂੰ ਹਰਾ ਕੇ ਦਾ ਨੌਰਵੁਡ ਸਕੂਲ ਚਾਹਲ ਦੀ ਟੀਮ ਨੇ ਮੈਚ ਜਿੱਤਿਆ



**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** -ਆਰ ਕੇ ਆਰੀਆ ਕਾਲਜ ਸ਼ਹੀਦ ਭਗਤ ਸਿੰਘ ਨਗਰ ਵਿੱਚ ਜ਼ਿਲ੍ਹਾ ਪੱਧਰੀ ਹੋ ਰਹੇ ਸਕੂਲ ਖੇਡ ਮੁਕਾਬਲਿਆਂ ਵਿੱਚ ਦਾ ਨੌਰਵੁੱਡ ਸਕੂਲ ਚਾਹਲ ਦੀ ਅੰਡਰ 14 ਉਮਰ ਵਰਗ ਦੀ ਲਾਅਨ ਟੈਨਿਸ ਦੀ ਟੀਮ ਨੇ ਗੜ੍ਹੀ ਕਾਨੂੰਗੋ ਦੀ ਟੀਮ ਨੂੰ ਫਾਈਨਲ ਵਿੱਚ ਹਰਾ ਕੇ ਇਨਾਮ ਆਪਣੇ ਨਾਂਅ ਕਰ ਲਿਆ। ਸਕੂਲ ਦੀਆਂ ਵੱਖ -ਵੱਖ ਖੇਡ ਟੀਮਾਂ ਹਰ ਖੇਡ ਵਿਚ ਬਹੁਤ ਚੰਗਾ ਪ੍ਰਦਰਸ਼ਨ ਕਰ ਰਹੀਆਂ ਹਨ। ਸਕੂਲ ਦੁਆਰਾ ਬੱਚਿਆਂ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਹਰ ਖੇਡ ਦੀ ਕੋਚਿੰਗ ਦਿੱਤੀ ਜਾ ਰਹੀ ਹੈ। ਬਹੁਤ ਥੋੜ੍ਹੇ ਸਮੇਂ ਵਿੱਚ ਹੀ ਸਕੂਲ ਨੇ ਖੇਡ ਖੇਤਰ ਵਿਚ ਆਪਣਾ ਨਾਂਅ ਸਾਰੇ ਇਲਾਕੇ ਵਿਚ ਇੱਕ ਨੰਬਰ 'ਤੇ ਲੈ ਆਂਦਾ ਹੈ। ਸਕੂਲ ਦੇ ਤਿੰਨ ਬੱਚੇ ਨਮਨ ਚੌਹਾਨ,ਪਰਮਵੀਰ ਸਿੰਘ,ਅੰਮ੍ਰਿਤਪਾਲ ਸਿੰਘ ਸਟੇਟ ਪੱਧਰ 'ਤੇ ਖੇਡਣ ਲਈ ਚੁਣੇ ਗਏ ਹਨ। ਸਕੂਲ ਦੇ ਪ੍ਰਿੰਸੀਪਲ ਰਵਿੰਦਰ ਭਨੋਟ ਅਤੇ ਚੇਅਰਮੈਨ ਮੋਹਿਤ ਕੁਮਾਰ ਨੇ ਬੱਚਿਆਂ ਨੂੰ ਅਤੇ ਕੋਚਾਂ ਨੂੰ ਮੁਬਾਰਕਬਾਦ ਦਿੱਤੀ ਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ।

5-Oct-PAGE-9.qxd 10/4/2022 11:05 PM Page 1



# ਲਖੀਮਪੁਰ ਖੀਰੀ ਦੇ ਸ਼ਹੀਦਾਂ ਦੀ ਪਹਿਲੀ ਬਰਸੀ 'ਤੇ ਤਾਨਾਸ਼ਾਹ ਹਾਕਮਾਂ ਦਾ ਪੁਤਲਾ ਫੂਕਿਆ

**ਮਾਹਿਲਪੁਰ (ਸਫਰੀ)**

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨ ਅੰਦੋਲਨ ਦੀਆਂ ਸਮਰਥਕ ਸਮੂਹ ਕਿਸਾਨ ਜਥੇਬੰਦੀਆਂ ਵਲੋਂ ਮਿਲ ਕੇ ਪੂਰੇ ਦੇਸ਼ ਅੰਦਰ ਜ਼ਿਲ੍ਹਾ ਤੇ ਤਹਿਸੀਲ ਪੱਧਰ 'ਤੇ ਤਾਨਾਸ਼ਾਹ ਹਾਕਮਾਂ



ਦੇ ਪੁਤਲੇ ਫੂਕ ਕੇ ਰੋਸ ਮੁਜ਼ਾਹਰੇ ਕੀਤੇ ਗਏ ਤੇ ਮੰਗ ਪੱਤਰ ਸੌਂਪੇ ਗਏ। ਪ੍ਰਦਰਸ਼ਨਕਾਰੀ ਆਗੂਆਂ ਤੇ ਸਮਰਥਕਾਂ ਨੇ ਲਖੀਮਪੁਰ ਖੀਰੀ ਦੇ ਸ਼ਹੀਦ ਕਿਸਾਨਾਂ ਤੇ ਪੱਤਰਕਾਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਕਿਸਾਨਾਂ ਦੇ ਕਾਤਲਾਂ ਨੂੰ ਫਾਹੇ ਲਵਾਉਣ ਤੇ ਸ਼ਹੀਦਾਂ ਦੇ ਪਰਵਾਰਾਂ ਨੂੰ ਇਨਸਾਫ ਦਿਵਾਉਣ ਤੱਕ ਸੰਘਰਸ਼ ਨਿਰੰਤਰ ਜਾਰੀ ਰੱਖਦਿਆਂ ਆਉਣ ਵਾਲੇ ਦਿਨਾਂ ਵਿੱਚ ਹੋਰ ਵਧੇਰੇ ਤੇਜ ਤੇ ਵਿਸ਼ਾਲ ਕੀਤਾ ਜਾਵੇਗਾ! ਉਨ੍ਹਾਂ ਯੂ ਪੀ ਸਰਕਾਰ ਵਲੋਂ ਝੂਠੇ ਕੇਸ ਵਿੱਚ ਫਸਾ ਕੇ ਜੇਲ੍ਹ ਡੱਕੇ ਚਾਰ ਬੇਦੋਸ਼ੇ ਕਿਸਾਨਾਂ ਦੀ ਰਿਹਾਈ ਦੀ ਮੰਗ ਵੀ ਉਠਾਈ ਅਤੇ ਸਰਕਾਰ ਨੂੰ ਕਿਸਾਨ ਅੰਦੋਲਨ ਦੀਆਂ ਮੰਨੀਆਂ ਮੰਗਾਂ ਜਲਦ ਤੋਂ ਜਲਦ ਪੂਰਨ ਰੂਪ ਵਿੱਚ ਲਾਗੂ ਕਰਨ ਲਈ ਕਿਹਾ! ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਦੀ ਗਰੰਟੀ ਲਈ ਵੀ ਜਲਦ ਤੋਂ ਜਲਦ ਲਿਖਤੀ ਰੂਪ ਵਿੱਚ ਆਦੇਸ ਜਾਰੀ ਕਰਨ ਲਈ ਕਿਹਾ! ਇਲਾਕਾ ਮਾਹਿਲਪੁਰ ਚੱਬੇਵਾਲ ਦੇ ਸੰਯੁਕਤ ਕਿਸਾਨ ਮੋਰਚੇ ਦੇ ਸਮੂਹ ਸਮੱਰਥਕਾਂ ਵਲੋਂ ਇਸ ਮੌਕੇ ਤਹਿਸੀਲ ਪੱਧਰ 'ਤੇ ਕੀਤੇ ਰੋਸ ਪ੍ਰਦਰਸ਼ਨ ਵਿੱਚ ਸ਼ਮੂਲੀਅਤ ਕੀਤੀ ਗਈ! ਇਸ ਮੌਕੇ ਜਨਵਾਦੀ ਇਸਤਰੀ ਸਭਾ ਦੀ ਸੂਬਾਈ ਆਗੂ ਬੀਬੀ ਸੁਭਾਸ਼ ਮੱਟੂ, ਹਰਮੇਸ਼ ਸਿੰਘ ਢੇਸੀ,ਹਰਭਜਨ ਸਿੰਘ ਅਟਵਾਲ,ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ, ਕੁਲਵਿੰਦਰ ਸਿੰਘ ਚਾਹਲ,ਜੰਗ ਬਹਾਦਰ ਸਿੰਘ, ਪਰਮਿੰਦਰ ਸਿੰਘ ਪਿੰਦਾ ਬੂੜ੍ਹੋਬਾੜੀ,ਸੰਤੋਖ ਸਿੰਘ,ਬਲਦੇਵ ਰਾਜ, ਵਿੱਕੀ ਕਹਾਰਪੁਰ, ਜਸਵੀਰ ਸੀਰਾ,ਜਸਵਿੰਦਰ ਬੰਗਾ, ਸੁਰਿੰਦਰ ਕੌਰ,ਰਸਪਾਲ ਕੌਰ, ਮਹਿੰਦਰ ਕੌਰ, ਕਿਰਨਾਂ ਦੇਵੀ, ਅਵਤਾਰ ਸਿੰਘ, ਗੁਰਮਿੰਦਰ ਕੈਂਡੋਵਾਲ,ਅਮਨਦੀਪ ਸਿੰਘ ਸਰਪੰਚ, ਗੋਪਾਲ ਸਿੰਘ, ਅਵਿਨਾਸ਼ ਤੇ ਵੱਡੀ ਗਿਣਤੀ ਵਿੱਚ ਅੰਦੋਲਨ ਸਮਰਥਕ ਹਾਜਰ ਸਨ!

# ਜ਼ਿਲ੍ਹੇ ਦੀਆਂ ਮੰਡੀਆਂ 'ਚ ਹੁਣ ਤੱਕ 1731 ਮੀਟਰਿਕ ਟਨ ਝੋਨੇ ਦੀ ਹੋਈ ਖਰੀਦ : ਐਮ ਡੀ ਮਾਰਕਫੈਡ

**ਨਵਾਂਸ਼ਹਿਰ (ਮਨੋਜ ਲਾਡੀ)**

ਮਾਰਕਫੈਡ ਦੇ ਐਮ ਡੀ ਰਾਮਬੀਰ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਬੀਤੀ ਸ਼ਾਮ ਤੱਕ ਕੁੱਲ 1731 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਹ ਜ਼ਿਲ੍ਹੇ ਵਿੱਚ ਖਰੀਦ ਕਾਰਜਾਂ ਦਾ ਜਾਇਜ਼ਾ ਲੈ ਰਹੇ ਸਨ। ਡੀ ਐਫ ਐਸ ਸੀ ਰੇਨੂੰ ਬਾਲਾ ਵਰਮਾ ਨੇ ਉਨ੍ਹਾਂ ਨੂੰ ਜਾਣੂ ਕਰਵਾਇਆ ਕਿ ਜ਼ਿਲ੍ਹੇ ਵਿੱਚ ਪਿਛਲੇ ਸਾਲ ਦੀ ਤਰ੍ਹਾਂ 3.81 ਲੱਖ ਮੀਟਰਕ ਟਨ ਝੋਨੇ ਦੀ ਆਮਦ ਦਾ ਟੀਚਾ ਸੀ। ਇਸ ਤੋਂ ਇਲਾਵਾ ਕੁੱਲ 49 ਚੌਲ ਮਿੱਲਾਂ ਵਿੱਚੋਂ 44 ਮਿਲਿੰਗ ਲਈ ਅਲਾਟ ਕੀਤੀਆਂ ਗਈਆਂ ਹਨ। ਇਸੇ ਤਰ੍ਹਾਂ ਜ਼ਿਲ੍ਹੇ ਨੂੰ ਬਾਰਦਾਨੇ ਦੀਆਂ ਲੋੜੀਂਦੀਆਂ 88 ਫੀਸਦੀ ਗੰਢਾਂ ਮਿਲ ਚੁੱਕੀਆਂ ਹਨ ਅਤੇ ਬਾਕੀ ਸਟਾਕ ਵੀ ਜਲਦੀ ਹੀ ਮਿਲ ਜਾਵੇਗਾ। ਮਾਰਕਫੈਡ ਦੇ ਪ੍ਰਬੰਧਕ ਨਿਰਦੇਸ਼ਕ ਨੇ ਅੱਗੇ ਕਿਹਾ ਕਿ ਕਿਉਂ ਜੋ ਸੂਬਾ ਸਰਕਾਰ ਨੇ ਖਰੀਦੇ ਗਏ ਅਨਾਜ ਨੂੰ ਸਬੰਧਤ ਮੰਜ਼ਲਾਂ ਤੱਕ ਪਹੁੰਚਾਉਣ ਵਿਚ ਪਾਰਦਰਸ਼ਤਾ ਲਿਆਉਣ ਲਈ ਇੱਕ ਔਨਲਾਈਨ ਗੇਟ ਵੇਅ ਪਾਸ ਪ੍ਰਣਾਲੀ ਸ਼ੁਰੂ ਕੀਤੀ ਹੈ, ਇਸ ਲਈ ਪੋਰਟਲ 'ਤੇ ਹਰੇਕ ਉਸ ਵਾਹਨ ਦਾ ਵੇਰਵਾ ਅਪਲੋਡ ਕਰਨਾ ਹੋਵੇਗਾ, ਜਿਸ ਨੂੰ ਢੋਆ ਢੁਆਈ ਦਾ ਕੰਮ ਦਿੱਤਾ ਗਿਆ ਹੈ। ਐਮ ਡੀ ਰਾਮਬੀਰ ਨੇ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਕਿ ਦੂਜੇ ਰਾਜਾਂ ਤੋਂ ਲਿਆਂਦੇ ਝੋਨੇ ਦੀ ਬੋਗਸ ਬਿਲਿੰਗ ਜਾਂ ਗੈਰ-ਕਾਨੂੰਨੀ ਰੀ-ਸਾਈਕਲਿੰਗ ਨੂੰ ਰੋਕਣ ਲਈ ਜ਼ਿਲ੍ਹੇ ਦੀਆਂ ਐਂਟਰੀਆਂ ਅਤੇ ਮੰਡੀਆਂ ਦੀ ਚੈਕਿੰਗ ਲਈ ਬਣਾਏ ਗਏ ਉਡਣ ਦਸਤੇ ਪੂਰੀ ਤਰ੍ਹਾਂ ਮੁਸਤੈਦ ਰਹਿਣ। ਦਾਣਾ ਮੰਡੀ ਨਵਾਂਸ਼ਹਿਰ ਵਿਖੇ, ਉਨ੍ਹਾਂ ਨੇ ਝੋਨੇ ਦੀਆਂ ਕੁਝ ਢੇਰੀਆਂ ਦੀ ਨਮੀ ਦੀ ਜਾਂਚ ਕੀਤੀ ਅਤੇ ਮਾਰਕੀਟ ਕਮੇਟੀ ਅਧਿਕਾਰੀਆਂ ਨੂੰ ਨਿਯਮਿਤ ਤੌਰ 'ਤੇ ਇਹ ਜਾਂਚ ਕਰਨ ਲਈ ਚੌਕਸ ਰਹਿਣ ਲਈ ਕਿਹਾ ਕਿ ਮੰਡੀ ਵਿੱਚ ਆਉਣ ਵਾਲੀ ਜਿਣਸ ਨਿਰਧਾਰਤ ਮਾਪਦੰਡਾਂ ਵਿੱਚ ਆਉਂਦੀ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਮੰਡੀਆਂ ਵਿੱਚ ਸਿਰਫ ਸੁੱਕੀ ਫਸਲ ਦਾ ਆਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਭਾਰਤ ਸਰਕਾਰ ਅਤੇ ਐਫ.ਸੀ.ਆਈ. ਦੁਆਰਾ ਨਿਰਧਾਰਤ ਸਖਤ ਮਾਪਦੰਡਾਂ ਪ੍ਰਤੀ ਜਾਗਰੂਕ ਕੀਤਾ ਜਾਵੇ ਤਾਂ ਜੋ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਭੀੜ ਜਾਂ ਥਾਂ ਦੀ ਕਮੀ ਵਰਗੀ ਸਥਿਤੀ ਪੈਦਾ ਨਾ ਹੋਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਝੋਨੇ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਖਰੀਦ ਕਾਰਜਾਂ ਦੀ ਨਿਗਰਾਨੀ ਲਈ ਪ੍ਰਸਾਸਨਿਕ ਅਧਿਕਾਰੀ ਤਾਇਨਾਤ ਕੀਤੇ ਗਏ ਹਨ ਤਾਂ ਜੋ ਸੂਬੇ ਦੀਆਂ ਮੰਡੀਆਂ ਵਿੱਚ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਲਈ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਤੋਂ ਪਹਿਲਾਂ ਉਨ੍ਹਾਂ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਜ਼ਿਲ੍ਹਾ ਖਰੀਦ ਏਜੰਸੀਆਂ ਦੇ ਮੁਖੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਉਨ੍ਹਾਂ ਖਰੀਦ 'ਤੇ ਤਸੱਲੀ ਪ੍ਰਗਟਾਈ ਅਤੇ ਖਰੀਦ ਏਜੰਸੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਐਫ.ਸੀ.ਆਈ ਅਤੇ ਭਾਰਤ ਸਰਕਾਰ ਵੱਲੋਂ ਨਿਰਧਾਰਤ ਮਾਪਦੰਡਾਂ ਅਨੁਸਾਰ ਝੋਨੇ ਦੀ ਖਰੀਦ 'ਤੇ ਧਿਆਨ ਦੇਣ। ਉਨ੍ਹਾਂ ਨੂੰ ਡਿਪਟੀ ਕਮਿਸ਼ਨਰ ਐਨ.ਪੀ.ਐਸ.ਰੰਧਾਵਾ ਵੱਲੋਂ ਝੋਨੇ ਦੀ ਸੁਚੱਜੀ ਖਰੀਦ ਲਈ ਜ਼ਿਲ੍ਹੇ ਵਿੱਚ ਕੀਤੇ ਜਾ ਰਹੇ ਪ੍ਰਬੰਧਾਂ ਤੋਂ ਜਾਣੂ ਕਰਵਾਇਆ ਗਿਆ। ਦਾਣਾ ਮੰਡੀ ਦੇ ਦੌਰੇ ਦੌਰਾਨ ਐਸ ਡੀ ਐਮ ਨਵਾਂਸ਼ਹਿਰ ਸ਼ਿਵਰਾਜ ਸਿੰਘ ਬੱਲ, ਡੀ ਐਫ ਐਸ ਸੀ ਰੇਨੂੰ ਬਾਲਾ ਵਰਮਾ, ਮਾਰਕਫੈਡ ਦੇ ਜ਼ਿਲ੍ਹਾ ਮੈਨੇਜਰ ਬਲਜਿੰਦਰ ਸਿੰਘ, ਜ਼ਿਲ੍ਹਾ ਮੰਡੀ ਅਫਸਰ ਰੁਪਿੰਦਰ ਮਿਨਹਾਸ ਤੇ ਹੋਰ ਅਧਿਕਾਰੀ ਮੌਜੂਦ ਸਨ।

## ਧਾਲੀਵਾਲ ਦਾ ਕੀਤਾ ਨਿੱਘਾ ਸਵਾਗਤ

**ਦਸੂਹਾ, (ਲਵਜੀਤ ਸਿੰਘ)**- ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦਸੂਹਾ ਪਹੁੰਚੇ, ਜਿੱਥੇ ਉਹਨਾਂ ਦਾ ਦਸੂਹਾ ਦੇ ਆਪ ਐਮ.ਐਲ.ਏ. ਐਡਵੋਕੇਟ ਕਰਮਵੀਰ ਸਿੰਘ ਘੁੰਮਣ ਅਤੇ ਆਮ ਆਦਮੀ ਪਾਰਟੀ ਵਰਕਰਾਂ ਦੁਆਰਾ ਨਿੱਘਾ ਸਵਾਗਤ ਕੀਤਾ ਗਿਆ। ਇਸ ਸਮੇਂ ਉਹਨਾਂ ਨੇ ਐਡਵੋਕੇਟ ਕਰਮਵੀਰ ਸਿੰਘ ਘੁੰਮਣ ਦੇ ਆਮ ਆਦਮੀ ਪਾਰਟੀ ਦਫਤਰ ਦਾ ਉਦਘਾਟਨ ਕੀਤਾ। ਟਾਂਡਾ ਉੜਮੜ ਦੇ ਐਮ.ਐਲ.ਏ ਜਸਵੀਰ ਸਿੰਘ ਰਾਜਾ ਵੀ ਹਾਜ਼ਰ ਸਨ। ਉਹਨਾਂ ਨੇ ਆਮ ਆਦਮੀ ਪਾਰਟੀ ਦੇ ਕੀਤੇ ਕੰਮਾਂ ਬਾਰੇ ਦੱਸਿਆ ਤੇ ਜਨਤਾ ਨੂੰ ਵਿਸ਼ਵਾਸ਼ ਦਿੱਤਾ ਕਿ ਦਸੂਹਾ ਦੇ ਲੋਕਾਂ ਦੀਆਂ ਸਮੱਸਿਆਵਾਂ ਦੂਰ ਕਰਨ ਲਈ ਯਤਨ ਕੀਤੇ ਜਾਣਗੇ।

## ਗੁਰੂ ਹਰਕ੍ਰਿਸ਼ਨ ਸਕੂਲ 'ਚ ਫੈਮਿਲੀ ਡੇ ਤੇ ਗਾਂਧੀ ਜਯੰਤੀ ਮਨਾਈ




**ਕਪੂਰਥਲਾ, ( ਹਨੀ)**- ਰੇਲ ਕੋਚ ਫੈਕਟਰੀ। ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੋਂਗਾ ਦੀ ਅਗਵਾਈ ਵਿਚ ਜੂਨੀਅਰ ਵਿੰਗ 'ਚ ਨੈਸ਼ਨਲ ਫੈਮਲੀ ਡੇ ਅਤੇ ਗਾਂਧੀ ਜੈਅੰਤੀ ਸਬੰਧੀ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਦੌਰਾਨ ਕੇ ਜੀ ਵਿੰਗ ਦੇ ਵਿਦਿਆਰਥੀਆਂ ਵੱਡੀ ਗਿਣਤੀ ਵਿਚ ਹਿੱਸਾ ਲਿਆ ਅਤੇ ਆਪਣੀ ਪ੍ਰਤਿਭਾ ਰਾਹੀਂ ਸਭ ਦਾ ਮਨ ਮੋਹ ਲਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਵੀ ਸਮਾਗਮ ਵਿਚ ਉਚੇਚੇ ਤੌਰ 'ਤੇ ਸ਼ਾਮਲ ਹੋਏ ਅਤੇ ਵਿਦਿਆਰਥੀਆਂ ਵੱਲੋਂ ਦਿਖਾਈ ਪ੍ਰਤਿਭਾ ਦੀ ਭਰਪੂਰ ਸ਼ਲਾਘਾ ਕੀਤੀ । ਇਸ ਮੌਕੇ ਮੈਡਮ ਨਰਿੰਦਰ ਪੱਤੜ, ਜਸਵਿੰਦਰ ਸਿੰਘ, ਹਰਜਿੰਦਰ ਸਿੰਘ, ਕੁਲਵਿੰਦਰ ਕੌਰ, ਨੀਲਮ ਕਾਲੜਾ, ਪਰਮਿੰਦਰ ਕੌਰ, ਸੁਮਨਦੀਪ ਕੌਰ, ਲਵਿਤਾ ਆਦਿ ਸਟਾਫ਼ ਮੈਂਬਰ ਹਾਜ਼ਰ ਸਨ । ਸਮਾਗਮ ਦੇ ਅੰਤ ਵਿਚ ਵਿਦਿਆਰਥੀਆਂ ਵੱਲੋਂ ਬਣਾਇਆ ਫੈਮਿਲੀ ਟਰੀ ਵੀ ਖਿੱਚ ਦਾ ਕੇਂਦਰ ਰਿਹਾ ।

# ਪੰਜਾਬ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਨੇ ਬਾਗਬਾਨੀ ਉੱਪ ਮੰਡਲ ਅੱਗੇ ਲਾਏ ਧਰਨੇ

**ਮੋਹਾਲੀ (ਗੁਰਜੀਤ ਬਿੱਲਾ)**

ਪੰਜਾਬ ਫੀਲਡ ਐਂਡ ਵਰਕਸ਼ਾਪ ਵਰਕਰਜ ਯੂਨੀਅਨ ਪੰਜਾਬ ਬੀ ਐਂਡ ਆਰ ਬਾਗਬਾਨੀ ਕਰਮਚਾਰੀਆਂ ਦੀਆਂ ਮੰਗਾਂ ਨੂੰ ਲੈ ਕੇ ਉੱਪ ਮੰਡਲ ਇੰਜੀਨੀਅਰ ਰਮਨ ਕੁਮਾਰ ਗੋਇਲ ਬਾਗਬਾਨੀ ਉੱਪ ਮੰਡਲ ਲੋ.ਨਿ.ਵਿ. (ਭ ਤੇ ਮ) ਮੋਹਾਲੀ ਦੇ ਦਫਤਰ ਅੱਗੇ ਧਰਨੇ ਦਿੱਤੇ ਤੇ ਸਰਕਾਰ ਦਾ ਪਿਟ ਸਿਆਪਾ ਕੀਤਾ ਗਿਆ। ਧਰਨੇ ਨੂੰ ਸੂਬਾਈ ਪ੍ਰਧਾਨ ਸੁਖਦੇਵ ਸਿੰਘ ਸੈਣੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਰਮਨ ਕੁਮਾਰ ਗੋਇਲ ਵੱਲੋਂ 29 ਸਤੰਬਰ ਨੂੰ ਜਥੇਬੰਦੀ ਨਾਲ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗ ਕੀਤੀ ਗਈ ਜਦੋਂ ਆਗੂਆਂ ਵੱਲੋਂ ਮੰਗਾਂ ਸਬੰਧੀ ਗੱਲ ਕਰਦੇ ਹੋਏ ਕਿਹਾ ਕਿ ਆਪ ਅਧੀਨ ਘਾਹ ਕੱਟਣ ਵਾਲੀਆਂ (2) ਮਸ਼ੀਨਾਂ ਅਤੇ (3) ਬੁਸ ਕਟਰ ਹਨ ਜੋ ਕਿ ਪੈਟਰੋਲ ਨਾਲ ਚਲਦੀਆਂ ਹਨ ਉਨ੍ਹਾਂ ਤੇ ਉਪਰੇਟਰਾਂ ਦਾ ਕੰਮ ਮਾਲੀਆਂ ਤੋਂ ਲਿਆ ਜਾ ਰਿਹਾ ਹੈ ਨੂੰ ਉਪਰੇਟਰ ਦਾ ਸਕੇਲ ਦਿੱਤਾ ਜਾਵੇ ਅਤੇ ਲਾਗ ਬੁੱਕਾਂ ਦਿੱਤੀਆਂ ਜਾਣ ਕਿ ਕਿੰਨੇ ਘੰਟੇ ਮਸ਼ੀਨਾਂ ਚੱਲੀਆਂ ਅਤੇ ਕਿੰਨਾ ਪੈਟਰੋਲ ਲੱਗਿਆ ਪਰ ਮੀਟਿੰਗ ਵਿੱਚ ਜੇ.ਈ. ਸੁਖਵੰਤ ਸਿੰਘ ਵੱਲੋਂ ਭੜਕਾਹਟ ਵਿੱਚ ਆ ਕੇ ਆਗੂਆਂ ਨੂੰ ਧਮਕੀਆਂ ਦੇਣ ਲੱਗਿਆ ਕਿ ਤੁਸੀਂ ਕੌਣ ਹੁੰਦੇ ਹੋ ਇਹ ਗੱਲ ਪੁੱਛਣ ਵਾਲੇ ਅਤੇ ਐਸ.ਡੀ.ਓ. ਵੱਲੋਂ ਹੱਲੇਸੇਰੀ ਦਿੱਤੀ ਅਤੇ ਮੰਗਾਂ ਸਬੰਧੀ ਟਾਲ ਮਟੋਲ ਕਰਦੇ ਰਹੇ। ਇਸ ਗੱਲ ਦੀ ਨਿਖੇਧੀ ਕੀਤੀ ਤੇ ਜੇ.ਈ. ਸੁਖਵੰਤ ਸਿੰਘ ਦੇ ਖਿਲਾਫ ਕਾਰਵਾਈ ਦੀ ਮੰਗ ਕੀਤੀ ਜਾਵੇ ਅਤੇ ਕਰਮਚਾਰੀਆਂ ਦਾ ਈ.ਪੀ.ਐਫ. ਕੱਟਿਆ ਜਾਂਦਾ ਹੈ ਜਮ੍ਹਾਂ ਕਰਵਾਇਆ ਜਾਵੇ। ਇਸ ਮੌਕੇ ਮੰਗ ਕੀਤੀ ਗਈ ਕੱਚੇ ਕਰਮਚਾਰੀਆਂ ਦਾ ਵਧੇ ਰੇਟਾਂ ਦਾ ਏਰੀਅਰ ਦਿੱਤਾ ਜਾਵੇ। ਮਾਲੀਆਂ ਦੀ ਡਿਊਟੀ ਸਬੰਧੀ ਜਾਣੂੰ ਕਰਵਾਇਆ ਜਾਵੇ। ਘਾਹ ਕੱਟਣ ਵਾਲੀਆਂ ਮਸ਼ੀਨਾਂ ਪੁਰਾਣੀਆਂ ਹਨ ਨਵੀਆਂ ਲਈਆਂ ਜਾਣ। ਕੱਚੇ ਕਰਮਚਾਰੀਆਂ ਦੇ ਬੋਨਸ ਦਾ ਏਰੀਅਰ ਦਿੱਤਾ ਜਾਵੇ। ਮਾਲੀਆਂ ਤੋਂ ਸੀਨੀਅਰ ਹੈੱਡ ਮਾਲੀ ਲਗਾਏ ਜਾਣ ਅਤੇ ਆਈ ਕਾਰਡ ਬਣਾਏ ਜਾਣ ਆਦਿ ਮੰਗਾਂ ਪੱਤਰ ਵਿੱਚ ਦਰਜ ਮੰਗਾਂ ਦਾ ਹੱਲ ਕੀਤਾ ਜਾਵੇ। ਰੈਲੀ ਨੂੰ ਸੂਬਾਈ ਪ੍ਰਧਾਨ ਸੁਖਦੇਵ ਸਿੰਘ, ਸੈਣੀ ਤੋਂ ਇਲਾਵਾ ਪ੍ਰਧਾਨ ਮੰਗਤ ਰਾਮ, ਸੂਬਾਈ ਵਿੱਤ ਸਕੱਤਰ ,ਸ਼ਿੰਗਾਰਾ ਸਿੰਘ, ਸੁਰਿੰਦਰ ਸਿੰਘ, ਮਨਦੀਪ ਸਿੰਘ, ਤਰਲੋਚਨ ਸਿੰਘ, ਮੰਗਾ ਸਿੰਘ, ਤੇਜਪਾਲ ਸਿੰਘ, ਰਾਜੂ ਪ੍ਰਧਾਨ, ਅਮਰਜੀਤ ਸਿੰਘ, ਸੰਦੀਪ ਕੁਮਾਰ ਨੇ ਸੰਬੋਧਨ ਕਰਦਿਆਂ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕਰਦੇ ਹੋਏ ਰੋਸ ਕਾਰਵਾਈ ਵੱਜੋ 12 ਅਕਤੂਬਰ ਤੋ ਭੁੱਖ ਹੜਤਾਲ 'ਤੇ ਬੈਠਣ ਦਾ ਫੈਸਲਾ ਕੀਤਾ ਗਿਆ।



# ਤਲਵਣ ਛਿੰਝ ਮੇਲੇ 'ਚ ਜੱਸਾ ਪੱਟੀ ਨੇ ਰੋਹਿਤ ਦਿੱਲੀ ਨੂੰ ਹਰਾ ਕੇ ਜਿੱਤਿਆ ਸੋਨੇ ਦਾ ਕੜਾ

**ਬਿਲਗਾ (ਵਿਜੇ ਕੁਮਾਰ)**

ਨੇੜਲੇ ਪਿੰਡ ਤਲਵਣ ਵਿਖੇ ਇਤਿਹਾਸਕ ਛਿੰਝ ਮੇਲਾ ਗੁੱਗਾ ਜਾਹਰ ਪੀਰ ਪਿੰਡ ਤਲਵਣ ਵਿਖੇ ਗੁੱਗਾ ਜਾਹਰ ਪੀਰ ਛਿੰਝ ਕਮੇਟੀ ਵੱਲੋ,ਐਨ.ਆਰ.ਆਈ ਵੀਰ,ਗ੍ਰਾਮ ਪੰਚਾਇਤ ਪਿੰਡ ਤਲਵਣ ਅਤੇ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਦੇ ਨਾਲ ਨੂੰ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਮੌਕੇ 'ਤੇ ਪਟਕੇ ਦੀ ਕੁਸ਼ਤੀ ਜੱਸਾ ਪੱਟੀ ਅਤੇ ਰੋਹਿਤ ਦਿੱਲੀ ਵਿਚਕਾਰ ਹੋਈ, ਜਿਸ ਵਿੱਚ ਜੱਸਾ ਪੱਟੀ ਨੇ ਜਿੱਤ ਪ੍ਰਾਪਤ ਕਰਕੇ ਸਵ: ਨਿਰਮਲ ਸਿੰਘ ਜੌਹਲ ਸਾਬਕਾ ਸਰਪੰਚ ਦੇ ਸਮੂਹ ਪਰਵਾਰ ਵੱਲੋ ਦਿੱਤਾ ਗਿਆ ਸੋਨੇ ਦਾ ਕੜਾ ਜਿੱਤਿਆ ਅਤੇ ਸੈਮੀ ਜੇਤੂ ਨੂੰ 45000 ਰੁਪਏ ਦਾ ਇਨਾਮ ਦਿੱਤਾ ਗਿਆ। ਪਟਕੇ ਦੀ ਦੂਜੀ ਕੁਸ਼ਤੀ ਦਾ ਇਨਾਮ ਜੇਤੂ ਪਹਿਲਵਾਨ ਨੂੰ ਪਰਮਜੀਤ ਸਿੰਘ ਠੇਕੇਦਾਰ ਵੱਲੋਂ 51000 ਰੁਪਏ ਦਿੱਤਾ ਗਿਆ। ਤੀਸਰੀ ਕੁਸ਼ਤੀ ਦਾ ਇਨਾਮ ਬਲਦੇਵ ਸਿੰਘ ਜੌਹਲ ਪਰਵਾਰ ਵੱਲੋ ਜੇਤੂ ਪਹਿਲਵਾਨ ਨੂੰ 31000 ਰੁਪਏ ਦਿੱਤਾ ਗਿਆ ਚੌਥੀ ਕੁਸ਼ਤੀ ਦਾ ਇਨਾਮ ਜਸਵੰਤ ਸਿੰਘ ਹੁੰਦਲ ਨੰਬਰਦਾਰ ਦੇ ਪਰਵਾਰ ਵੱਲੋਂ 21000 ਰੁਪਏ ਦਾ ਇਨਾਮ ਜੇਤੂ ਪਹਿਲਵਾਨ ਨੂੰ ਦਿੱਤਾ ਗਿਆ। ਸੰਤੋਖ ਸਿੰਘ ਚੌਧਰੀ ਮੈਂਬਰ ਪਾਰਲੀਮੈਂਟ ਅਤੇ ਡਾ: ਨਵਜੋਤ ਸਿੰਘ ਦਾਹੀਆ ਹਲਕਾ ਇੰਚਾਰਜ ਕਾਂਗਰਸ ਪਾਰਟੀ ਵੱਲੋਂ ਆਏ ਮਹਿਮਾਨਾਂ ਅਤੇ ਸਹਿਯੋਗ ਕਰਨ ਵਾਲਿਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਬੀਬੀ ਇੰਦਰਜੀਤ ਕੌਰ ਮਾਨ ਵਿਧਾਇਕ ਹਲਕਾ ਨਕੋਦਰ ਦਾ ਪੁਹੰਚਣ ਤੇ ਛਿੰਝ ਕਮੇਟੀ ਵੱਲੋ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਉਨ੍ਹਾਂ ਪਟਕੇ ਦੀ ਕੁਸ਼ਤੀ ਦੀ ਸ਼ੁਰੂਆਤ ਕਰਵਾਈ ਅਤੇ ਸਵ: ਨਿਰਮਲ ਸਿੰਘ ਜੌਹਲ ਪਰਵਾਰ ਵੱਲੋ ਬੁੱਧੂ ਪਹਿਲਵਾਨ ਦਾ ਵਿਸ਼ੇਸ਼ ਸਨਮਾਨ ਕਰਨ ਲਈ ਦਿੱਤੇ ਗਏ ਮੋਟਰਸਾਈਕਲ ਦੀ ਚਾਬੀ ਬੀਬੀ ਇੰਦਰਜੀਤ ਕੌਰ ਮਾਨ ਵਿਧਾਇਕ ਨੇ ਬੁੱਧੂ ਪਹਿਲਵਾਨ ਨੂੰ ਦੇ ਕੇ ਸਨਮਾਨਿਤ ਕੀਤਾ। ਲੰਗਰ ਦੀ ਸੇਵਾ ਸਵ:ਅਵਤਾਰ ਸਿੰਘ ਬਾਸੀ,ਸਵ:ਕੁਲਵਿੰਦਰ ਸਿੰਘ ਬਾਸੀ, ਅਜੀਤ ਸਿੰਘ ਬਾਸੀ ਦੇ ਪਰਵਾਰਾਂ ਵੱਲੋਂ ਕੀਤੀ ਗਈ। ਇਸ ਛਿੰਝ ਮੇਲੇ ਵਿਚ ਅਮਰੀਕ ਸਿੰਘ ਜੌਹਲ, ਬਲਜਿੰਦਰ ਸਿੰਘ ਜੌਹਲ ਯੂ.ਐਸ.ਏ, ਬਲਵਿੰਦਰ ਸਿੰਘ ਸੰਧੂ ਕਨੇਡਾ,ਹਰਮਿੰਦਰ ਸਿੰਘ ਤੱਖਰ ਤਲਵਣ,ਹਰਨੇਕ ਸਿੰਘ ਦੁਸਾਂਝ ਕਨੇਡਾ,ਬਲਵਿੰਦਰ ਸਿੰਘ ਹੁੰਦਲ ਸਰਪੰਚ ਅਤੇ ਸਮੂਹ ਪੰਚਾਇਤ ਤਲਵਣ ਦਾ ਵਿਸ਼ੇਸ਼ ਸਹਿਯੋਗ ਰਿਹਾ। ਗੁਰੂ ਜੀ ਦਾ ਲੰਗਰ ਅਤੁੱਟ ਵਰਤਿਆ। ਮੰਚ ਦਾ ਸੰਚਾਲਨ ਮੱਖਣ ਸ਼ੇਰਪੁਰੀ ਨੇ ਬਾਖੂਬੀ ਨਿਭਾਇਆ। ਇਸ ਮੌਕੇ ਅਮਨਦੀਪ ਸਿੰਘ ਫਰਵਾਲਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਗੁਰਦੀਪ ਸਿੰਘ ਬੰਮਣਵਾਲ ,ਚਰਨ ਸਿੰਘ ਰਾਜੋਵਾਲ,ਬਲਵਿੰਦਰ ਸਿੰਘ ਹੁੰਦਲ ਸਰਪੰਚ ਤਲਵਣ,ਨਰਿੰਦਰ ਕੁਮਾਰ ਪਿੰਕੂ, ਤੇਜਿੰਦਰ ਸਿੰਘ ਬਾਈ, ਸ਼ਮਸ਼ੇਰ ਸਿੰਘ ਹੁੰਦਲ, ਬਲਦੇਵ ਸਿੰਘ ਜੌਹਲ , ਮੇਜਰ ਸਿੰਘ ਜੌਹਲ, ਬਾਬਾ ਰਜਿੰਦਰ ਸਿੰਘ, ਬਾਵਾ ਸਿੰਘ ਤਲਵਣ,ਭੁਪਿੰਦਰ ਸਿੰਘ ,ਰਵੀ ਬਿਆਸ ਅਤੇ ਹੋਰ ਪਤਵੰਤੇ ਹਾਜ਼ਰ ਸਨ।




## ਮਿਠਾਈ 'ਚ ਕੀਤੀ ਜਾ ਰਹੀ ਹੈ ਕੈਮੀਕਲਾਂ ਦੀ ਵਰਤੋਂ

**ਦਸੂਹਾ, (ਲਵਜੀਤ ਸਿੰਘ)**- ਜਿਉਂ-ਜਿਉਂ ਤਿਉਹਾਰਾਂ ਦਾ ਸਮਾਂ ਨਜਦੀਕ ਆ ਰਿਹਾ ਹੈ। ਦਸੂਹਾ ਵਿੱਚ ਮਿਠਾਈ ਦੀਆ ਦੁਕਾਨਾਂ ਵਿੱਚ ਜਨਤਾ ਦੀ ਭੀੜ ਵੀ ਵਧਦੀ ਜਾ ਰਹੀ ਹੈ। ਸ਼ਹਿਰ ਦੀਆਂ ਮਿਠਾਈਆਂ ਦੀਆਂ ਦੁਕਾਨਾਂ 'ਤੇ ਘਟੀਆ ਪੱਧਰ ਦਾ ਕੱਚਾ ਮਾਲ ਵਰਤਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਕਈ ਤਰ੍ਹਾਂ ਦੇ ਕੈਮੀਕਲਾਂ ਦੀ ਵਰਤੋ ਵੀ ਕੀਤੀ ਜਾ ਰਹੀ ਹੈ। ਗਾਹਕਾਂ ਵੱਲੋ ਸ਼ਿਕਾਇਤ ਕਰਨ 'ਤੇ ਵੀ ਉਨ੍ਹਾਂ ਦੀ ਸੁਣਵਾਈ ਨਹੀਂ ਹੋ ਰਹੀ ਹੈ। ਇਹ ਇਕ ਤ੍ਹਾਂ ਨਾਲ ਮਨੁੱਖੀ ਜਾਨਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਸਿਹਤ ਵਿਭਾਗ ਕੋਈ ਕਾਰਵਾਈ ਨਹੀਂ ਕਰ ਰਿਹਾ ਹੈ।

## ਸੰਤੋਖਪੁਰਾ ਨਿਵਾਸੀਆਂ ਵੱਲੋਂ ਬੱਚਿਆਂ ਦਾ ਭਵਿੱਖ ਬਚਾਉਣ ਲਈ ਨਸ਼ਾ ਮੁਕਤ ਫਰੰਟ ਦਾ ਗਠਨ

**ਫਿਲੌਰ (ਨਿਰਮਲ)**- ਮੁਹੱਲਾ ਸੰਤੋਖਪੁਰਾ ਦੇ ਪਤਵੰਤੇ ਸੱਜਣਾਂ ਦੀ ਭਰਵੀਂ ਮੀਟਿੰਗ ਜੰਜਘਰ ਵਿਖੇ ਮਾਸਟਰ ਹੰਸ ਰਾਜ ਦੀ ਅਗਵਾਈ ਵਿੱਚ ਹੋਈ। ਜਿਸ ਵਿੱਚ ਨਸ਼ਿਆ ਤੋਂ ਤੰਗ ਆਏ ਲੋਕਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਸਰਵਸੰਮਤੀ ਨਾਲ ਮਤਾ ਪਾਸ ਕਰਕੇ ਨਸ਼ਿਆ ਵਿਰੁੱਧ ਜਾਗਰਿਤੀ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਤਾਂ ਜੋ ਸ਼ਹਿਰ ਦੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਇਆ ਜਾਵੇ। ਇਸ ਸਮੇਂ ਫਰੰਟ ਦੇ ਆਗੂਆਂ ਨੇ ਨਸ਼ਾ ਤਸਕਰਾਂ ਨੂੰ ਵੀ ਵਾਰਨਿੰਗ ਦਿੱਤੀ ਕਿ ਅਗਰ ਮੁਹੱਲੇ ਵਿੱਚ ਕੋਈ ਨਸ਼ਾ ਵੇਚਦਾ ਫੜਿਆ ਗਿਆ ਤਾਂ ਉਸ ਵਿਰੁੱਧ ਸਖਤ ਐਕਸ਼ਨ ਸਾਂਝੇ ਤੌਰ 'ਤੇ ਲਿਆ ਜਾਵੇਗਾ। ਇਸ ਸਮੇਂ ਨਸ਼ਾ ਮੁਕਤ ਫਰੰਟ ਮੁਹੱਲਾ ਸੰਤੋਖਪੁਰਾ ਦਾ ਗਠਨ ਕਰਕੇ ਆਰਜੀ ਕਮੇਟੀ ਕਾਇਮ ਕੀਤੀ ਗਈ ਜਿਸ ਵਿੱਚ ਡਾ ਅਸ਼ੋਕ ਕੁਮਾਰ, ਕਾਮਰੇਡ ਜਰਨੈਲ ਫਿਲੌਰ, ਹੰਸ ਰਾਜ, ਭਾਰਤੀ, ਡਾਕਟਰ ਸੰਦੀਪ ਕੁਮਾਰ, ਦਲਵਿੰਦਰ ਕੁਮਾਰ ਕਾਕਾ, ਸਤਨਾਮ ਸੱਤੀ, ਹਰਬੰਸ ਲਾਲ, ਮੋਹਣੀ, ਬਲਵੀਰ ਕੁਮਾਰ, ਜਸਵਿੰਦਰ ਕੁਮਾਰ, ਜਗਰੂਪ ਸਿੰਘ, ਜਸਵੰਤ ਰਾਏ, ਹਨੀ, ਵਿਜੇ ਕੁਮਾਰ, ਰਿੰਕੂ, ਸੋਨੀ ਅਤੇ ਟੇਲਰ ਮਾਸਟਰ ਆਦਿ ਸ਼ਾਮਲ ਕੀਤੇ ਗਏ। ਕਮੇਟੀ ਮੈਂਬਰਾਂ ਨੇ ਦੱਸਿਆ ਕਿ ਜਲਦੀ ਹੀ ਅਗਲੀ ਮੀਟਿੰਗ ਕਰਕੇ ਕਮੇਟੀ ਦਾ ਵਿਸਤਾਰ ਕੀਤਾ ਜਾਵੇਗਾ ਅਤੇ ਅਗਲਾ ਪ੍ਰੋਗਰਾਮ ਦਿੱਤਾ ਜਾਵੇਗਾ।

# ਜਾਅਲੀ ਡਿਗਰੀਆਂ ਦੀ ਜਾਂਚ 'ਚ ਇਮਾਨਦਾਰੀ ਨਹੀਂ

**ਮੋਹਾਲੀ, (ਗੁਰਜੀਤ ਬਿੱਲਾ)**-ਡੀ ਪੀ ਆਈ (ਸਸ) ਵੱਲੋਂ ਪ੍ਰਮੋਸ਼ਨ ਅਧੀਨ 107 ਹੈੱਡਮਾਸਟਰਾਂ ਅਤੇ 709 ਲੈਕਚਰਾਰਾਂ ਦੀਆਂ ਡਿਗਰੀਆਂ ਅਤੇ ਉਹਨਾਂ ਡਿਗਰੀਆਂ ਦੇਣ ਵਾਲੀਆਂ ਯੂਨੀਵਰਸਿਟੀਆਂ ਦੀ ਜਾਂਚ ਕਰਨ ਦੇ ਹੁਕਮਾਂ ਉੱਤੇ ਸਖਤ ਟਿੱਪਣੀ ਕਰਦਿਆਂ ਹੋਇਆਂ ਜੀ ਟੀ ਯੂ ਦੇ ਸਾਬਕਾ ਸੂਬਾਈ ਆਗੂਆਂ ਸੁੱਚਾ ਸਿੰਘ ਖੱਟੜਾ ਤੇ ਹਰਨੇਕ ਸਿੰਘ ਮਾਵੀ ਨੇ ਸਾਂਝੇ ਤੌਰ 'ਤੇ ਕਿਹਾ ਕਿ ਵਿਭਾਗੀ ਪੜਤਾਲ ਵਿੱਚ ਇਮਾਨਦਾਰੀ ਨਹੀਂ ਹੈ। ਆਪਣੇ ਨੁਕਤੇ ਉਤੇ ਪ੍ਰਮਾਣ ਦਿੰਦਿਆਂ ਆਗੂਆਂ ਕਿਹਾ ਪ੍ਰਮੋਸ਼ਨਾਂ ਵੇਲੇ ਹੀ ਪੜਤਾਲ ਨਾ ਕਰਵਾਉਣਾ ਅਤੇ ਸਿੱਖਿਆ ਵਿਭਾਗ ਅੰਦਰ ਜਾਅਲੀ ਡਿਗਰੀਆਂ ਦੀ ਸਮਾਂਬੱਧ ਪੜਤਾਲ ਲਈ ਹੁਣ ਤੱਕ ਉੱਕਾ ਹੀ ਕੋਈ ਯਤਨ ਨਾ ਕਰਨਾ ਵੱਡੇ ਪ੍ਰਮਾਣ ਹਨ। ਆਗੂਆਂ ਕਿਹਾ ਕਿ ਇਸ ਮੁੱਦੇ ਉਤੇ ਜਗਿਆਸੂ ਕਿਸਮ ਦੇ ਲੋਕ ਆਰ ਟੀ ਆਈ ਰਾਹੀਂ ਦਸਤਾਵੇਜ਼ੀ ਸਬੂਤ ਲੈ ਕੇ ਮਾਣਯੋਗ ਪੰਜਾਬ ਹਰਿਆਨਾ ਹਾਈਕੋਰਟ ਜਾ ਪਹੁੰਚੇ ਹਨ। ਵਿਭਾਗ ਦੀ ਢਿੱਲ ਮੱਠ ਕਾਰਨ ਅਦਾਲਤੀ ਫੈਸਲੇ ਵਿੱਚ ਦੇਰੀ ਕਰਕੇ ਸਿੱਖਿਆ ਵਿਭਾਗ ਇਸ ਜਾਅਲਸਾਜ਼ੀ ਨੂੰ ਨਿਸਚਿੰਤ ਰਹਿਣ ਦੇ ਸੰਕੇਤ ਦੇ ਰਿਹਾ ਹੈ। ਆਗੂਆਂ ਕਿਹਾ ਕਿ ਇਸ ਜਾਅਲੀ ਡਿਗਰੀਆਂ ਦੇ ਧੰਦੇ ਕਾਰਨ ਸਿੱਖਿਆ ਵਿਭਾਗ ਵਿੱਚ ਹਜ਼ਾਰਾਂ ਅਤੇ ਹੋਰ ਵਿਭਾਗਾਂ ਅੰਦਰ ਸੈਂਕੜੇ ਹੱਕਦਾਰਾਂ ਨਾਲ ਸਰਕਾਰਾਂ ਵੱਲੋਂ ਪਾਪ ਕੀਤਾ ਜਾਂਦਾ ਰਿਹਾ ਹੈ। ਆਗੂਆਂ ਕਿਹਾ ਕਿ ਨਵੀਂ ਸਰਕਾਰ ਦਾ ਜਿਵੇਂ ਜਿਵੇਂ ਸਮਾਂ ਬੀਤ ਰਿਹਾ ਹੈ, ਉਵੇਂ-ਉਵੇਂ ਇਨਸਾਫ ਲਈ ਉਮੀਦ ਧੁੰਦਲੀ ਪੈ ਰਹੀ ਹੈ। ਖੱਟੜਾ ਅਤੇ ਮਾਵੀ ਨੇ ਦਾਅਵਾ ਕੀਤਾ ਕਿ ਜਾਅਲੀ ਡਿਗਰੀਆਂ ਵਾਲੇ ਮਿਆਰੀ ਸਿੱਖਿਆ ਵਿੱਚ ਵੱਡੀ ਰੁਕਾਵਟ ਹਨ, ਪ੍ਰੰਤੂ ਸਰਕਾਰ ਅਤੇ ਸਾਰੇ ਵਿਭਾਗ ਅਮਲੀਆਂ ਦੀ ਨੀਂਦ ਸੁੱਤੇ ਪਏ ਹਨ।

# ਪੰਜਾਬ ਸਰਕਾਰ ਨੇ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਿਕ ਦੀਆਂ ਮੰਗਾਂ ਮੰਨੀਆਂ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**

ਸੰਯੁਕਤ ਮੋਰਚਾ ਗੈਰ ਰਾਜਨੀਤਿਕ ਵੱਲੋਂ ਪੰਜਾਬ ਸਰਕਾਰ ਨਾਲ ਹੋਈ 2 ਅਗਸਤ ਦੀ ਮੀਟਿੰਗ ਵਿੱਚ ਮੰਨੀਆਂ ਗਈਆਂ ਮੰਗਾਂ ਦੀ ਵਾਅਦਾ ਖਿਲਾਫੀ ਅਤੇ ਉਹਨਾਂ ਮੰਗਾਂ ਨੂੰ ਲਾਗੂ ਕਰਵਾਉਣ ਦੇ ਰੋਸ ਵਜੋਂ ਅਤੇ ਝੋਨੇ ਦੀ ਪਰਾਲੀ, ਝੋਨੇ ਦੀ ਫਸਲ ਦਾ ਦਾਣਾ ਦਾਣਾ ਚੁਕਵਾਉਣ, ਖੰਡ ਮਿੱਲਾਂ 5 ਨਵੰਬਰ ਤੋਂ ਚਾਲੂ ਕਰਨ ਆਦਿ ਮੰਗਾਂ ਨੂੰ ਲੈ ਕੇ ਪੰਜਾਬ ਵਿੱਚ ਮਾਝਾ, ਮਾਲਵਾ, ਦੋਆਬਾ ਵਿੱਚ ਸਰਹਿੰਦ, ਫਿਰੋਜ਼ਪੁਰ, ਮਲੋਟ, ਮੁਕੇਰੀਆਂ, ਹਰੀਕੇ, ਫਾਜਿਲਕਾ, ਮੋਗਾ, ਧਾਰੀਵਾਲ, ਮਾਨਾਂਵਾਲ ਅਮ੍ਰਿਤਸਰ, ਤਪਾਮੰਡੀ, ਵਿੱਚ ਅਣਮਿੱਥੇ ਸਮੇਂ ਲਈ ਨੈਸ਼ਨਲ ਹਾਈਵੇ ਜਾਮ ਕੀਤੇ ਗਏ। ਇਸ ਮੌਕੇ ਗੈਰ ਰਾਜਨੀਤਿਕ ਸ਼ਖੰ ਦੇ ਆਗੂਆਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਦੇ ਮਸਲਿਆਂ ਸਬੰਧੀ ਮਾਣਯੋਗ ਮੁੱਖ ਮੰਤਰੀ ਭਗਵੰਤ ਮਾਨ ਨਾਲ ਸੰਯੁਕਤ ਕਿਸਾਨ ਮੋਰਚਾ ਗ਼ੈਰ ਰਾਜਨੀਤਕ ਦੀ 2 ਅਗਸਤ ਨੂੰ ਹੋਈ ਮੀਟਿੰਗ ਵਿਚ ਸਰਕਾਰ ਵੱਲੋ ਕਿਸਾਨਾਂ ਨਾਲ ਕੀਤੇ ਗਏ ਵਾਅਦੇ ਅਜੇ ਤੱਕ ਪੂਰੇ ਨਹੀਂ ਕੀਤੇ ਗਏ। ਜਿਵੇਂ ਕਿ ਸਰਕਾਰ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਗੰਨੇ ਦੀ ਸਾਰੀ ਬਕਾਇਆ ਰਾਸ਼ੀ ਦੀ ਅਦਾਇਗੀ 7 ਸਤੰਬਰ ਤੱਕ ਕਰ ਦਿੱਤੀ ਜਾਵੇਗੀ ਪਰ ਸਰਕਾਰ ਨੇ ਅਜੇ ਤੱਕ ਸਰਕਾਰੀ ਖੰਡ ਮਿੱਲਾਂ ਦਾ ਪੈਸਾ ਹੀ ਜਾਰੀ ਕੀਤਾ ਹੈ ਅਤੇ ਪ੍ਰਾਈਵੇਟ ਮਿੱਲਾਂ ਦਾ ਪੈਸਾ ਉਸੇ ਤਰ੍ਹਾਂ ਬਾਕੀ ਪਿਆ ਹੈ ਉਸ ਨੂੰ ਜਾਰੀ ਕਰਵਾਉਣ ਲਈ ਅਤੇ ਅੱਗੇ ਤੋਂ ਗੰਨੇ ਦੀ ਫਸਲ ਦੀ ਕਾਊਂਟਰ ਪੇਮੈਂਟ ਯਕੀਨੀ ਬਣਾਉਣ ਲਈ ਅਤੇ ਗੰਨੇ ਦਾ ਭਾਅ ਲਾਗਤ ਮੁੱਲ ਅਨੁਸਾਰ ਮਿੱਥਣ ਲਈ, ਕਿਸਾਨੀ ਸੰਘਰਸ ਦੇ ਸ਼ਹੀਦ ਕਿਸਾਨਾਂ ਦੇ ਇਕ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ ਰਹਿੰਦੇ ਪ੍ਰੀਵਾਰਾ ਨੂੰ 5 ਲੱਖ ਦਾ ਮੁਆਵਜਾ ਦੇਣ, ਕਣਕ ਦੀ ਫਸਲ ਉੱਪਰ ਬੋਨਸ, ਖੇਤੀਬਾੜੀ ਮਹਿਕਮੇ ਦੀ ਲਾਪ੍ਰਵਾਹੀ ਅਤੇ ਚਿੱਟੇ ਮੱਛਰ ਕਾਰਨ ਨੁਕਸਾਨੇ ਨਰਮੇ ਦਾ ਮੁਆਵਜਾ, ਗੜੇਮਾਰੀ ਨਾਲ ਖਰਾਬ ਹੋਈ ਬਾਸਮਤੀ ਅਤੇ ਘਾਟੇ ਵਿੱਚ ਵਿਕੀ ਅਤੇ ਖੇਤਾਂ 'ਚ ਖਰਾਬ ਹੋਈ ਮੂੰਗੀ ਦੇ ਨੁਕਸਾਨ ਦੀ ਪੂਰਤੀ ਆਦਿ ਮੀਟਿੰਗ ਵਿੱਚ ਮੰਨੀਆਂ ਗਈਆਂ ਦੀ ਪੂਰਤੀ ਲਈ ਨੈਸਨਲ ਹਾਈਵੇ ਧਰਨਾ ਦੇ ਕੇ ਬੰਦ ਕਰਨ ਲਈ ਮਜਬੂਰ ਹੋਣਾ ਪਿਆ ਜਿਸ ਉਪਰੰਤ ਕਿਸਾਨਾਂ ਦੇ ਰੋਹ ਅੱਗੇ ਝੁਕਦੇ ਹੋਏ ਸਰਕਾਰ ਵੱਲੋਂ ਦੋ ਮੰਗਾਂ ਨੂੰ ਫੌਰੀ ਤੌਰ ਤੇ ਮੰਨ ਕੇ ਖੇਤੀਬਾੜੀ ਮੰਤਰੀ ਨੇ ਐਲਾਨ ਕੀਤਾ ਤੇ ਕਿਹਾ ਕਿ ਝੋਨੇ ਦੀ ਫਸਲ ਲਈ ਕੋਈ ਖਰੀਦ ਲਿਮਟ ਦੀ ਸ਼ਰਤ ਨਹੀ ਹੋਵੇਗੀ ਤੇ ਝੋਨੇ ਦਾ ਦਾਣਾ-ਦਾਣਾ ਚੁੱਕਿਆ ਜਾਵੇਗਾ ਅਤੇ ਸੂਬੇ ਭਰ ਦੀਆ ਸਾਰੀਆਂ ਖੰਡ ਮਿੱਲਾਂ 5 ਨਵੰਬਰ ਤੱਕ ਚਾਲੂ ਕਰ ਦਿੱਤੀਆ ਜਾਣਗੀਆਂ ਅਤੇ ਬਾਕੀ ਰਹਿਦੀਆਂ ਮੰਗਾਂ ਲਈ 6 ਅਕਤੂਬਰ ਨੂੰ ਮਾਣਯੋਗ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ ਤੈਅ ਹੋਣ ਉਪਰੰਤ ਅਣਮਿੱਥੇ ਸਮੇਂ ਦਾ ਚੱਕਾ ਜਾਮ 6 ਅਕਤੂਬਰ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ ਅਤੇ ਆਗੂਆਂ ਨੇ ਕਿਹਾ 6 ਤਾਰੀਕ ਦੀ ਮੀਟਿੰਗ ਦੇ ਵਿੱਚ ਆਉਣ ਵਾਲੇ ਨਤੀਜੇ ਨੂੰ ਦੇਖਿਆ ਜਾਵੇਗਾ ਅਤੇ ਜੇਕਰ ਲੋੜ ਪਈ ਤਾਂ ਉਸ ਤੋ ਬਾਅਦ ਅੰਦੋਲਨ ਨੂੰ ਹੋਰ ਤਿੱਖਾ ਤੇ ਤੇਜ਼ ਕੀਤਾ ਜਾਵੇਗਾ।

# ਸੁਰਜੀਤ ਹਾਕੀ ਸੁਸਾਇਟੀ : ਰਣਬੀਰ ਸਿੰਘ ਟੁੱਟ ਆਨਰੇਰੀ ਸਕੱਤਰ ਤੇ ਸੁਰਿੰਦਰ ਸਿੰਘ ਭਾਪਾ ਜਨਰਲ ਸਕੱਤਰ ਬਣੇ

ਜਲੰਧਰ (ਸ਼ੈਲੀ ਐਲਬਰਟ) : ਰਣਬੀਰ ਸਿੰਘ ਟੁੱਟ ਅਤੇ ਸੁਰਿੰਦਰ ਸਿੰਘ ਭਾਪਾ ਨੂੰ ਦੇਸ਼ ਦੀ ਨਾਮੀ ਖੇਡ ਸੰਸਥਾ ਸੁਰਜੀਤ ਹਾਕੀ ਸੁਸਾਇਟੀ, ਜਲੰਧਰ ਦਾ ਕ੍ਰਮਵਾਰ ਆਨਰੇਰੀ ਸਕੱਤਰ ਅਤੇ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ । ਜਲੰਧਰ ਦੇ ਡਿਪਟੀ ਕਮਿਸ਼ਨਰ ਤੇ ਸੁਰਜੀਤ ਹਾਕੀ ਸੁਸਾਇਟੀ ਦੇ ਪ੍ਰਧਾਨ ਜਸਪ੍ਰੀਤ ਸਿੰਘ, ਆਈ.ਏ.ਐੱਸ. ਵੱਲੋਂ ਜਾਰੀ ਹੁਕਮਾਂ ਅਨੁਸਾਰ 27 ਅਕਤੂਬਰ ਤੋਂ ਸਥਾਨਕ ਸੁਰਜੀਤ ਹਾਕੀ ਸਟੇਡੀਅਮ ਵਿਖੇ ਸ਼ੁਰੂ ਹੋ ਰਹੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ 39ਵੇਂ ਸੁਰਜੀਤ ਹਾਕੀ ਟੂਰਨਾਮੈਂਟ ਨੂੰ ਦੇਖਦੇ ਹੋਏ ਰਣਬੀਰ ਸਿੰਘ ਟੁੱਟ ਅਤੇ ਸੁਰਿੰਦਰ ਸਿੰਘ ਭਾਪਾ ਨੂੰ ਦੇਸ਼ ਦੀ ਨਾਮੀ ਖੇਡ ਸੰਸਥਾ ਸੁਰਜੀਤ ਹਾਕੀ ਸੁਸਾਇਟੀ, ਜਲੰਧਰ ਦਾ ਕ੍ਰਮਵਾਰ ਆਨਰੇਰੀ ਸਕੱਤਰ ਅਤੇ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ । ਇਹਨਾਂ ਹੁਕਮਾਂ ਵਿੱਚ ਸਾਬਕਾ ਜਨਰਲ ਸਕੱਤਰ ਅਤੇ ਆਨਰੇਰੀ ਸਕੱਤਰ ਇਕਬਾਲ ਸਿੰਘ ਸੰਧੂ, ਪੀ.ਸੀ.ਐਸ. (ਸੇਵਾ ਮੁਕਤ) ਨੂੰ ਸੁਰਜੀਤ ਹਾਕੀ ਸੁਸਾਇਟੀ ਵੱਲੋਂ ਚਲਾਈ ਜਾ ਰਹੀ ਸੁਰਜੀਤ ਹਾਕੀ ਅਕੈਡਮੀ, ਜਲੰਧਰ ਦਾ ਕੰਮ ਕਾਜ ਬਤੌਰ ਸੀ.ਈ.ਓ. ਦੇਖਦੇ ਰਹਿਣ ਨੂੰ ਕਿਹਾ ਗਿਆ ਹੈ । ਵਰਨਣਯੋਗ ਹੈ ਕਿ ਇਕਬਾਲ ਸਿੰਘ ਸੰਧੂ ਨੇ ਇਹਨਾਂ ਅਹੁਦਿਆਂ ਤੋਂ ਨਿੱਜੀ ਕਾਰਨਾਂ ਕਰਕੇ ਸਾਲ 2021 ਵਿਚ ਅਸਤੀਫਾ ਦੇ ਦਿੱਤਾ ਸੀ ।





## ਦੁਸਹਿਰੇ ਮੌਕੇ ਮੈਡੀਕਲ ਤੇ ਖ਼ੂਨਦਾਨ ਕੈਂਪ ਲਗਾਇਆ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**-ਸ੍ਰੀ ਅਕਾਲ ਉਸਤਿਤ ਸੇਵਾ ਮਿਸ਼ਨ ਸ੍ਰੀ ਚਮਕੌਰ ਸਾਹਿਬ ਵਲੋਂ ਦੁਸਹਿਰੇ 'ਤੇ ਮੈਡੀਕਲ ਚੈਕਅੱਪ ਅਤੇ ਖ਼ੂਨਦਾਨ ਕੈਂਪ ਲਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅਜ਼ਾਦ ਪ੍ਰੈਸ ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਨੇ ਦੱਸਿਆ ਕਿ ਇਹ ਕੈਂਪ ਸਵੇਰੇ 9 ਵਜੇ ਤੋਂ ਲੈ ਕੇ 2 ਵਜੇ ਤਕ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਮੇਨ ਚੌਂਕ ਦੇ ਸਾਹਮਣੇ ਲਾਇਆ ਜਾਵੇਗਾ। ਇਸ ਮੌਕੇ ਡਾ. ਪਾਲ ਚੌਧਰੀ, ਡਾ. ਕੁਲਜੀਤ ਸਿੰਘ ਸਿਹਤ ਸੇਵਾਵਾਂ ਨਿਭਾਉਣਗੇ, ਜਦਕਿ ਕੈਂਪ ਦੀ ਸਮਾਪਤੀ ਉਪਰੰਤ ਜਥੇਦਾਰ ਭਾਈ ਬਿਕਰਮਜੀਤ ਸਿੰਘ ਦੀ ਅਗਵਾਈ ਵਿਚ ਇੰਟਰਨੈਸ਼ਨਲ ਜਥਾ ਗੁਰਸੂਹਾ ਗੱਤਕਾ ਗਰੁੱਪ ਬਲਾਚੌਰ ਸ਼ਾਮ ਨੂੰ 3 ਵਜੇ ਤੋਂ ਲੈ ਕੇ ਸ਼ਾਮ ਦੇ 6 ਵਜੇ ਤਕ ਗੱਤਕੇ ਦੇ ਜੌਹਰ ਦਿਖਾਉਣਗੇ।

## ਸੰਧਵਾਂ ਵੱਲੋਂ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਨ ਤੇ ਉਚ ਕਦਰਾਂ-ਕੀਮਤਾਂ ਅਪਨਾਉਣ ਦੀ ਸਲਾਹ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਵਿਧਾਨ ਸਭਾ ਦੇ ਸਮਾਗਮ ਦੀ ਕਾਰਵਾਈ ਦੇਖਣ ਆਏ ਸਕੂਲੀ ਵਿਦਿਆਰਥੀਆਂ ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਖਤ ਮਿਹਨਤ ਕਰਨ ਅਤੇ ਉਚ ਕਦਮਾਂ ਕੀਮਤਾਂ ਅਪਨਾਉਣ ਦੀ ਸਲਾਹ ਦਿੱਤੀ ਹੈ ਤਾਂ ਜੋ ਭਵਿੱਖ ਵਿੱਚ ਹੋਰ ਵੀ ਵਧੀਆ ਤਰੀਕੇ ਨਾਲ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਅਗਲੇ ਵਿਧਾਨ ਸਭਾ ਸਮਾਗਮ ਦੌਰਾਨ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਸਦਨ ਦੀ ਕਾਰਵਾਈ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।16 ਵੀਂ ਪੰਜਾਬ ਵਿਧਾਨ ਸਭਾ ਦੇ ਆਖਰੀ ਦਿਨ ਸਦਨ ਦੀ ਕਾਰਵਾਈ ਦੇਖਣ ਆਏ ਵਿਦਿਆਰਥੀਆਂ ਨੂੰ ਸੰਧਵਾਂ ਨੇ ਦੇਸ਼ ਦਾ ਭਵਿੱਖ ਦੱਸਿਆ। ਵਿਦਿਆਰਥੀਆਂ ਨੂੰ ਸੰਬੋਧਤ ਹੁੰਦੇ ਹੋਏ ਸੰਧਵਾਂ ਨੇ ਕਿਹਾ ਕਿ ਭਵਿੱਖ ਵਿੱਚ ਤੁਸੀਂ ਦੇਸ਼ ਦੀ ਵਾਗਡੋਰ ਸੰਭਾਲਣੀ ਹੈ। ਇਸ ਕਰਕੇ ਤੁਹਾਨੂੰ ਦ੍ਰਿੜ ਇੱਛਾ ਸ਼ਕਤੀ ਦੇ ਨਾਲ ਮਿਹਨਤ ਕਰਨੀ ਚਾਹੀਦੀ ਹੈ ਤਾਂ ਜੋ ਦੇਸ਼ ਦਾ ਨਿਰਮਾਣ ਵਧੇਰੇ ਤੀਬਰ ਗਤੀ ਨਾਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜਿਸ ਦੇਸ਼ ਜਾਂ ਕੌਮ ਦੇ ਵਿਦਿਆਰਥੀ ਉਚ ਅਨੁਸ਼ਾਸ਼ਿਤ ਅਤੇ ਕਦਰਾਂ-ਕੀਮਤਾਂ ਵਾਲੇ ਹੋਣਗੇ, ਉਸ ਦੇਸ਼ ਜਾਂ ਕੌਮ ਦਾ ਭਵਿੱਖ ਪੂਰੀ ਤਰ੍ਹਾਂ ਸੁੱਰਖਿਅਤ ਹੋਵੇਗਾ। ਸੰਧਵਾਂ ਨੇ ਵਿਦਿਆਰਥੀਆਂ ਦੇ ਵਿਦਿਅਕ ਟੂਰਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਤਾਂ ਉਹ ਘੁੰਮ-ਫਿਰ ਕੇ ਵਧੇਰੇ ਪ੍ਰਭਾਵੀ ਢੰਗ ਨਾਲ ਗਿਆਨ ਹਾਸਲ ਕਰ ਸਕਣ। ਉਨ੍ਹਾਂ ਕਿਹਾ ਕਿ ਵਿਦਿਅਕ ਟੂਰ ਵਿਦਿਆਰਥੀਆਂ ਦੇ ਗਿਆਨ ਪ੍ਰਾਪਤੀ ਦੇ ਯਤਨਾਂ ਵਿੱਚ ਵਾਧਾ ਕਰਦੇ ਹਨ। ਇਸ ਲਈ ਇਹ ਵਿਦਿਆਰਥੀਆਂ ਦੀ ਪੜ੍ਹਾਈ ਦਾ ਲਾਜ਼ਮੀ ਹਿੱਸਾ ਹੋਣੇ ਚਾਹੀਦੇ ਹਨ। ਇਸ ਤੋਂ ਪਹਿਲਾਂ ਸਪੀਕਰ ਨੇ ਵਿਦਿਆਰਥੀਆਂ ਨੂੰ ਦੁਪਹਿਰ ਦਾ ਭੋਜ ਦਿੱਤਾ। ਸੰਧਵਾਂ ਦੀ ਧਰਮ ਪਤਨੀ ਸ੍ਰੀਮਤੀ ਗੁਰਪ੍ਰੀਤ ਕੌਰ ਸੰਧਵਾਂ ਨੇ ਵਿਦਿਆਰਥੀਆਂ ਦੇ ਨਾਲ ਦੁਪਹਿਰ ਦਾ ਖਾਣਾ ਖਾਧਾ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਦ੍ਰਿੜ ਇਰਾਦੇ ਨਾਲ ਪੜ੍ਹਾਈ ਕਰਨ ਲਈ ਆਖਿਆ। ਇਸ ਦੌਰਾਨ ਵਿਦਿਆਰਥੀ ਇਸ ਸਮੇਂ ਦੌਰਾਨ ਪੂਰੀ ਤਰ੍ਹਾਂ ਖੁਸ਼ ਦਿਖਾਈ ਦਿੱਤੇ ਅਤੇ ਉਨ੍ਹਾਂ ਨੇ ਨੇ ਪੂਰੀ ਉਤਸੁਕਤਾ ਨਾਲ ਸਦਨ ਦੀ ਕਾਰਵਾਈ ਦੇਖੀ। ਇਸੇ ਦੌਰਾਨ ਹੀ ਵਿਧਾਨ ਸਭਾ ਦੇ ਸਪੀਕਰ ਸੰਧਵਾਂ ਦੇ ਮਾਤਾ ਸ੍ਰੀਮਤੀ ਗੁਰਮੇਲ ਕੌਰ ਅਤੇ ਧਰਮ ਪਤਨੀ ਸ੍ਰੀਮਤੀ ਗੁਰਪ੍ਰੀਤ ਕੌਰ ਸੰਧਵਾਂ ਨੇ ਵੀ ਵਿਧਾਨ ਸਭਾ ਦੀ ਕਾਰਵਾਈ ਦੇਖੀ।

# ਸਰਕਾਰੀ ਆਈ ਟੀ ਆਈ ਨੰਗਲ ਨੂੰ ਹਰਾ ਭਰਾ ਰੱਖਣ ਲਈ ਵਿਆਪਕ ਉਪਰਾਲੇ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**

ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਆਈ ਟੀ ਆਈ) ਨੰਗਲ ਵਿਖੇ ਸੰਸਥਾ ਨੂੰ ਹਰਿਆ ਭਰਿਆ ਰੱਖਣ ਲਈ ਚਲਾਈ ਗਈ ਮੁਹਿੰਮ ਲਗਾਤਾਰ ਜਾਰੀ ਹੈ। ਸੰਸਥਾ ਦੇ ਪ੍ਰਿੰਸੀਪਲ ਲਲਿਤ ਮੋਹਨ ਚੌਧਰੀ ਵੱਲੋਂ ਹੁਣ ਤਕਿ 50 ਤੋਂ ਵੱਧ ਛਾਂਦਾਰ ਬੂਟੇ ਲਗਵਾਏ ਹਨ। ਪ੍ਰਿੰਸੀਪਲ ਲਲਿਤ ਮੋਹਨ ਚੌਧਰੀ ਦੀ ਅਗਵਾਈ ਹੇਠ ਸੰਸਥਾ ਦੇ ਸਟਾਫ਼ ਨੇ ਬੂਟੇ ਲਗਾ ਕੇ ਸ਼ਲਾਘਾਯੋਗ ਉਪਰਾਲਾ ਕੀਤਾ ਹੈ। ਸੰਸਥਾ ਦੀ ਸੀਨੀਅਰ ਸਹਾਇਕ ਸ੍ਰੀਮਤੀ ਮਹਿੰਦਰ ਕੌਰ ਨੇ ਆਪਣੇ ਜਨਮ ਦਿਨ 'ਤੇ ਸੰਸਥਾ ਵਿੱਚ ਛਾਂਦਾਰ ਬੂਟੇ ਲਗਵਾਏ। ਮੈਡਮ ਮਹਿੰਦਰ ਕੌਰ ਵੱਲੋਂ ਕੀਤੇ ਇਸ ਉਪਰਾਲੇ ਦੀ ਪ੍ਰਿੰਸੀਪਲ ਸਮੇਤ ਸਮੂਹ ਸਟਾਫ ਨੇ ਸ਼ਲਾਘਾ ਕੀਤੀ। ਇਸ ਮੌਕੇ ਪ੍ਰਿੰਸੀਪਲ ਲਲਿਤ ਮੋਹਨ ਚੌਧਰੀ ਨੇ ਜਿੱਥੇ ਉਨ੍ਹਾਂ ਸਮੂਹ ਸਟਾਫ ਨੂੰ ਵਧ ਰਹੇ ਪ੍ਰਦੂਸ਼ਣ ਵਿੱਚ ਸ਼ੁੱਧ ਵਾਤਾਵਰਨ ਲਿਆਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਅਪੀਲ ਕੀਤੀ ਹੈ ਉਥੇ ਸੰਸਥਾ ਦੇ ਸਿਖਿਆਰਥੀਆਂ ਵੱਲੋਂ ਵੀ ਪ੍ਰਿੰਸੀਪਲ ਅਤੇ ਸਮੂਹ ਸਟਾਫ ਨੂੰ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ। ਪ੍ਰਿੰਸੀਪਲ ਚੌਧਰੀ ਨੇ ਕਿਹਾ ਕਿ ਵਾਤਾਵਰਨ ਜਹਿਰੀਲੀਆਂ ਗੈਸਾਂ ਨਾਲ ਪ੍ਰਦੂਸ਼ਤ ਹੋ ਚੁੱਕਾ ਹੈ। ਸਾਨੂੰ ਸਾਰਿਆਂ ਨੂੰ ਇਕ ਇਕ ਬੂਟਾ ਲਗਵਾਉਣਾ ਚਾਹੀਦਾ ਹੈ ਤਾਂ ਜੋ ਵਾਤਾਵਰਨ ਨੂੰ ਸ਼ੁੱਧ ਬਣਾਇਆ ਜਾ ਸਕੇ। ਭਵਿੱਖ ਵਿੱਚ ਉਨ੍ਹਾਂ ਵੱਲੋਂ ਇਸ ਤਰ੍ਹਾਂ ਦੇ ਉਪਰਾਲੇ ਜਾਰੀ ਰਹਿਣਗੇ। ਦਫਤਰੀ ਦਫ਼ਤਰੀ ਸੁਪਰਡੈਂਟ ਹਰਵਿੰਦਰ ਸਿੰਘ ਕਾਹਲੋਂ ਨੇ ਸੀਨੀਅਰ ਸਹਾਇਕ ਮਹਿੰਦਰ ਕੌਰ ਦੇ ਇਸ ਉਪਰਾਲੇ ਨੂੰ ਇੱਕ ਵਧੀਆ ਸ਼ਲਾਘਾਯੋਗ ਕਦਮ ਦੱਸਿਆ। ਸੰਸਥਾ ਵਿਚ ਬੂਟੇ ਲਗਾਉਣ ਮੌਕੇ ਪ੍ਰਿੰਸੀਪਲ ਲਲਿਤ ਮੋਹਨ ਚੌਧਰੀ ਤੋਂ ਇਲਾਵਾ ਦਫ਼ਤਰੀ ਸੁਪਰਡੈਂਟ ਹਰਵਿੰਦਰ ਸਿੰਘ ਕਾਹਲੋਂ, ਫਾਰਮਾਸਿਸਟ ਅੰਜੂ ਕਪਿਲਾ, ਇੰਸਟਰਕਟਰ ਗੀਤਾਂਜਲੀ, ਅਜੈ ਕੌਸ਼ਲ, ਬਲਵਿੰਦਰ ਰੈਤ, ਮਨੋਜ ਧੀਮਾਨ, ਗੁਰਦੀਪ ਕੌਸ਼ਲ, ਹਰਮਿੰਦਰ ਸਿੰਘ, ਰਾਕੇਸ਼ ਧੀਮਾਨ, ਮਾਲੀ ਤਰਸੇਮ ਲਾਲ ਸੈਣੀ ਹਾਜ਼ਰ ਸਨ।

## ਪ੍ਰਦੂਸ਼ਣ-ਰਹਿਤ ਦੁਸਹਿਰਾ ਤੇ ਦੀਵਾਲੀ ਮਨਾਉਣੇ ਵੀ ਸਮੇਂ ਦੀ ਵੱਡੀ ਮੰਗ : ਐਡਵੋਕੇਟ ਧੰਜੂ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)** ਸਾਬਕਾ ਚੇਅਰਮੈਨ ਕੰਬੋਜ ਵੇਲਫੈਅਰ ਬੋਰਡ ਪੰਜਾਬ ਐਡਵੋਕੇਟ ਜਸਪਾਲ ਸਿੰਘ ਧੰਜੂ ਨੇ ਪੱਤਰਕਾਰਾਂ ਨਾਲ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਦੁਸਹਿਰਾ ਅਤੇ ਦੀਵਾਲੀ ਸਾਡੇ ਸਾਰਿਆਂ ਦੇ ਬੂਹੇ 'ਤੇ ਦਸਤਕ ਦੇਣ ਆ ਰਹੇ ਹਨ। ਅੱਜ ਕੱਲ੍ਹ ਦਿਨੋਂ-ਦਿਨ ਪਲੀਤ ਹੋ ਰਹੇ ਵਾਤਾਵਰਨ ਨੂੰ ਬਚਾਉਣ ਲਈ ਪ੍ਰਦੂਸ਼ਣ-ਰਹਿਤ ਦੁਸਹਿਰਾ ਤੇ ਦੀਵਾਲੀ ਮਨਾਉਣੀ ਵੀ ਸਮੇਂ ਦੀ ਵੱਡੀ ਮੰਗ ਹੈ। ਦੀਵਾਲੀ ਅਤੇ ਹੋਰ ਤਿਉਹਾਰਾਂ ਮੌਕੇ ਦੇਸ਼ ਭਰ ਵਿਚ ਅਰਬਾਂ ਰੁਪਏ ਦੀ ਆਤਿਸ਼ਬਾਜ਼ੀ ਕੀਤੀ ਜਾਂਦੀ ਹੈ। ਪਟਾਕੇ ਚਲਾਉਣ ਨਾਲ ਇਨ੍ਹਾਂ ਵਿਚੋਂ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ ਜੋ ਜਿਥੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਦੀਆਂ ਹਨ ਉਥੇ ਇਹ ਕਈ ਬਿਮਾਰੀਆਂ ਦਾ ਕਾਰਨ ਵੀ ਬਣਦੀਆਂ ਹਨ। ਪਟਾਕਿਆਂ ਨਾਲ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਨੂੰ ਜਾਣਦੇ ਹੋਏ ਵੀ ਅਸੀਂ ਦੀਵਾਲੀ ਨੂੰ ਦੀਵਿਆਂ ਦੇ ਤਿਉਹਾਰ ਵਜੋਂ ਨਾ ਮਨਾ ਕੇ ਪਟਾਕਿਆਂ ਦੇ ਤਿਉਹਾਰ ਵਜੋਂ ਜ਼ਿਆਦਾ ਮਨਾਉਂਦੇ ਹਾਂ ਜੋ ਕਿ ਸਾਡੇ ਸਮਾਜ ਲਈ ਇਕ ਗੰਭੀਰ ਸਮਸਿਆ ਬਣੀ ਹੋਈ ਹੈ? ਅਸੀਂ ਜਾਣਦੇ ਹਾਂ ਕੀ ਕੁਝ ਸਮੇਂ ਦੇ ਮਨੋਰੰਜਨ ਲਈ ਵਾਤਾਵਰਨ ਨੂੰ ਕਿੰਨਾ ਪ੍ਰਦੂਸ਼ਿਤ ਕਰ ਦਿੰਦੇ ਹਾਂ। ਇਸ ਦਾ ਕੋਈ ਲੇਖਾ ਜੋਖਾ ਹੀ ਨਹੀਂ ਹੈ। ਪਟਾਕਿਆਂ ਨਾਲ ਅੱਗ ਲਗਣਾ, ਜਾਨੀ ਨੁਕਸਾਨ ਤੇ ਦੁਰਘਟਨਾ ਹੋਣਾ ਆਮ ਗੱਲ ਹੁੰਦੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਅਕਸਰ ਵੇਖਿਆ ਜਾਂਦਾ ਹੈ ਕਿ ਵੱਧ ਰਹੀ ਮਹਿੰਗਾਈ ਦੇ ਚਲਦਿਆਂ ਮਾਪੇ ਤਾਂ ਪਟਾਕੇ ਚਲਾਉਣ ਤੋਂ ਗੁਰੇਜ਼ ਕਰਨਾ ਚਾਹੁੰਦੇ ਹਨ ਪਰ ਆਪਣੇ ਬੱਚਿਆਂ ਦੀ ਖ਼ੁਸ਼ੀ ਲਈ ਉਹ ਕੁਦਰਤ ਦੇ ਅਸੂਲਾਂ ਖ਼ਿਲਾਫ਼ ਇਹ ਗੁਨਾਹ ਕਰ ਲੈਂਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਬੱਚੇ ਪਟਾਕੇ ਚਲਾਉਣ ਨਾਲ ਹੋਣ ਵਾਲੇ ਨੁਕਸਾਨਾਂ ਤੋਂ ਸੁਚੇਤ ਹੋ ਕੇ ਆਪਣੇ ਮਾਪਿਆਂ ਨੂੰ ਪਟਾਕੇ ਚਲਾਉਣ ਤੋਂ ਮਨਾ ਕਰ ਦੇਣ ਤਾਂ ਇਸ ਨਾਲ ਨਾ ਸਿਰਫ਼ ਇਕ ਚੰਗੀ ਸ਼ੁਰੂਆਤ ਹੋਵੇਗੀ ਬਲਕਿ ਵਾਤਾਵਰਣ ਦੀ ਵੀ ਸੇਵਾ ਹੋਵੇਗ ਇਸ ਮੌਕੇ ਸ਼ਹੀਦ ਊਧਮ ਸਿੰਘ ਚੈਰੀਟੇਬਲ ਟਰੱਸਟ ਦੇ ਮੀਤ ਪ੍ਰਧਾਨ ਤਜਿੰਦਰ ਸਿੰਘ ਧੰਜੂ, ਕੁਲਦੀਪ ਸਾਹ, ਮੁਖਤਿਆਰ ਢੋਟ, ਕਮਲ ਸਾਲਾਪੁਰ ਆਦਿ ਹਾਜਰ ਸਨ।

# ਮਨੁੱਖੀ ਅਧਿਕਾਰ ਸੰਸਥਾਵਾਂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਸੰਬੰਧੀ ਕੱਢਿਆ ਦੂਜਾ ਕੈਂਡਲ ਮਾਰਚ

**ਜਲੰਧਰ, (ਸੁਰਿੰਦਰ ਕੁਮਾਰ)**

ਪੰਜਾਬ ਹਿਊਮਨ ਰਾਈਟਸ ਹੈਲਪ ਲਾਈਨ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਚਲਾਈ ਮੁਹਿੰਮ ਤਹਿਤ ਅੱਜ ਦੂਜਾ ਕੈਂਡਲ ਮਾਰਚ ਜਲੰਧਰ ਮਾਡਲ ਟਾਊਨ ਤੋਂ ਕੱਢਿਆ ਗਿਆ। ਕੈਂਡਲ ਮਾਰਚ ਤੋਂ ਪਹਿਲਾਂ ਗੁਰਦੁਆਰਾ ਸਿੰਘ ਸਭਾ ਵਿਖੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਕੀਤੀ ਗਈ। ਉਪਰੰਤ ਬੰਦੀ ਸਿੰਘ ਰਿਹਾਅ ਕਰੋ ਦੇ ਨਾਅਰਿਆਂ ਨਾਲ ਕੈਂਡਲ ਮਾਰਚ ਸ਼ੁਰੂ ਹੋਇਆ। ਇਸ ਮੌਕੇ ਪੰਜਾਬ ਹਿਊਮਨ ਰਾਈਟਸ ਹੈਲਪ ਲਾਈਨ ਦੇ ਸੂਬਾ ਪ੍ਰਧਾਨ ਬੀਬੀ ਜਸਵਿੰਦਰ ਕੌਰ ਸੋਹਲ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਸਿਰਫ ਸਿੱਖਾਂ ਦਾ ਨਿੱਜੀ ਮੁੱਦਾ ਨਹੀਂ ਹੈ, ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਹਿਊਮਨ ਰਾਈਟਸ ਸੰਸਥਾ ਇਸ ਲਈ ਸਾਨੂੰ ਸਾਰਿਆਂ ਨੂੰ ਜਾਤ-ਪਾਤ ਤੋਂ ਉੱਪਰ ਉੱਠ ਕੇ ਮਨੁੱਖਤਾ ਦੇ ਧਰਮ ਨੂੰ ਅਪਣਾਉਣਾ ਚਾਹੀਦਾ ਹੈ ਅਤੇ ਅੱਜ ਸਭ ਨੂੰ ਇੱਕ ਆਵਾਜ਼ ਬਣ ਕੇ ਮਨੁੱਖਤਾ ਲਈ ਅਪੀਲ ਕਰਨੀ ਚਾਹੀਦੀ ਹੈ ਕਿ ਜਿਹੜੇ ਵੀਰਾਂ ਨੂੰ ਕਾਨੂੰਨ ਨੇ ਸਜ਼ਾਵਾਂ ਦਿੱਤੀਆਂ ਸਨ, ਉਹ ਪੂਰੀਆਂ ਕਰ ਚੁੱਕੇ ਹਨ ਤੇ ਕਈ ਉਸ ਨੂੰ ਦੋ-ਦੋ ਵਾਰੀ ਪੂਰੀਆਂ ਕਰ ਚੁੱਕੇ ਹਨ। ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ। ਭਾਰਤੀ ਸੰਵਿਧਾਨ ਅਨੁਸਾਰ ਜਦੋਂ ਕਿਸੇ ਦੀ ਸਜ਼ਾ ਪੂਰੀ ਹੋ ਜਾਂਦੀ ਹੈ ਤਾਂ ਰਿਹਾਈ ਉਸ ਦਾ ਮਨੁੱਖੀ ਅਧਿਕਾਰ। ਬੀਬੀ ਸੋਹਲ ਨੇ ਕਿਹਾ ਕਿ ਭਾਵੇਂ ਕਿ ਵੱਖ-ਵੱਖ ਰਾਜਸੀ ਪਾਰਟੀਆਂ ਤੇ ਸਿੱਖ ਸੰਸਥਾਵਾਂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਆਪੋ-ਆਪਣੇ ਢੰਗ ਤਰੀਕਿਆਂ ਨਾਲ ਆਵਾਜ਼ ਉਠਾਈ ਜਾ ਰਹੀ ਹੈ, ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਵੱਡੇ ਪੱਧਰ 'ਤੇ ਜਨਤਕ ਲਹਿਰ ਆਰੰਭੀ ਹੋਈ ਹੈ। ਇਸ ਦੌਰਾਨ ਮਨੁੱਖੀ ਅਧਿਕਾਰ ਸੰਗਠਨ ਦੀ ਅਗਵਾਈ 'ਚ ਬੰਦੀ ਸਿੰਘਾਂ ਦੀ ਰਿਹਾਈ ਲਈ ਸੂਬੇ ਭਰ 'ਚ ਥਾਂ-ਥਾਂ ਕੈਂਡਲ ਮਾਰਚ ਕੱਢੇ ਜਾ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਮਿੰਦਰ ਸਿੰਘ, ਰਾਜਪਾਲ ਸਿੰਘ, ਕੁਲਵੰਤ ਸਿੰਘ, ਰਜਿੰਦਰ ਸਿੰਘ, ਹਰਲੀਨ ਕੌਰ, ਗੁਰਸ਼ਰਨ ਸਿੰਘ, ਨਿਰਵੈਰ ਸਿੰਘ, ਗੁਰਪਾਲ ਸਿੰਘ, ਚਮਨਪ੍ਰੀਤ ਸਿੰਘ, ਸਰਬਜੀਤ ਸਿੰਘ, ਦਿਲਬਾਗ ਸਿੰਘ ਵਡਾਲੀ, ਸੁਖਮਿੰਦਰ ਸਿੰਘ, ਗੁਰਪ੍ਰੀਤ ਸਿੰਘ, ਮਨਦੀਪ ਸਿੰਘ,ਚਰਨਪ੍ਰੀਤ ਸਿੰਘ, ਅਮਰਪ੍ਰੀਤ ਸਿੰਘ, ਇੰਦਰਜੀਤ ਸਿੰਘ ਸੋਨੂੰ, ਅੰਮ੍ਰਿਤਬੀਰ ਸਿੰਘ ਤੇ ਪ੍ਰੀਤਇੰਦਰ ਕੌਰ ਕੋਹਲੀ ਆਦਿ ਹਾਜ਼ਰ ਸਨ।

# ਮਾਨ ਨੇ ਨਵੀਂ ਦਾਣਾ ਮੰਡੀ ਵਿਖੇ ਸ਼ੁਰੂ ਕਰਵਾਈ ਝੋਨੇ ਦੀ ਖਰੀਦ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ )** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਹਲਕਾ ਵਿਧਾਨ ਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਫਗਵਾੜਾ ਦੀ ਨਵੀਂ ਦਾਣਾ ਮੰਡੀ ਵਿਖੇ ਝੋਨੇ ਦੀ ਖਰੀਦ ਦਾ ਕੰਮ ਸ਼ੁਰੂ ਕਰਵਾਇਆ। ਇਸ ਮੌਕੇ ਉਹਨਾਂ ਮੰਡੀ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸੂਬੇ ਦੀ ਭਗਵੰਤ ਮਾਨ ਸਰਕਾਰ ਨੇ ਝੋਨੇ ਦੀ ਖਰੀਦ ਦੇ ਉੱਚ ਪੱਧਰੇ ਪ੍ਰਬੰਧ ਕੀਤੇ ਹਨ। ਫਸਲ ਦਾ ਇਕ ਇਕ ਦਾਣਾ ਸਰਕਾਰ ਵਲੋਂ ਖਰੀਦ ਕੀਤਾ ਜਾਵੇਗਾ। ਉਹਨਾਂ ਭਰੋਸਾ ਦਿੱਤਾ ਕਿ ਕਿਸਾਨਾ ਨੂੰ ਮੰਡੀਆਂ ਵਿਚ ਕਿਸੇ ਤਰ੍ਹਾਂ ਦੀ ਮੁਸ਼ਕਲ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਕਿਸਾਨਾਂ ਨੂੰ ਲੋੜ ਅਨੁਸਾਰ ਬਾਰਦਾਨਾ ਉਪਲੱਬਧ ਮਿਲੇਗਾ। ਉਹਨਾਂ ਕਿਸਾਨ ਵੀਰਾਂ ਨੂੰ ਵੀ ਅਪੀਲ ਕੀਤੀ ਕਿ ਝੋਨੇ ਦੀ ਫਸਲ ਨੂੰ ਚੰਗੀ ਤਰ੍ਹਾਂ ਸੁਕਾ ਕੇ ਅਤੇ ਨਮੀ ਮੁਕਤ ਹਾਲਤ ਵਿਚ ਮੰਡੀਆਂ ਵਿਚ ਲੈ ਕੇ ਆਉਣ ਤਾਂ ਜੋ ਝੋਨੇ ਦਾ ਪੂਰਾ ਮੁੱਲ ਪ੍ਰਾਪਤ ਹੋਵੇ ਅਤੇ ਖੱਜਲ ਖੁਆਰੀ ਨਾ ਹੋਵੇ। ਮਾਨ ਨੇ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿਚ ਕਿਸੇ ਤਰ੍ਹਾਂ ਦੀ ਸਮੱਸਿਆ ਪੇਸ਼ ਆਵੇ ਤਾਂ ਕਿਸੇ ਵੀ ਸਮੇਂ ਉਹਨਾਂ ਨਾਲ ਨਿਜੀ ਤੌਰ 'ਤੇ ਸੰਪਰਕ ਕਰ ਸਕਦੇ ਹਨ। ਇਸ ਮੌਕੇ ਆੜ੍ਹਤੀ ਹੁਸਨ ਸਿੰਘ ਘੁੰਮਣ, ਮਨਰੂਪ ਸਿੰਘ, ਸੀਨੀਅਰ ਆਪ ਆਗੂ ਹਰਮੇਸ਼ ਪਾਠਕ, ਸ਼ੀਤਲ ਪਲਾਹੀ, ਨਰੇਸ਼ ਸ਼ਰਮਾ, ਪ੍ਰਿਤਪਾਲ ਕੌਰ ਤੁਲੀ, ਦਲਜੀਤ ਸਿੰਘ ਰਾਜੂ, ਰੁਪਿੰਦਰ ਕੌਰ ਹੋਠੀ, ਜੀਤ ਦਾਸ ਸੂਬੇਦਾਰ, ਧਰਮਵੀਰ ਸੇਠੀ, ਰਾਜੇਸ਼ ਕੌਲਸਰ, ਵਰੁਣ ਬੰਗੜ ਚੱਕ ਹਕੀਮ, ਪਰਮਜੀਤ ਧਰਮਸੋਤ, ਅਮਰਦੀਪ, ਲਵਲੀ ਭਗਤਪੁਰਾ, ਪ੍ਰਿਤਪਾਲ ਕੌਰ ਤੁਲੀ, ਗੁਰਦੀਪ ਸਿੰਘ ਤੁਲੀ, ਵਿਜੇ ਬਸੰਤ ਨਗਰ, ਅਵਤਾਰ ਸਿੰਘ ਸਰਪੰਚ ਪੰਡਵਾ, ਰਾਜ ਕਿਸ਼ੋਰ, ਚਰਨਜੀਤ ਅਰਬਨ ਅਸਟੇਟ ਆਦਿ ਹਾਜ਼ਰ ਸਨ।



## ਤਿਉਹਾਰਾਂ ਨੂੰ ਮੁੱਖ ਰੱਖਦਿਆਂ ਵੱਖ-ਵੱਖ ਥਾਵਾਂ 'ਤੇ ਪੁਲਸ ਵੱਲੋਂ ਚੈਕਿੰਗ ਮੁਹਿੰਮ

**ਫਿਲੌਰ (ਨਿਰਮਲ)**- ਡੀ.ਐਸ.ਪੀ ਫਿਲੌਰ ਜਤਿੰਦਰ ਸਿੰਘ ਦੀ ਅਗਵਾਈ ਹੇਠ ਥਾਣਾ ਮੁਖੀ ਫਿਲੌਰ ਸੁਰਿੰਦਰ ਕੁਮਾਰ, ਐਸ.ਆਈ ਬਲਜੀਤ ਸਿੰਘ, ਏ.ਐਸ.ਆਈ ਸੁਖਵਿੰਦਰ ਪਾਲ ਸੋਢੀ, ਏ.ਐਸ.ਆਈ ਸੁਰਿੰਦਰ ਸਿੰਘ ਅਤੇ ਪੁਲਸ ਪਾਰਟੀ ਸਮੇਤ ਫਿਲੌਰ ਸਹਿਰ ਦੇ ਬਜਾਰਾਂ, ਰੇਲਵੇ ਸਟੇਸਨ ਅਤੇ ਬੱਸ ਸਟੈਂਡ 'ਤੇ ਆਉਣ ਜਾਣ ਵਾਲੇ ਯਾਤਰੀਆਂ ਦੀ ਤਿਉਹਾਰਾਂ ਦੇ ਮੱਦੇਨਜਰ ਚੈਕਿੰਗ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਫਿਲੌਰ ਸ਼ਹਿਰ 'ਚ ਅਮਨ ਸ਼ਾਂਤੀ ਲਈ ਸ਼ਹਿਰ ਦੇ ਸਾਰੇ ਬਜਾਰਾਂ ਤੋਂ ਇਲਾਵਾ ਸਬ ਡਵੀਜ਼ਨ ਫਿਲੌਰ ਵਿੱਚ ਚੈਕਿੰਗ ਕੀਤੀ ਗਈ ਅਤੇ ਸ਼ੱਕੀ ਵਿਅਕਤੀ ਨੂੰ ਰੋਕ ਕੇ ਉਸਦੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਗਈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਜੇਕਰ ਕਿਸੇ ਸਥਾਨ 'ਤੇ ਕੋਈ ਸ਼ੱਕੀ ਵਸਤੂ ਮਿਲਦੀ ਹੈ ਤਾਂ ਉਸ ਤੋਂ ਦੂਰ ਰਹਿਣ ਅਤੇ ਤਰੁੰਤ ਪੁਲਸ ਨੂੰ ਸੂਚਿਤ ਕੀਤਾ ਜਾਵੇ। ਉਨ੍ਹਾਂ ਸ਼ਰਾਰਤੀ ਅਨਸਰਾਂ ਨੂੰ ਚਿਤਾਵਨੀ ਵੀ ਦਿੱਤੀ ਕਿ ਉਹ ਆਪਣੀ ਹਰਕਤਾਂ ਤੋਂ ਬਾਜ ਆ ਜਾਣ ਨਹੀਂ ਤਾਂ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਪਟਾਕਿਆਂ ਬਾਰੇ ਉਨ੍ਹਾਂ ਕਿਹਾ ਕਿ ਸਰਕਾਰ ਦੀ ਗਾਈਡ ਲਾਈਨ ਅਨੁਸਾਰ ਹੀ ਪਟਾਕਿਆਂ ਦੇ ਕਾਰੋਬਾਰ ਦੀ ਇਜਾਜ਼ਤ ਦਿੱਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਵੀ ਗੈਰ-ਕਾਨੂੰਨੀ ਕੰਮ ਕਰਦਾ ਹੈ ਤਾਂ ਲੋਕ ਸਿੱਧੇ ਆਪਣੇ ਫੋਨ 'ਤੇ ਦੱਸ ਸਕਦੇ ਹਨ, ਦੱਸਣ ਵਾਲੇ ਦਾ ਨਾਂਅ ਗੁਪਤ ਰੱਖਿਆ ਜਾਵੇਗਾ।

# ਰਾਜ ਪੱਧਰੀ ਸਵੱਛ ਭਾਰਤ ਦਿਵਸ ਸਮਾਗਮ ਮੌਕੇ ਸੂਬੇ ਦੀਆਂ 23 ਪੰਚਾਇਤਾਂ ਦਾ ਹੋਇਆ ਸਨਮਾਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**

ਮੁੱਖ ਮੰਤਰੀ ਭਗਵੰਤ ਮਾਨ ਦੀ ਰਹਿਨੁਮਾਈ ਹੇਠ ਹੁਸ਼ਿਆਰਪੁਰ ਵਿਖੇ ਰਾਜ ਪੱਧਰੀ ਸਵੱਛ ਭਾਰਤ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਸਥਾਨਕ ਜੈਮਸ ਕੈਂਬ੍ਰਿਜ ਇੰਟਰਨੈਸ਼ਨਲ ਸਕੂਲ ਦੇ ਵਿਸ਼ਾਲ ਆਡੀਟੋਰੀਅਮ ਵਿਖੇ ਹੋਏ ਇਸ ਸਮਾਗਮ ਵਿਚ ਪੰਜਾਬ ਦੇ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਜਦਕਿ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਵਿਧਾਇਕ ਸ਼ਾਮਚੁਰਾਸੀ ਡਾ. ਰਵਜੋਤ ਸਿੰਘ, ਵਿਧਾਇਕ ਦਸੂਹਾ ਸ੍ਰੀ ਕਰਮਬੀਰ ਸਿੰਘ ਘੁੰਮਣ, ਵਿਧਾਇਕ ਟਾਂਡਾ ਸ੍ਰੀ ਜਸਵੀਰ ਸਿੰਘ ਰਾਜਾ ਗਿੱਲ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਡੀ.ਕੇ. ਤਿਵਾਰੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ 'ਮੇਰਾ ਪਿੰਡ ਮੇਰੀ ਜ਼ਿੰਮੇਵਾਰੀ' ਯੋਜਨਾ ਤਹਿਤ ਠੋਸ ਅਤੇ ਤਰਲ ਕੂੜੇ ਦੀ ਸੁਚੱਜੀ ਸਾਂਭ-ਸੰਭਾਲ ਕਰਨ ਵਾਲੀਆਂ ਸੂਬੇ ਦੀਆਂ 23 ਪੰਚਾਇਤਾਂ ਨੂੰ 1-1 ਲੱਖ ਰੁਪਏ ਦਾ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਓ.ਡੀ.ਐਫ. ਪਲੱਸ ਫਿਲਮ ਮੁਕਾਬਲੇ ਦੀਆਂ ਜੇਤੂ 3 ਸਰਬੋਤਮ ਗਰਾਮ ਪੰਚਾਇਤਾਂ ਨੂੰ 10-10 ਹਜ਼ਾਰ ਰੁਪਏ ਦੇ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ 'ਹਰ ਘਰ ਜਲ' ਮੁਹਿੰਮ ਤਹਿਤ ਪਿੰਡਾਂ ਹਰੇਕ ਘਰ ਵਿਚ 100 ਫੀਸਦੀ ਪੀਣ ਵਾਲਾ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਵਾਲੇ ਸੂਬੇ ਦੇ 15 ਜ਼ਿਲ੍ਹਿਆਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਸਵੱਛਤਾ ਸਬੰਧੀ ਨੁੱਕੜ ਨਾਟਕ, ਲਘੂ ਫਿਲਮ ਅਤੇ ਸਕੂਲ ਦੇ ਬੱਚਿਆਂ ਵਲੋਂ ਕੀਤੀਆਂ ਗਈਆਂ ਪੇਸ਼ਕਾਰੀਆਂ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀਆਂ। ਸਮਾਗਮ ਨੂੰ ਸੰਬੋਧਨ ਕਰਦਿਆਂ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਵੱਛਤਾ ਸਬੰਧੀ ਰਾਜ ਪੱਧਰੀ ਸਮਾਗਮ ਦੀ ਜ਼ਿੰਮੇਵਾਰੀ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਦੇ ਕੇ ਵੱਡਾ ਮਾਣ ਬਖਸ਼ਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਿਰੋਗ ਬਣਾਉਣਾ ਹੀ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮਿਸ਼ਨ ਹੈ ਅਤੇ ਸੂਬਾ ਸਰਕਾਰ ਨੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਬਚਾਉਣ ਲਈ ਸੂਬਾ ਵਾਸੀਆਂ ਨੂੰ ਸਰਫੇਸ ਜਲ ਮੁਹੱਈਆ ਕਰਵਾਉਣ ਦਾ ਤਹੱਈਆ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਤਹਿਤ 1100 ਕਰੋੜ ਰੁਪਏ ਦੇ ਪ੍ਰੋਜੈਕਟ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਚਲ ਰਹੇ ਹਨ। ਉਨ੍ਹਾਂ ਕਿਹਾ ਕਿ ਸਵੱਛ ਭਾਰਤ ਮਿਸ਼ਨ ਗ੍ਰਾਮੀਣ-2 ਦੀ ਸੂਬੇ ਵਿਚ ਸ਼ੁਰੂਆਤ ਕਰ ਦਿੱਤੀ ਗਈ ਹੈ, ਜਿਸ ਤਹਿਤ ਸਾਰੇ ਪਿੰਡਾਂ ਵਿਚ ਠੋਸ ਅਤੇ ਤਰਲ ਰਹਿੰਦ-ਖੂੰਹਦ ਦਾ ਸੁਚੱਜਾ ਪ੍ਰਬੰਧਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਾਰਚ 2025 ਤੱਕ ਹਰੇਕ ਪਿੰਡ ਨੂੰ ਓ.ਡੀ.ਐਫ. ਪਲੱਸ ਐਲਾਨਣ ਲਈ ਯਤਨ ਤੇਜ਼ ਕਰ ਦਿੱਤੇ ਗਏ ਹਨ। ਉਨ੍ਹਾਂ ਸਵੱਛਤਾ ਦੇ ਨਾਲ-ਨਾਲ ਖਾਣੇ ਦੀ ਬਰਬਾਦੀ ਨੂੰ ਵੀ ਰੋਕਣ ਅਤੇ ਨਸ਼ੇ ਦੇ ਖਾਤਮੇ ਦਾ ਵੀ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਦੇ ਸਮਾਗਮ ਨਾਲ ਹੋਰਨਾਂ ਪੰਚਾਇਤਾਂ ਨੂੰ ਵੀ ਸਵੱਛਤਾ ਦੇ ਖੇਤਰ ਵਿਚ ਬਿਹਤਰੀਨ ਕੰਮ ਕਰਨ ਲਈ ਉਤਸ਼ਾਹ ਮਿਲੇਗਾ। ਇਸ ਤੋਂ ਪਹਿਲਾਂ ਸਵੇਰੇ ਉਨ੍ਹਾਂ ਪਿੰਡ ਅੱਜੋਵਾਲ ਵਿਖੇ ਸਫਾਈ ਮੁਹਿੰਮ ਚਲਾ ਕੇ ਸਵੱਛ ਭਾਰਤ ਦਿਵਸ ਦੀ ਸ਼ੁਰੂਆਤ ਕਰਦਿਆਂ ਖੁਦ ਸਫਾਈ ਕੀਤੀ ਰੋੜੀ ਨੇ ਕਿਹਾ ਕਿ ਸਾਨੂੰ ਸਵੱਛਤਾ ਦੀ ਸ਼ੁਰੂਆਤ ਆਪਣੇ ਘਰਾਂ ਤੋਂ ਹੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਾਡਾ ਘਰ ਤੇ ਆਲਾ-ਦੁਆਲਾ ਸਾਫ਼ ਹੋ ਜਾਵੇ, ਤਾਂ ਸਾਰਾ ਦੇਸ਼ ਹੀ ਸਾਫ਼ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸਭ ਤੋਂ ਵੱਡੀ ਗੰਦਗੀ ਨਸ਼ੇ ਹਨ ਅਤੇ ਇਨ੍ਹਾਂ ਨੂੰ ਠੱਲ੍ਹ ਪਾਉਣ ਲਈ ਸਾਨੂੰ ਸਰਕਾਰ ਦਾ ਸਹਿਯੋਗ ਕਰਨਾ ਚਾਹੀਦਾ ਹੈ। ਵਿਧਾਇਕ ਡਾ. ਰਵਜੋਤ ਸਿੰਘ, ਵਿਧਾਇਕ ਸ੍ਰੀ ਕਰਮਬੀਰ ਸਿੰਘ ਘੁੰਮਣ ਅਤੇ ਵਿਧਾਇਕ ਸ੍ਰੀ ਜਸਵੀਰ ਸਿੰਘ ਰਾਜਾ ਗਿੱਲ ਨੇ ਵੀ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ, ਕੂੜੇ ਦੇ ਸੁਚੱਜੇ ਪ੍ਰਬੰਧਨ ਅਤੇ ਪਾਣੀ ਦੀ ਸਾਂਭ-ਸੰਭਾਲ 'ਤੇ ਜੋਰ ਦਿੰਦਿਆਂ ਸਭਨਾਂ ਨੂੰ ਆਪਣੀ ਜ਼ਿੰਮੇਵਾਰੀ ਸਮਝਣ ਦਾ ਸੱਦਾ ਦਿੱਤਾ।

# ਪੰਜਾਬ ਕੋ-ਆਪ੍ਰੇਟਿਵ ਬੈਂਕ ਡੇਲੀਵੇਜਿਜ਼ ਸਵੀਪਰ ਯੂਨੀਅਨ ਨੇ ਕਿਰਤ ਕਮਿਸ਼ਨਰ ਨੂੰ ਸੌਂਪਿਆ ਮੰਗ ਪੱਤਰ



ਜਾਣਕਾਰੀ ਦਿੰਦੇ ਯੂਨੀਅਨ ਆਗੂ।

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਪੰਜਾਬ ਵਿੱਚ ਵੱਖ ਵੱਖ ਜ਼ਿਲ੍ਹਾ ਕੋ-ਆਪ੍ਰੇਟਿਵ ਬੈਂਕਾਂ ਵਿੱਚ ਕੰਮ ਕਰਦੇ ਡੀ. ਸੀ. ਰੇਟ 'ਤੇ ਡੇਲੀ ਵੇਜਿਜ਼ ਸਵੀਪਰਾਂ ਨੂੰ ਦਿਨ ਵਿੱਚ ਅੱਠ ਘੰਟਿਆਂ ਦੇ ਹਿਸਾਬ ਨਾਲ ਜਾਂ ਪ੍ਰਤੀ ਮਹੀਨਾ 9992.56 ਰੁਪੈ ਮਿਹਨਤਾਨਾ ਜਾਰੀ ਕਰਵਾਉਣ ਸਬੰਧੀ ਸਮੂਹ ਪੰਜਾਬ ਕੋ-ਆਪ੍ਰੇਟਿਵ ਬੈਂਕ ਡੇਲੀ ਵੇਜਿਜ਼ ਸਵੀਪਰ ਯੂਨੀਅਨ ਵੱਲੋਂ ਮਾਨਯੋਗ ਕਿਰਤ ਕਮਿਸ਼ਨਰ ਸਾਹਿਬ, 10 ਫੇਸ ਮੋਹਾਲੀ ਪੰਜਾਬ ਨੂੰ ਮੰਗ ਪੱਤਰ ਸੌਂਪਿਆ ਗਿਆ। ਮੰਗ ਪੱਤਰ ਵਿੱਚ ਯੂਨੀਅਨ ਆਗੂਆਂ ਨੇ ਕਿਹਾ ਕਿ ਪੰਜਾਬ ਰਾਜ ਵਿੱਚ ਵੱਖ ਵੱਖ ਜ਼ਿਲ੍ਹਿਆਂ ਵਿੱਚ ਕੋ-ਆਪ੍ਰੇਟਿਵ ਬੈਂਕਾਂ ਵਿੱਚ ਕਿਰਤ ਵਿਭਾਗ ਵੱਲੋਂ ਜਾਰੀ ਰੇਟਾ ਤੇ ਡੇਲੀ ਵੇਜਿਜ਼ (ਸਵੀਪਰ) ਤੇ ਬੈਂਕ ਵਿੱਚ ਖਾਲੀ ਪਈਆਂ ਰੈਗੂਲਰ ਸੇਵਾਦਾਰਾਂ ਦੀਆਂ ਅਸਾਮੀਆਂ ਵਿਰੁੱਧ ਘੰਟਿਆਂ ਦੇ ਹਿਸਾਬ ਨਾਲ ਇੱਕ ਪੱਕੇ ਹੋਣ ਦੀ ਉਮੀਦ ਵਿੱਚ ਸਾਰਾ ਦਿਨ 9.30 ਤੋਂ 5.00 ਵਜੇ ਤੱਕ ਰੈਗੂਲਰ ਸਟਾਫ ਨਾਲ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ। ਕਿਸੇ ਵੀ ਜ਼ਿਲ੍ਹੇ ਵਿੱਚ ਡੇਲੀ ਵੇਜਿਜ਼ ਸਵੀਪਰਾਂ ਨੂੰ ਫਿਕਸ ਡੀ. ਸੀ. ਰੇਟ ਨਹੀਂ ਦਿੱਤਾ ਜਾਂਦਾ। ਪੰਜਾਬ ਸਟੇਟ ਕੋ-ਆਪ੍ਰੇਟਿਵ ਬੈਂਕ ਦੀਆਂ ਬਰਾਂਚਾਂ ਵਿੱਚ ਰੈਗੂਲਰ ਸਟਾਫ ਦੀ ਵੱਡੀ ਘਾਟ ਹੈ ਤੇ ਰੈਗੂਲਰ ਸੇਵਾਦਾਰ 1987 ਤੋਂ ਭਰਤੀ ਨਹੀਂ ਹੋਈ। ਉਨ੍ਹਾਂ ਅਸਾਮੀਆਂ ਵਿਰੁੱਧ ਬੈਂਕ ਨੇ ਬੋਰਡ ਆਫ ਡਿਰੈਕਟਰ ਵੱਲੋਂ ਮਤੇ ਪਾ ਕੇ ਬੈਂਕ ਦੀ ਸਾਫ ਸਫਾਈ ਲਈ ਸਵੀਪਰ ਰੱਖ ਲਏ ਸਨ। ਇਨ੍ਹਾਂ ਨੂੰ ਸੇਵਾ ਕਰਦੇ 20 ਸਾਲਾਂ ਤੋਂ ਵੀ ਜ਼ਿਆਦਾ ਸਮਾਂ ਪੱਕੇ ਹੋਣ ਦੀ ਉਮੀਦ ਵਿੱਚ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਨੂੰ ਸਕਿਲਡ ਕਾਲਮ ਵਾਲਾ ਮਿਹਨਤਾਨਾ ਦੇਣ ਦੀ ਮੰਗ ਕਰਦੇ ਹਾਂ ਤੇ ਪੰਜਾਬ ਸਰਕਾਰ ਵੱਲੋਂ ਰੱਖੇ ਕਰਮਚਾਰੀਆਂ ਨੂੰ ਪੱਕਾ ਕਰਨ ਲਈ ਸਮੇਂ ਸਿਰ ਡਾਟਾ ਮੰਗਦੀ ਹੈ। ਯੂਨੀਅਨ ਆਗੂਆਂ ਨੇ ਮੰਗ ਕੀਤੀ ਕਿ ਪੂਰੇ ਪੰਜਾਬ ਦੀਆਂ ਜ਼ਿਲ੍ਹਾ ਕੋ-ਆਪ੍ਰੇਟਿਵ ਬੈਂਕ ਵਿੱਚ ਡੇਲੀ ਵੇਜਿਜ਼ ਸਵੀਪਰਾਂ ਨੂੰ ਅੱਠ ਘੰਟਿਆਂ ਜਾਂ ਪੂਰਾ ਉੱਕਾ ਪੁੱਕਾ ਡੀ. ਸੀ. ਰੇਟ 9992.56 ਪੈਸੇ ਪ੍ਰਤੀ ਮਹੀਨਾ ਮਿਹਨਤਾਨਾ ਜਾਰੀ ਕਰਨ ਕੀਤਾ ਜਾਵੇ ਆਦਿ।

# ਸਵੱਛਤਾ 'ਚ ਭੋਤਨਾ ਜ਼ਿਲ੍ਹੇ 'ਚੋਂ ਮੋਹਰੀ



**ਬਰਨਾਲਾ (ਰਜਿੰਦਰ ਬਰਾੜ/ਅਸ਼ੋਕ ਟੋਨੀ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ 2 ਅਕਤੂਬਰ ਨੂੰ ਸਵੱਛਤਾ ਸਬੰਧੀ ਰਾਜ ਪੱਧਰੀ ਸਮਾਗਮ ਹੁਸ਼ਿਆਰਪੁਰ ਵਿਖੇ ਕਰਾਇਆ ਗਿਆ, ਜਿਸ ਵਿੱਚ 'ਮੇਰਾ ਪਿੰਡ ਮੇਰੀ ਜ਼ਿੰਮੇਵਾਰੀ' ਮੁਹਿੰਮ ਤਹਿਤ ਕਰਾਏ ਗਏ ਜ਼ਿਲ੍ਹਾ ਪੱਧਰੀ ਮੁਕਾਬਲਿਆਂ 'ਚੋਂ ਬਰਨਾਲਾ ਦੇ ਸਾਰੇ ਪਿੰਡਾਂ ਵਿੱਚੋਂ ਭੋਤਨਾ ਪਿੰਡ ਨੂੰ ਪਹਿਲਾ ਸਥਾਨ ਪ੍ਰਾਪਤ ਹੋਇਆ। ਬਰਨਾਲਾ ਦੇ ਐਕਸੀਅਨ ਸ੍ਰੀ ਰਵਿੰਦਰ ਕੁਮਾਰ ਬਾਂਸਲ ਨੇ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਦੇ ਪਿੰਡਾਂ ਵਿੱਚ ਡਿਪਟੀ ਕਮਿਸ਼ਨਰ ਡਾ. ਹਰੀਸ਼ ਨਈਅਰ ਦੀ ਅਗਵਾਈ ਹੇਠ ਸਵੱਛਤਾ ਗਤੀਵਿਧੀਆਂ ਜਾਰੀ ਹਨ। ਇਨ੍ਹਾਂ ਸਵੱਛਤਾ ਗਤੀਵਿਧੀਆਂ ਤਹਿਤ ਰਾਜ ਪੱਧਰੀ ਸਮਾਗਮ ਦੌਰਾਨ ਕੈਬਨਿਟ ਮੰਤਰੀ ਸ੍ਰੀ ਬ੍ਰਹਮ ਸ਼ੰਕਰ ਜਿੰਪਾ (ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ), ਡਿਪਟੀ ਸਪੀਕਰ ਪੰਜਾਬ ਸ੍ਰੀ ਜੈ ਕਿਸਨ ਰੋੜੀ ਤੇ ਡੀ.ਕੇ ਤਿਵਾੜੀ ਪ੍ਰਮੁੱਖ ਸਕੱਤਰ ਪੰਜਾਬ (ਸਰਕਾਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ) ਵੱਲੋਂ ਪਿੰਡ ਭੋਤਨਾ ਦੇ ਸਰਪੰਚ ਬੁੱਧ ਸਿੰਘ ਤੇ ਹੋਰ ਪੰਚਾਇਤ ਮੈਂਬਰਾਂ ਨੂੰ ਪ੍ਰਸੰਸਾ ਪੱਤਰ ਤੇ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਸਨਮਾਨ ਤਹਿਤ ਪਿੰਡ ਭੋਤਨਾ ਨੂੰ ਇੱਕ ਲੱਖ ਦੀ ਵੱਖਰੀ ਗ੍ਰਾਂਟ ਵੀ ਮਿਲੇਗੀ।

# ਮੇਨ ਚੌਕ 'ਚ ਅਕਸਰ ਲੱਗਦੇ ਧਰਨਿਆਂ ਤੋਂ ਟ੍ਰੈਫ਼ਿਕ ਪੁਲਸ ਬੇਪ੍ਰਵਾਹ



**ਸਮਰਾਲਾ (ਸੁਰਜੀਤ ਸਿੰਘ)** ਜਦੋਂ ਵੀ ਕਿਸੇ ਸਿਆਸੀ ਪਾਰਟੀ ਨੂੰ ਸਮਾਜਿਕ ਸੰਸਥਾਵਾਂ ਤੇ ਹੋਰ ਲੋਕਾਂ ਨੂੰ ਸਰਕਾਰ, ਪੁਲਸ ਜਾਂ ਸਿਵਲ ਪ੍ਰਸਾਸਨ ਦੇ ਖਿਲਾਫ਼ ਕੋਈ ਵੀ ਖੁੰਨੱਸ ਹੋਵੇ ਤਾਂ ਸਿਆਸੀ, ਸਮਾਜਿਕ ਤੇ ਪਿੰਡਾਂ ਦੇ ਆਪੂ ਬਣੇ ਚੌਧਰੀ ਸਮਰਾਲੇ ਮੇਨ ਚੌਕ ਵਿੱਚ ਧਰਨਾ ਲਾ ਕੇ ਬੈਠ ਜਾਂਦੇ ਹਨ। ਇਸ ਨਾਲ ਚੰਡੀਗੜ੍ਹ-ਲੁਧਿਆਣਾ, ਖੰਨਾ-ਨਵਾਂਸ਼ਹਿਰ ਤੇ ਹੋਰ ਲੋਕਲ ਰੂਟਾਂ 'ਤੇ ਚੱਲਣ ਵਾਲੀ ਟ੍ਰੈਫਿਕ ਪੂਰੀ ਤਰਾਂ ਬਾਧਿਤ ਹੋ ਜਾਂਦੀ ਹੈ, ਜਿਸ ਨਾਲ ਬੇਕਸੂਰ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਸਥਾਨਕ ਪੁਲਸ ਬਜਾਏ ਇਸ ਦੇ ਕਿ ਉਹ ਧਰਨਾਕਾਰੀਆਂ ਕਾਰਨ ਟ੍ਰੈਫਿਕ ਵਿਚ ਪੈਂਦੀ ਰੁਕਾਵਟ ਨੂੰ ਬਹਾਲ ਕਰਾਏ, ਉਹ ਧਰਨਾ ਸਥਾਨ 'ਤੇ ਇਕੱਠੇ ਹੋ ਕੇ ਤਮਾਸ਼ਬੀਨ ਬਣੇ ਲਾਚਾਰੀ ਦੀ ਅਵਸਥਾ ਵਿੱਚ ਖੜੇ ਇਹ ਸਾਰਾ ਤਮਾਸ਼ਾ ਦੇਖਦੇ ਰਹਿੰਦੇ ਹਨ। ਹੋਰ ਤਾਂ ਹੋਰ ਸਥਾਨਕ ਸਿਵਲ ਪ੍ਰਸ਼ਾਸਨ ਵੀ ਲੋਕਾਂ ਨੂੰ ਰਹੀ ਪ੍ਰੇਸ਼ਾਨੀ ਦਾ ਕੋਈ ਨੋਟਿਸ ਨਹੀਂ ਲੈਂਦਾ ਅਤੇ ਨਾ ਹੀ ਕਦੇ ਆ ਕੇ ਸਿਵਲ ਪ੍ਰਸ਼ਾਸਨ ਨੇ ਨਿੱਤ ਦਿਹਾੜੇ ਹੁੰਦੀਆਂ ਅਜਿਹੀ ਘਟਨਾਵਾਂ ਦਾ ਜਾਇਜ਼ਾ ਹੀ ਲਿਆ ਹੈ।

ਧਰਨਾਕਾਰੀਆਂ ਦੇ ਭੀੜਤੰਤਰ ਅਤੇ ਪ੍ਰਸ਼ਾਸਨ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਹੁੰਦੀ ਕਿ ਜਾਮ ਵਿਚ ਫਸੇ ਲੋਕਾਂ ਨੂੰ ਆਪਣੀ ਮੰਜ਼ਲ 'ਤੇ ਪਹੁੰਚਣ ਦੀ ਕਿੰਨੀ ਕਾਹਲੀ ਹੁੰਦੀ ਹੈ। ਇਸ ਭੀੜਤੰਤਰ ਵਿਚ ਜ਼ਿਆਦਾਤਰ ਅਜਿਹੇ ਤੱਤ ਹੁੰਦੇ ਹਨ, ਜੋ ਸਰਕਾਰ ਤੇ ਪ੍ਰਸ਼ਾਸਨ ਵਿਰੋਧੀ ਹੁੰਦੇ ਹਨ, ਜਿਨ੍ਹਾਂ ਨੂੰ ਲੋਕ ਮਸਲਿਆਂ ਦੀ ਕੋਈ ਪ੍ਰਵਾਹ ਨਹੀਂ ਹੁੰਦੀ। ਹੋਰ ਤਾਂ ਹੋਰ ਸਿਆਸੀ ਪਾਰਟੀਆਂ ਦੇ ਆਗੂ ਜਿਨ੍ਹਾਂ ਨੂੰ ਅਜਿਹੇ ਇਕੱਠ ਮਸਾਂ ਹੀ ਮਿਲਦੇ ਹਨ, ਉਹ ਆਪਣੀ ਲੀਡਰੀ ਚਮਕਾਉਣ ਲਈ ਅਤੇ ਰਾਜ ਕਰਦਾ ਪਾਰਟੀ ਵਿਰੁੱਧ ਆਪਣੀ ਭੜਾਸ ਕੱਢਣ ਲਈ ਆ ਪਹੁੰਚਦੇ ਹਨ। ਇਹ ਇੱਕ ਤਰ੍ਹਾਂ ਨਾਲ ਰਵਾਇਤ ਹੀ ਬਣ ਗਈ ਹੈ ਕਿ ਜਦੋਂ ਵੀ ਕਿਸੇ ਨੂੰ ਸਰਕਾਰ ਜਾਂ ਸਥਾਨਕ ਪ੍ਰਸਾਸਨ ਨਾਲ ਕੋਈ ਰੰਜਿਸ਼ ਹੁੰਦੀ ਹੈ ਜਾਂ ਉਨ੍ਹਾਂ ਸਰਕਾਰ ਤੋਂ ਮੰਗਾਂ ਮੰਨਵਾਉਣੀਆਂ ਹਨ ਤਾਂ ਉਹ ਨੈਸ਼ਨਲ ਹਾਈਵੇਅ 'ਤੇ ਧਰਨਾ ਲਾ ਕੇ ਬੈਠ ਜਾਂਦੇ ਹਨ। ਪ੍ਰਭਾਵਤ ਲੋਕਾਂ ਨੂੰ ਇਹ ਵਹਿਮ ਹੈ ਕਿ ਜੇਕਰ ਉਹ ਟ੍ਰੈਫਿਕ ਜਾਮ ਕਰਨਗੇ ਅਤੇ ਲੋਕਾਂ ਨੂੰ ਪ੍ਰੇਸ਼ਾਨੀ ਹੋਵੇਗੀ ਤਾਂ ਹੀ ਪੁਲਸ ਪ੍ਰਸ਼ਾਸਨ ਹਰਕਤ ਵਿਚ ਆਵੇਗਾ ਨਹੀਂ ਤਾਂ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਵੇਗੀ।

ਉਨ੍ਹਾਂ ਕਿਹਾ ਕਿ ਲੀਡਰ ਲੋਕ ਵੀ ਲੋਕਾਂ ਨਹੀਂ ਸਮਝਾਉਂਦੇ ਕਿ ਨੈਸ਼ਨਲ ਹਾਈਵੇ ਰੋਕ ਕੇ ਆਮ ਜਨਤਾ ਨੂੰ ਪ੍ਰੇਸ਼ਾਨ ਨਾ ਕਰਨ। ਸਰਕਾਰ ਨੂੰ ਚਾਹੀਦਾ ਹੈ ਕਿ ਨੈਸ਼ਨਲ ਹਾਈਵੇ ਰੋਕਣ ਵਾਲੀਆਂ ਤੇ ਇਸ ਕੰਮ ਲਈ ਬਣੇ ਕਾਨੂੰਨ ਲਾਗੂ ਕਰਨ ਤੇ ਸਥਾਨਕ ਪੁਲਸ ਅਤੇ ਸਿਵਲ ਪ੍ਰਸ਼ਾਸਨ ਨੂੰ ਟ੍ਰੈਫਿਕ ਬਾਧਿਤ ਹੋਣ ਪ੍ਰਤੀ ਜ਼ਿੰਮੇਵਾਰ ਠਹਿਰਾਇਆ ਜਾਵੇ।

## ਕਾਤਰਾਂ

### *ਸ਼ਹੀਦ ਭਗਤ ਸਿੰਘ ਤੇ ਦੁਰਗਾ ਭਾਬੀ ਨੂੰ ਸਮਰਪਤ ਸੈਮੀਨਰ 15 ਨੂੰ*

*ਮੋਗਾ (ਅਮਰਜੀਤ ਬੱਬਰੀ)-ਨੇਚਰ ਪਾਰਕ ਵਿੱਚ ਹੋਈ ਜਮੂਹਰੀ ਅਧਿਕਾਰ ਸਭਾ ਪੰਜਾਬ ਦੀ ਮੋਗਾ ਇਕਾਈ ਦੀ ਮੀਟਿੰਗ ਦੀ ਕਾਰਵਾਈ ਦੀ ਰਿਪੋਰਟ ਜਾਰੀ ਕਰਦਿਆਂ ਸਭਾ ਦੇ ਪ੍ਰਧਾਨ ਸਰਬਜੀਤ ਦਾਉਧਰ ਨੇ ਦੱਸਿਆ ਕਿ ਮੀਟਿੰਗ ਦੇ ਸ਼ੁਰੂ ਵਿੱਚ ਜਮੂਹਰੀ ਅਧਿਕਾਰ ਸਭਾ ਦੇ ਸਰਗਰਮ ਆਗੂ ਐਡਵੋਕੇਟ ਅਸ਼ੋਕ ਸ਼ਰਮਾ ਦੇ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਸ਼ਰਧਾਂਜਲੀ ਭੇਟ ਕੀਤੀ ਗਈ। ਉਨ੍ਹਾਂ ਦੱਸਿਆ ਕਿ ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਦੁਰਗਾ ਭਾਬੀ ਦੀ ਯਾਦ ਨੂੰ ਸਮਰਪਤ ਇੱਕ ਸੈਮੀਨਰ ਮੋਗਾ ਦੇ ਸੁਤੰਤਰਤਾ ਸੈਨਾਨੀ ਭਵਨ ਵਿੱਚ 15 ਅਕਤੂਬਰ ਨੂੰ 10 ਵਜੇ ਕਰਾਇਆ ਜਾ ਰਿਹਾ ਹੈ। ਸਭਾ ਦੇ ਸਕੱਤਰ ਦਰਸ਼ਨ ਸਿੰਘ ਤੂਰ ਅਤੇ ਸੁਰਜੀਤ ਸਿੰਘ ਕਮਾਲ ਕੇ ਸੀਨੀਅਰ ਵਾਈਸ ਪ੍ਰਧਾਨ ਨੇ ਦੱਸਿਆ ਕਿ ਸੈਮੀਨਰ ਦੇ ਮੁੱਖ ਬੁਲਾਰੇ ਰਣਜੀਤ ਸਿੰਘ ਆਰਥਿਕ ਮਾਹਰ ਸੇਵਾ ਮੁਕਤ ਪ੍ਰੋਫੈਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਸੂਬਾ ਆਗੂ ਨਰਭਿੰਦਰ ਹੋਣਗੇ। ਮੀਟਿੰਗ ਵਿੱਚ ਲਖਵੀਰ ਚੰਦ, ਚਮਕੌਰ ਸਿੰਘ ਢੂਡੀਕੇ, ਸੋਹਣ ਸਿੰਘ ਢੂਡੀਕੇ ਸੇਵਾਮੁਕਤ ਏ. ਪੀ.ਐਮ, ਵਿਜੇ ਮਿੱਤਲ ਅਤੇ ਜਲੌਰ ਸਿੰਘ ਰੋਡੇ ਹਾਜ਼ਰ ਹੋਏ।*

### *ਪਸ਼ੂ ਹਸਪਤਾਲ 'ਚ ਡਾਕਟਰ ਨਾ ਹੋਣ ਕਾਰਨ ਲੋਕ ਦੁਖੀ*

*ਧੂਰੀ (ਸੁਖਦੇਵ ਧੂਰੀ) ਇਕ ਪਾਸੇ ਸਰਕਾਰ ਪਸ਼ੂ ਪਾਲਕਾਂ ਲਈ ਵੱਖ-ਵੱਖ ਯੋਜਨਾਵਾਂ ਚਲਾਉਣ ਦਾ ਦਾਅਵਾ ਕਰ ਰਹੀ ਹੈ। ਪਰ ਹਕੀਕਤ ਇਹ ਹੈ ਕਿ ਯੋਜਨਾਵਾਂ ਤਾਂ ਸਿਰਫ਼ ਕਾਗ਼ਜ਼ਾਂ ਵਿਚ ਹੀ ਸੀਮਤ ਹੋ ਕੇ ਰਹਿ ਗਈਆਂ ਹਨ ਅਤੇ ਧੂਰੀ ਹਲਕੇ ਦੇ ਕਈ ਪਿੰਡਾਂ ਵਿਚ ਬਣੀਆਂ ਡਿਸਪੈਂਸਰੀਆਂ ਵਿੱਚ ਮਾਹਰ ਡਾਕਟਰ ਹੀ ਨਹੀਂ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਸੀਨੀਅਰ ਆਗੂ ਸਰਬਜੀਤ ਸਿੰਘ ਜਹਾਂਗੀਰ ਨੇ ਕਹੇ। ਕਿਸਾਨ ਆਗੂ ਨੇ ਕਿਹਾ ਕਿ ਪਿੰਡ ਜਹਾਂਗੀਰ ਦਾ ਪਸ਼ੂ ਹਸਪਤਾਲ ਸ਼ੋਅਪੀਸ ਬਣ ਕੇ ਰਹਿ ਗਿਆ ਹੈ। ਪਿਛਲੇ ਕਾਫੀ ਸਮੇਂ ਤੋਂ ਹਸਪਤਾਲ ਵਿੱਚ ਕੋਈ ਡਾਕਟਰ ਨਹੀਂ ਹੈ, ਜਿਸ ਕਾਰਨ ਪਸ਼ੂ ਪਾਲਕਾਂ ਨੂੰ ਦੂਰ ਦੁਰਾਡੇ ਪਸ਼ੂ ਹਸਪਤਾਲਾਂ ਵਿੱਚ ਗੇੜੇ ਮਾਰਨੇ ਪੈ ਰਹੇ ਹਨ ਤੇ ਜਾਂ ਫਿਰ ਪ੍ਰਾਈਵੇਟ ਡਾਕਟਰਾਂ ਤੋਂ ਉੱਨ ਲੁਹਾਉਣੀ ਪੈ ਰਹੀ ਹੈ। ਸਰਬਜੀਤ ਸਿੰਘ ਜਹਾਂਗੀਰ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪਿੰਡ ਜਹਾਂਗੀਰ ਦੇ ਹਸਪਤਾਲ ਵਿੱਚ ਤੁਰੰਤ ਵੈਟਰਨਰੀ ਇੰਸਪੈਕਟਰ ਦੀ ਨਿਯੁਕਤੀ ਕੀਤੀ ਜਾਵੇ। ਇਸ ਮੌਕੇ ਉਨ੍ਹਾਂ ਨਾਲ ਗੁਰਚਰਨ ਸਿੰਘ ਸਾਬਕਾ ਸਰਪੰਚ, ਦੀਦਾਰ ਸਿੰਘ, ਕੂਕੂ ਸਿੰਘ ਸਾਬਕਾ ਸਰਪੰਚ, ਰਣਧੀਰ ਸਿੰਘ ਪੰਚ, ਬਲਜੀਤ ਸਿੰਘ ਫੌਜੀ, ਦਰਸਨ ਸਿੰਘ ਅਕਾਲੀ ਹਾਜ਼ਰ ਸਨ।*

### *ਦੁਰਗਾ ਅਸ਼ਟਮੀ ਮੌਕੇ ਕੀਤਾ ਕੰਜਕ ਪੂਜਨ*

*ਭੀਖੀ (ਧਰਮਵੀਰ ਸ਼ਰਮਾ)-ਸ੍ਰੀ ਤਾਰਾ ਚੰਦ ਵਿੱਦਿਆ ਮੰਦਰ ਵਿਖੇ ਸ੍ਰੀ ਦੁਰਗਾ ਅਸ਼ਟਮੀ ਦੇ ਮੌਕੇ 'ਤੇ ਕੰਜਕ ਪੂਜਨ ਕੀਤਾ ਗਿਆ। ਇਸ ਮੌਕੇ ਕੰਜਕਾਂ ਦੇ ਚਰਨ ਧੋ ਕੇ ਪੂਜਨ ਕੀਤਾ ਗਿਆ। ਉਨ੍ਹਾਂ ਨੂੰ ਤਿਲਕ ਲਾ ਕੇ ਚੁੰਨੀਆਂ, ਫਲ ਅਤੇ ਮਿਠਾਈਆਂ ਭੇਟ ਕੀਤੀਆਂ ਗਈਆਂ। ਸਕੂਲ ਪ੍ਰਿੰਸੀਪਲ ਸੰਜੀਵ ਕੁਮਾਰ ਤੇ ਸਾਰੇ ਹੀ ਸਟਾਫ ਵੱਲੋਂ ਇਸ ਪੂਜਨ ਵਿੱਚ ਭਾਗ ਲਿਆ।*

### *ਅਕਾਲ ਅਕੈਡਮੀ ਦੀਆਂ ਖਿਡਾਰਨਾਂ ਦੀ ਰਾਜ ਪੱਧਰੀ ਖੇਡਾਂ ਲਈ ਚੋਣ*



*ਚੀਮਾ ਮੰਡੀ (ਰਵਿੰਦਰ ਚੀਮਾ) ਕਲਗੀਧਰ ਟਰੱਸਟ ਬੜੂ ਸਾਹਿਬ ਦੁਆਰਾ ਸੰਚਾਲਿਤ ਅਕਾਲ ਅਕੈਡਮੀ ਚੀਮਾ ਦੀਆਂ ਖਿਡਾਰਨਾਂ ਨੇ ਜ਼ਿਲ੍ਹਾ ਪੱਧਰੀ ਫੁੱਟਬਾਲ ਖੇਡਾਂ 'ਚ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਕੇ ਬਾਜ਼ੀ ਮਾਰੀ। ਅਕਾਲ ਅਕੈਡਮੀ ਦੇ ਡੀ.ਪੀ.ਈ. ਪਰਗਟ ਸਿੰਘ ਨੇ ਦੱਸਿਆ ਕਿ 17 ਸਾਲ ਤੋਂ ਘੱਟ ਉਮਰ ਵਰਗ 'ਚ ਦਮਨਰੀਤ ਕੌਰ ਅਤੇ 19 ਸਾਲ ਤੋਂ ਘੱਟ ਉਮਰ ਵਰਗ 'ਚ ਜਸਲੀਨ ਕੌਰ ਤੇ ਹਰਮਨਪ੍ਰੀਤ ਕੌਰ ਦੀ ਰਾਜ ਪੱਧਰੀ ਫੁੱਟਬਾਲ ਖੇਡਾਂ ਲਈ ਚੋਣ ਹੋ ਗਈ ਹੈ। ਅਕਾਲ ਅਕੈਡਮੀ ਚੀਮਾ ਦੇ ਪ੍ਰਿੰਸੀਪਲ ਸੁਦਰਪਨ ਅਤੇ ਪ੍ਰਿੰਸੀਪਲ ਗੁਰਪ੍ਰੀਤ ਕੌਰ ਨੇ ਖਿਡਾਰਨਾ ਅਤੇ ਮਾਪਿਆਂ ਨੂੰ ਵਧਾਈ ਦਿੱਤੀ।*

# ਪੰਜਾਬ ਦਾ ਮੁੜ ਕਾਲੇ ਦੌਰ 'ਚ ਚਲੇ ਜਾਣ ਦਾ ਖਦਸ਼ਾ : ਸੇਖੋਂ

**ਬਠਿੰਡਾ (ਬਖਤੌਰ ਢਿੱਲੋਂ)**

ਮਾਨਸਾ ਤੋਂ ਗੈਂਗਸਟਰ ਦੀਪਕ ਟੀਨੂ ਦੇ ਫਰਾਰ ਹੋਣ 'ਤੇ ਰਾਜ ਦੀ ਕਾਨੂੰਨੀ ਵਿਵਸਥਾ ਤੋਂ ਤੰਗ ਆਏ ਗੁਰਦਾਸਪੁਰ ਦੇ ਇੱਕ ਨੌਜਵਾਨ ਵੱਲੋਂ ਪੁਲਸ ਦਾ ਹਥਿਆਰ ਲੈ ਕੇ ਭੱਜ ਜਾਣ ਨਾਲ ਸਪੱਸ਼ਟ ਹੋ ਗਿਆ ਕਿ ਮੌਜੂਦਾ ਪੰਜਾਬ ਸਰਕਾਰ ਦਾ ਸੂਬੇ ਦੇ ਲਾਅ ਐਂਡ ਆਰਡਰ 'ਤੇ ਕੰਟਰੋਲ ਨਹੀਂ ਹੈ। ਪੰਜਾਬ ਦੇ ਹਾਲਾਤ ਖਰਾਬ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ, ਪਰ ਮੁੱਖ ਮੰਤਰੀ ਤੇ ਉਸਦੇ ਵਜ਼ੀਰ ਦੂਜੇ ਸੂਬਿਆਂ ਵਿੱਚ ਆਪਣੀ ਪਾਰਟੀ ਲਈ ਵੋਟਾਂ ਹਾਸਲ ਵਿੱਚ ਰੁੱਝੇ ਹੋਏ ਹਨ। ਇਹ ਵਿਚਾਰ ਪ੍ਰਗਟ ਕਰਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ. ਸੁਖਵਿੰਦਰ ਸਿੰਘ ਸੇਖੋਂ ਨੇ ਖਦਸ਼ਾ ਪ੍ਰਗਟ ਕੀਤਾ ਕਿ ਜੇਕਰ ਰਾਜ ਸਰਕਾਰ ਨੇ ਸਖ਼ਤ ਕਾਰਵਾਈ ਕਰਕੇ ਸਥਿਤੀ ਨੂੰ ਕਾਬੂ ਨਾ ਕੀਤਾ ਤਾਂ ਪੰਜਾਬ ਮੁੜ ਭਿਆਨਕ ਕਾਲੇ ਦੌਰ ਵਿੱਚ ਚਲਾ ਜਾਵੇਗਾ।

ਵਰਨਣਯੋਗ ਹੈ ਕਿ ਕਿ ਬੀਤੇ ਦਿਨ ਮੂਸੇਵਾਲਾ ਕਤਲ ਕਾਂਡ ਵਿੱਚ ਸ਼ਾਮਲ ਲਾਰੈਂਸ ਬਿਸ਼ਨੋਈ ਦੇ ਨਜ਼ਦੀਕੀ ਗੈਂਗਸਟਰ ਦੀਪਕ ਟੀਨੂ ਨੂੰ ਗੋਇੰਦਵਾਲ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਗਿਆ ਸੀ। ਜਿਸ ਨੂੰ ਮਾਨਸਾ ਦਾ ਪੁਲਸ ਇੰਸਪੈਕਟਰ ਪ੍ਰਿਤਪਾਲ ਸਿੰਘ ਆਪਣੀ ਪ੍ਰਾਈਵੇਟ ਗੱਡੀ ਵਿੱਚ ਬਗੈਰ ਹੱਥਕੜੀ ਤੋਂ ਝੁਨੀਰ ਦੇ ਇੱਕ ਹੋਟਲ ਵਿੱਚ ਲਿਜਾ ਰਿਹਾ ਸੀ, ਜਿੱਥੋਂ ਰਾਤ ਦੇ ਗਿਆਰਾਂ ਵਜੇ ਉਹ ਫਰਾਰ ਹੋ ਗਿਆ।

ਇਹ ਫਰਾਰੀ ਕਈ ਸੁਆਲ ਖੜੇ ਕਰਦੀ ਹੈ। ਟੀਨੂ ਇੱਕ ਅਹਿਮ ਕੇਸ ਵਿੱਚ ਸ਼ਾਮਲ ਸੀ, ਫੇਰ ਉਸਨੂੰ ਪ੍ਰਾਈਵੇਟ ਗੱਡੀ ਵਿੱਚ ਬਗੈਰ ਹੱਥਕੜੀ ਤੋਂ ਰਾਤ ਸਮੇਂ ਕਿਉਂ ਲਿਜਾਇਆ ਗਿਆ?

ਕਾ. ਸੇਖੋਂ ਨੇ ਕਿਹਾ ਕਿ ਪੰਜਾਬ ਦੇ ਲੋਕ ਸਾਂਤੀ ਚਾਹੁੰਦੇ ਹਨ। ਕਾਲੇ ਦੌਰ ਦਾ ਨਾਂਅ ਵੀ ਸੁਣਨ ਲਈ ਤਿਆਰ ਨਹੀਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਲਾਅ ਐਂਡ ਆਰਡਰ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਅਸ਼ਾਂਤੀ ਫੈਲਾਉਣ ਵਾਲੀਆਂ ਸਾਜ਼ਿਸ਼ਾਂ ਨੂੰ ਰੋਕਣਾ ਚਾਹੀਦਾ ਹੈ।

ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨੂੰ ਚਾਹੀਦਾ ਹੈ ਕਿ ਉਹ ਹੋਰ ਸੂਬਿਆਂ ਵਿੱਚ ਪਾਰਟੀ ਲਈ ਵੋਟਾਂ ਮੰਗਣ ਦੀ ਬਜਾਏ ਆਪਣੇ ਸੂਬੇ ਵਿੱਚ ਰਹਿ ਕੇ ਸਥਿਤੀ ਤੇ ਕੰਟਰੋਲ ਕਰਨ ਅਤੇ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਣ, ਜੇਕਰ ਉਹ ਨਹੀਂ ਸੰਭਾਲ ਸਕਦੇ ਤਾਂ ਸੱਤਾ ਤੋਂ ਪਾਸੇ ਹੋ ਜਾਣਾ ਚਾਹੀਦਾ ਹੈ।

# ਕਰਨੈਲ ਗੇਟ 'ਚ ਦਿਨ-ਦਿਹਾੜੇ ਗੋਲੀਆਂ ਚੱਲਣ ਨਾਲ ਫੈਲੀ ਦਹਿਸ਼ਤ

**ਜਗਰਾਓਂ (ਅਮਿਤ ਖੰਨਾ, ਸੰਜੀਵ ਅਰੋੜਾ)**-ਜਗਰਾਉਂ ਦੇ ਕਰਨੈਲ ਗੇਟ ਗਲੀ ਨੰਬਰ 1 ਤੇ 6 ਕੋਲ ਸਵੇਰੇ ਪੰਜ-ਛੇ ਗੋਲੀਆਂ ਚੱਲੀਆਂ। ਫਾਇਰਿੰਗ ਦੀਆਂ ਆਵਾਜ਼ਾਂ ਸੁਣਦੇ ਹੀ ਚਾਰੇ ਪਾਸੇ ਦਹਿਸ਼ਤ ਫੈਲ ਗਈ। ਗੋਲੀਆਂ ਦੀ ਆਵਾਜ਼ ਸੁਣ ਕੇ ਲੋਕ ਵੀ ਘਰਾਂ ਤੋਂ ਬਾਹਰ ਆ ਗਏ।

ਗੋਲੀਆਂ ਚੱਲਣ ਦੀ ਆਵਾਜ਼ ਸੁਣ ਕੇ ਲੋਕਾਂ ਨੇ ਥਾਣਾ ਸਦਰ ਦੇ ਐਸ ਐਚ ਓ ਇੰਦਰਜੀਤ ਸਿੰਘ ਨੂੰ ਫੋਨ ਕੀਤਾ। ਐਸ ਐਚ ਓ ਪੁਲਸ ਟੀਮ ਮੌਕੇ 'ਤੇ ਪਹੁੰਚੀ ਤਾਂ ਕਰਨੈਲ ਗੇਟ ਕੋਲ ਹੋਈ ਗੋਲੀਬਾਰੀ ਦੀ ਜਾਂਚ ਕਰਨ 'ਚ ਜੁੱਟ ਗਈ। ਐਸ ਐਚ ਓ ਇੰਦਰਜੀਤ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਜਾਰੀ ਹੈ, ਫਿਲਹਾਲ ਤਿੰਨ-ਚਾਰ ਵਿਅਕਤੀਆਂ ਦੇ ਕੱਚੇ ਨਾਮ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ ਸੇਰੂ ਗੋਲੂ ਤੇ ਪੀਤੀ ਹਨ। ਪੁਲਸ ਨੇ ਦੱਸਿਆ ਕਿ ਇਹ ਆਪਸੀ ਲੜਾਈ ਦਾ ਮਾਮਲਾ ਹੈ, ਜਿਸ ਵਿਚ ਲੜਕੀ ਨਾਲ ਛੇੜਛਾੜ ਕੀਤੀ ਗਈ, ਫਿਰ ਆਸਪਾਸ ਲੜਾਈ ਹੋਈ ਤੇ ਗੋਲੀਆਂ ਚਲਾਈਆਂ ਗਈਆਂ।

ਉਨ੍ਹਾ ਕਿਹਾ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ। ਜਾਣਕਾਰੀ ਅਨੁਸਾਰ ਜਿਨ੍ਹਾਂ ਲੋਕਾਂ ਨੇ ਗੋਲੀਆਂ ਚਲਾਈਆਂ ਹਨ, ਉਨ੍ਹਾਂ 'ਤੇ ਪਹਿਲਾਂ ਵੀ ਪਰਚੇ ਦਰਜ ਹਨ।

# ਇਹ ਲੜਾਈ ਇਕੱਲੇ ਅਕਾਲੀ ਦਲ ਦੀ ਨਹੀਂ, ਸਾਰੇ ਪੰਜਾਬੀਆਂ ਦੀ ਹੈ : ਰੋਜ਼ੀ ਬਰਕੰਦੀ

## * 7 ਦੇ ਖਾਲਸਾ ਰੋਸ ਮਾਰਚ ਦੀਆਂ ਤਿਆਰੀਆਂ ਮੁਕੰਮਲ



ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਸਾਬਕਾ ਵਿਧਾਇਕ ਰੋਜ਼ੀ ਬਰਕੰਦੀ।

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਹਰਿਆਣਾ ਸ਼੍ਰੋਮਣੀ ਕਮੇਟੀ ਨੂੰ ਸੁਪਰੀਮ ਕੋਰਟ ਵੱਲੋਂ ਮਾਨਤਾ ਦਿੱਤੇ ਜਾਣ ਤੋਂ ਖਫਾ ਅਕਾਲੀ ਦਲ ਵੱਲੋਂ ਤੇ ਪੰਜਾਬ ਦੀਆਂ ਪੰਥਕ ਹਿਤੈਸ਼ੀ ਜਥੇਬੰਦੀਆਂ ਵੱਲੋਂ 7 ਅਕਤੂਬਰ ਨੂੰ ਇਸ ਫੈਸਲੇ ਖਿਲਾਫ਼ ਇੱਕ ਸੂਬਾ ਪੱਧਰੀ ਰੋਸ ਮਾਰਚ ਕੀਤਾ ਜਾ ਰਿਹਾ ਹੈ। ਇਸ ਸਬੰਧੀ ਅੱਜ ਭਾਈ ਮਹਾਂ ਸਿੰਘ ਹਾਲ ਮੁਕਤਸਰ ਵਿਖੇ ਵਰਕਰ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੇ ਕਿਹਾ ਕਿ ਲੜਾਈ ਇਕੱਲੇ ਅਕਾਲੀ ਦਲ ਦੀ ਨਹੀਂ, ਸਗੋਂ ਸਾਰੇ ਪੰਜਾਬੀਆਂ ਦੀ ਹੈ। ਉਨ੍ਹਾਂ ਕਿਹਾ ਕਿ ਇਸ ਫੈਸਲੇ ਦੇ ਖਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 7 ਅਕਤੂਬਰ ਨੂੰ ਤਲਵੰਡੀ ਸਾਬੋ ਤੋਂ ਅੰਮ੍ਰਿਤਸਰ ਤੱਕ ਖਾਲਸਾ ਰੋਸ ਮਾਰਚ ਕੀਤਾ ਜਾ ਰਿਹਾ ਹੈ, ਜਿਸ ਵਿੱਚ ਸ੍ਰੀ ਮੁਕਤਸਰ ਸਾਹਿਬ ਤੋਂ ਸੈਂਕੜ ਗੱਡੀਆਂ ਦਾ ਕਾਫਲਾ ਇਸ ਰੋਸ ਮਾਰਚ ਵਿੱਚ ਸ਼ਿਰਕਤ ਕਰੇਗਾ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਇਸ ਗੰਭੀਰ ਮਸਲੇ 'ਤੇ ਸਹੀ ਪੈਰਵਈ ਕੀਤੀ ਹੁੰਦੀ ਤਾਂ ਇਹ ਮੰਦਭਾਗਾ ਫੈਸਲਾ ਟਲ ਸਕਦਾ ਸੀ। ਉਨ੍ਹਾਂ ਕਿਹਾ ਕਿ ਇਸ ਖਾਲਸਾ ਰੋਸ ਮਾਰਚ ਲਈ ਵਰਕਰਾਂ ਵਿੱਚ ਭਾਰੀ ਜੋਸ਼ ਪਾਇਆ ਜਾ ਰਿਹਾ ਹੈ ਤੇ ਸਬੰਧੀ ਵਰਕਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਇਸ ਮੌਕੇ ਸੀਨੀਅਰ ਅਕਾਲੀ ਆਗੂ ਭਾਈ ਰਾਹੁਲ, ਹਨੀ ਫੱਤਣਵਾਲਾ, ਹਰਪਾਲ ਸਿੰਘ ਬੇਦੀ, ਹੀਰਾ ਸਿੰਘ ਚੜ੍ਹੇਵਾਨ, ਬਿੰਦਰ ਗੋਨਿਆਣਾ, ਮੈਨੇਜਰ ਰੇਸ਼ਮ ਸਿੰਘ, ਜਗਤਾਰ ਸਿੰਘ ਪੱਪੀ, ਮਿਹਰਬਾਨ ਸਿੰਘ, ਪੂਰਨ ਸਿੰਘ, ਗੋਗੀ ਅਕਾਲਗੜ੍ਹ, ਸ਼ਿੰਦਰ ਕੌਰ, ਰਾਮ ਸਿੰਘ ਪੱਪੀ, ਜਗਵੰਤ ਸਿੰਘ, ਗੁਰਵਿੰਦਰ ਸਿੰਘ, ਰੂਪ ਸਿੰਘ, ਚਰਨ ਦਾਸ ਚੰਨਾ, ਹਰਵਿੰਦਰ ਸਿੰਘ, ਹਰਮੀਤ ਸਿੰਘ, ਪਰਮਿੰਦਰ ਸਿੰਘ ਪਾਸ਼ਾ ਆਦਿ ਹਾਜ਼ਰ ਸਨ।

# ਹੰਡਿਆਇਆ ਵਿਖੇ 35 ਏਕੜ 'ਚ ਬਣੇਗਾ ਮਿੰਨੀ ਜੰਗਲ : ਡੀ ਸੀ



**ਬਰਨਾਲਾ, (ਰਜਿੰਦਰ ਬਰਾੜ)**-ਵਾਤਾਵਰਣ ਮੰਤਰੀ ਪੰਜਾਬ ਗੁਰਮੀਤ ਸਿੰਘ ਮੀਤ ਹੇਅਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਹਰਿਆਵਲ ਮੁਹਿੰਮ ਤਹਿਤ ਪੌਦੇ ਲਾਉਣੇ ਜਾਰੀ ਹਨ। ਡਿਪਟੀ ਕਮਿਸ਼ਨਰ ਬਰਨਾਲਾ ਡਾ. ਹਰੀਸ਼ ਨਈਆ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਸੁਰੱਖਿਅਤ ਥਾਂਵਾਂ 'ਤੇ 'ਮਿੰਨੀ ਜੰਗਲ' ਦੇ ਰੂਪ ਵਿੱਚ ਪੌਦੇ ਲਾਏ ਜਾ ਰਹੇ ਹਨ ਤਾਂ ਜੁ ਜ਼ਿਲ੍ਹੇ ਨੂੰ ਹਰੀ ਪੱਟੀ ਵਜੋਂ ਵਿਕਸਤ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਜਿੱਥੇ ਜੰਗਲਾਤ ਵਿਭਾਗ ਵੱਲੋਂ ਸੜਕਾਂ ਤੇ ਹੋਰ ਥਾਂਵਾਂ ਉਤੇ ਪੌਦੇ ਲਾਏ ਗਏ ਹਨ, ਉਥੇ ਸਿੱਖਿਆ ਵਿਭਾਗ ਨੂੰ ਵੱਡੀ ਜ਼ਿੰਮੇਵਾਰ ਸੌਂਪੀ ਗਈ ਹੈ ਤੇ ਸਿੱਖਿਆ ਵਿਭਾਗ ਰਾਹੀਂ ਸਕੂਲਾਂ ਤੇ ਹੋਰ ਸਾਂਝੀਆਂ ਥਾਵਾਂ 'ਤੇ ਹੁਣ ਤੱਕ 2,33,000 ਪੌਦੇ ਲਾਏ ਜਾ ਚੁੱਕੇ ਹਨ। ਵਧੀਕ ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਨੇ ਦੱਸਿਆ ਕਿ ਹੰਡਿਆਇਆ ਵਿੱਚ 35 ਏਕੜ ਵਿੱਚ ਮਿੰਨੀ ਜੰਗਲ ਬਣਾਇਆ ਜਾਣਾ ਹੈ ਤੇ ਹੁਣ ਤੱਕ 6 ਏਕੜ ਵਿਚ 4100 ਦੇ ਕਰੀਬ ਪੌਦੇ ਲਾਏ ਜਾ ਚੁੱਕੇ ਹਨ। ਇਸ ਤੋਂ ਇਲਾਵਾ ਟੋਲ ਪਲਾਜ਼ਾ ਜਗਜੀਤਪੁਰਾ 'ਤੇ 6000 ਤੋਂ ਵੱਧ ਪੌਦੇ ਲਾਏ ਜਾ ਚੁੱਕੇ ਹਨ। ਇਸੇ ਤਰ੍ਹਾਂ ਜੀ ਮਾਲ ਨੇੜੇ ਪੁਲ ਨੇੜਲੀਆਂ ਖਾਲੀ ਥਾਂਵਾਂ ਤੋਂ ਇਲਾਵਾ ਪੱਤੀ ਸੋਹਲ ਮੁੜ ਵਸੇਬਾ ਕੇਂਦਰ 'ਚ 600 ਬੂਟੇ ਲਾਏ ਗਏ ਹਨ। ਇਸ ਤੋਂ ਇਲਾਵਾ ਪਿੰਡ ਨੰਗਲ ਵਿਚ ਡੇਢ ਏਕੜ ਵਿੱਚ ਮਿਨੀ ਜੰਗਲ ਉਸਾਰਨ ਲਈ ਪੌਦੇ ਲਾਏ ਗਏ ਹਨ ਤੇ ਪਿੰਡ ਕੁਰੜ ਵਿੱਚ ਸਾਢੇ 3 ਏਕੜ ਵਿੱਚ ਪੌਦੇ ਲਾਏ ਗਏ ਹਨ। ਉਨ੍ਹਾਂ ਦੱਸਿਆ ਕਿ ਅਨਾਜ ਮੰਡੀ ਬਰਨਾਲਾ ਵਿੱਚ 1500 ਦੇ ਕਰੀਬ ਪੌਦੇ, ਢਿੱਲਵਾਂ ਬਿਰਧ ਆਸ਼ਰਮ ਕੰਪਲੈਕਸ ਵਿੱਚ 500 ਦੇ ਕਰੀਬ ਪੌਦੇ ਤੇ ਢਿੱਲਵਾਂ ਡਿਸਪੈਂਸਰੀ ਵਿੱਚ ਵੀ ਪੌਦੇ ਲਾਏ ਗਏ ਹਨ। ਇਸ ਤੋਂ ਇਲਾਵਾ ਰਾਊਂਡ ਗਲਾਸ ਫਾਊਂਡੇਸ਼ਨ ਦੇ ਸਹਿਯੋਗ ਨਾਲ ਪਿੰਡ ਸੱਦੋਵਾਲ 'ਚ ਮਿੰਨੀ ਜੰਗਲ ਵਾਸਤੇ ਪੌਦੇ ਲਾਏ ਗਏ ਹਨ ਤੇ ਮੂੰਮ ਸਕੂਲ ਵਿੱਚ ਵੀ ਇੱਕ ਏਕੜ ਵਿੱਚ ਗਰੀਨ ਕਵਰ ਉਸਾਰਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿੰਡ ਟੱਲੇਵਾਲ ਵਿਖੇ ਟੋਭੇ ਦੁਆਲੇ 1500 ਦੇ ਕਰੀਬ ਪੌਦੇ ਲਾਏ ਗਏ ਹਨ ਤੇ ਖੁੱਡੀ ਕਲਾਂ ਵਿਖੇ ਕਿਸਾਨ ਜਥੇਬੰਦੀਆਂ ਵੱਲੋਂ 500 ਤੋਂ ਵੱਧ ਪੌਦੇ ਲਾਏ ਗਏ ਹਨ। ਇਸ ਤੋਂ ਇਲਾਵਾ ਬਡਬਰ ਵਿਖੇ ਜਲਗਾਹ ਬਣਾਉਣ ਦੀ ਕਵਾਇਦ ਵੀ ਜਾਰੀ ਹੈ।

# ਸਮਾਜ ਸੇਵੀ ਭੀਮ ਕੰਬੋਜ ਰੋਟਰੀ ਕਲੱਬ 'ਚ ਹੋਏ ਸ਼ਾਮਲ



ਰੋਟਰੀ ਕਲੱਬ ਦੇ ਪ੍ਰਧਾਨ ਤੇ ਮੈਂਬਰ ਭੀਮ ਕੰਬੋਜ ਦਾ ਸਨਮਾਨ ਕਰਦੇ ਹੋਏ।

**ਗੁਰੂ ਹਰਸਹਾਏ (ਫਕੀਰ ਚੰਦ ਸੀਕਰੀ)**-ਰੋਟਰੀ ਕਲੱਬ ਗੁਰੂ ਹਰਸਹਾਏ ਵੱਲੋਂ ਸਮਾਜ ਦੀ ਭਲਾਈ ਲਈ ਕੀਤੇ ਜਾ ਰਹੇ ਵੱਖ ਵੱਖ ਸਮਾਜ ਸੇਵੀ ਕਾਰਜਾਂ ਤੋਂ ਉਤਸ਼ਾਹਤ ਹੁੰਦਿਆਂ ਉੱਘੇ ਸਮਾਜ ਸੇਵੀ ਤੇ ਅਗਾਂਹਵਧੂ ਸੋਚ ਦੇ ਮਾਲਕ ਭੀਮ ਕੰਬੋਜ ਸੈਦੇ ਕੇ ਰੋਟਰੀ ਕਲੱਬ ਗੁਰੂ ਹਰਸਹਾਏ ਵਿੱਚ ਸ਼ਾਮਲ ਹੋ ਗਏ ਹਨ। ਕਲੱਬ ਦੇ ਪ੍ਰਧਾਨ ਤੇ ਮੈਂਬਰਾਂ ਵੱਲੋਂ ਭੀਮ ਕੰਬੋਜ ਨੂੰ ਧਾਰਮਿਕ ਫੋਟੋ ਦੇਖ ਕੇ ਉਸ ਦਾ ਕਲੱਬ ਵਿੱਚ ਆਉਣ 'ਤੇ ਸਨਮਾਨ ਕੀਤਾ ਗਿਆ ਤੇ ਉਨ੍ਹਾਂ ਤੋਂ ਉਮੀਦ ਪ੍ਰਗਟ ਕੀਤੀ ਕਿ ਉਹ ਰੋਟਰੀ ਕਲੱਬ ਵੱਲੋਂ ਆਰੰਭੀਆਂ ਸਮਾਜ ਸੇਵੀ ਗਤੀਵਿਧੀਆਂ ਵਿੱਚ ਆਪਣਾ ਅਹਿਮ ਯੋਗਦਾਨ ਪਾਉਣਗੇ। ਇਸ ਦੌਰਾਨ ਭੀਮ ਕੰਬੋਜ ਨੇ ਕਿਹਾ ਕਿ ਸਮਾਜ ਸੇਵਾ ਸਭ ਤੋਂ ਉੱਤਮ ਸੇਵਾ ਹੈ, ਜੋ ਕਿ ਸਾਨੂੰ ਹਰ ਇੱਕ ਨਾਗਰਿਕ ਨੂੰ ਆਪਣਾ ਫ਼ਰਜ਼ ਸਮਝ ਕੇ ਕਰਨੀ ਚਾਹੀਦੀ ਹੈ। ਰੋਟਰੀ ਕਲੱਬ ਦੇ ਪ੍ਰਧਾਨ ਹਰਜਿੰਦਰ ਹਾਂਡਾ, ਜਨਰਲ ਸਕੱਤਰ ਸੰਦੀਪ ਕੰਬੋਜ, ਵਿੱਤ ਸਕੱਤਰ ਭਜਨ ਗੋਲੂਕਾ ਤੇ ਜਸਵਿੰਦਰ ਸ਼ੇਖੜਾ ਆਦਿ ਨੇ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰੋਟਰੀ ਕਲੱਬ ਵੱਲੋਂ ਆਰੰਭ ਕੀਤੇ ਸਮਾਜ ਸੇਵੀ ਕਾਰਜਾਂ ਵਿੱਚ ਪੂਰਨ ਸਹਿਯੋਗ ਦੇਣ ਤਾਂ ਜੋ ਇਨ੍ਹਾਂ ਕਾਰਜਾਂ ਨੂੰ ਹੋਰ ਜ਼ਿਆਦਾ ਪ੍ਰਭਾਵ ਪੂਰਨ ਤਰੀਕੇ ਨਾਲ ਹੋਰ ਅੱਗੇ ਵਧਾਇਆ ਜਾ ਸਕੇ।

# ਰੁਪਿੰਦਰ ਕੌਰ ਰੀਤੂ ਨੂੰ ਵੱਖ-ਵੱਖ ਨੁਮਾਇੰਦਿਆਂ ਵੱਲੋਂ ਸ਼ਰਧਾਂਜਲੀਆਂ



**ਲੌਂਗੋਵਾਲ, (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)** : ਪਿਛਲੇ ਦਿਨੀਂ ਸਾਬਕਾ ਕੌਂਸਲਰ ਜਗਸੀਰ ਸਿੰਘ ਗਾਂਧੀ ਦੀ ਨੌਜਵਾਨ ਧੀ ਰੁਪਿੰਦਰ ਕੌਰ ਰੀਤੂ ਦਾ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦੀ ਯਾਦ ਵਿੱਚ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਗੁਰਦੁਆਰਾ ਯਾਦਗਾਰ ਸ਼ਹੀਦ ਭਾਈ ਮਨੀ ਸਿੰਘ ਵਿਖੇ ਪਾਏ ਭੋਗ ਉਪਰੰਤ ਸ਼ਰਧਾਂਜਲੀ ਸਮਾਗਮ ਹੋਇਆ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਜਥੇਦਾਰ ਉਦੈ ਸਿੰਘ, ਚੇਅਰਮੈਨ ਮਹਿੰਦਰ ਸਿੰਘ ਦੁੱਲਟ, ਨਗਰ ਕੌਂਸਲ ਪ੍ਰਧਾਨ ਰਿਤੂ ਗੋਇਲ, ਵਿਜੇ ਗੋਇਲ, ਮੇਲਾ ਸਿੰਘ ਸੂਬੇਦਾਰ, ਕਿਸਾਨ ਯੂਨੀਅਨ ਦੇ ਸੂਬਾ ਸਕੱਤਰ ਭੁਪਿੰਦਰ ਸਿੰਘ ਲੌਂਗੋਵਾਲ, ਬਿਕਰਮਜੀਤ ਸਿੰਘ ਵਿੱਕੀ, ਰਣਜੀਤ ਸਿੰਘ ਕੁੱਕ ਐਮ.ਸੀ., ਗੁਰਮੀਤ ਸਿੰਘ ਲੱਲੀ ਐਮ.ਸੀ., ਸੰਜੇ ਸੈਣ, ਕਾਲਾ ਮਿੱਤਲ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਅੰਮ੍ਰਿਤਪਾਲ ਸਿੰਘ ਸਿੱਧੂ, ਪ੍ਰੈੱਸ ਸਕੱਤਰ ਅਮਰਜੀਤ ਸਿੰਘ ਗਿਆਨੀ, ਬਲਵਿੰਦਰ ਸਿੰਘ ਢਿੱਲੋਂ, ਭਾਜਪਾ ਆਗੂ ਰਤਨ ਕੁਮਾਰ ਮੰਗੂ, ਪਵਨ ਕੁਮਾਰ ਤਾਇਲ, ਹਰਮੇਸ਼ ਸਿੰਘ ਸਿੱਧੂ, ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਆਗੂ ਸਾਬਕਾ ਚੇਅਰਮੈਨ ਜੀਤ ਸਿੰਘ ਸਿੱਧੂ, ਭਗਵੰਤ ਸਿੰਘ, ਪ੍ਰਿੰ. ਹਰਪ੍ਰੀਤ ਸਿੰਘ ਸਿੱਧੂ, ਸਾਬਕਾ ਪ੍ਰਧਾਨ ਦਲਜੀਤ ਸਿੰਘ ਸਿੱਧੂ, ਸਾਬਕਾ ਪ੍ਰਧਾਨ ਜਗਦੇਵ ਸਿੰਘ ਸਿੱਧੂ, ਕਾ. ਬੀਬੀ ਸ਼ਮਿੰਦਰ ਕੌਰ ਗਿੱਲ, ਪ੍ਰਿੰ. ਓਮ ਪ੍ਰਕਾਸ਼ ਸੇਤੀਆ, ਕਿਸਾਨ ਆਗੂ ਲਖਵਿੰਦਰ ਸਿੰਘ ਭਾਲ ਤੋਂ ਇਲਾਵਾ ਵੱਖ-ਵੱਖ ਸਰਕਾਰੀ ਅਦਾਰਿਆਂ ਤੇ ਸਕੂਲਾਂ ਦੇ ਪ੍ਰਿੰਸੀਪਲ ਨੇ ਆਪਣੀ ਹਾਜ਼ਰੀ ਲਗਵਾਈ। ਇਨ੍ਹਾਂ ਤੋਂ ਇਲਾਵਾ ਇਸ ਸ਼ਰਧਾਂਜਲੀ ਸਮਾਗਮ ਮੌਕੇ ਪ੍ਰੈੱਸ ਕਲੱਬ ਦੇ ਸਮੂਹ ਪੱਤਰਕਾਰਾਂ ਨੇ ਵੀ ਹਾਜ਼ਰੀ ਲਗਵਾਈ।

# ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ 'ਚ ਅਧਿਆਤਮਕ ਪ੍ਰਵਚਨ

**ਮਲੋਟ, (ਗੁਰਮੀਤ ਸਿੰਘ ਮੱਕੜ)** ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਡੱਬਵਾਲੀ ਮਲਕੋ ਕੀ ਆਸ਼ਰਮ ਵਿੱਚ ਅਧਿਆਤਮਕ ਪ੍ਰਵਚਨਾਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਹਾਜ਼ਰ ਲੋਕਾਂ ਨੂੰ ਸੰਬੋਧਤ ਕਰਦੇ ਹੋਏ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੇ ਪਰਮ ਸ਼ਿਸ਼ ਸਵਾਮੀ ਪਰਮਾਨੰਦ ਨੇ ਕਿਹਾ ਕਿ ਯੁਵਾ ਉਹ ਸ਼ਕਤੀ ਹੈ, ਜਿਸਦਾ ਉਪਯੋਗ ਜੇ ਸਹੀ ਢੰਗ ਨਾਲ ਕੀਤਾ ਜਾਵੇ ਤਾਂ ਹਰ ਕੰਮ ਠੀਕ ਹੋ ਸਕਦਾ ਹੈ, ਪ੍ਰੰਤੂ ਅੱਜ ਦੇ ਸਮੇਂ ਵਿੱਚ ਆਪਣੀ ਉਸ ਸ਼ਕਤੀ ਨੂੰ ਭੁੱਲ ਕੇ ਉਸ ਤੋਂ ਕੋਹਾਂ ਦੂਰ ਖੜਾ ਹੋਇਆ, ਸਾਡਾ ਇਹ ਯੁਵਾ ਵਰਗ ਨਸ਼ਾਖੋਰੀ ਜਿਹੀ ਭਿਅੰਕਰ ਮਹਾਂਮਾਰੀ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਇਸ ਸੰਸਾਰ ਵਿੱਚ ਦੋ ਚੀਜ਼ਾਂ ਦੀ ਕੋਈ ਸੀਮਾ ਨਹੀਂ ਹੈ, ਇੱਕ ਆਕਾਸ਼ ਤੇ ਦੂਜਾ ਮਨੁੱਖ ਦੀ ਮੂਰਖਤਾ। ਅੱਜ ਦਾ ਇਨਸਾਨ ਆਪਣੀ ਪ੍ਰੇਸ਼ਾਨੀ ਤੇ ਤਣਾਅ ਨੂੰ ਦੂਰ ਕਰਨ ਦੇ ਲਈ ਜੇ ਨਸ਼ਾ ਕਰਦਾ ਹੈ ਤਾਂ ਇਹ ਉਸ ਦੀ ਮੂਰਖਤਾ ਹੀ ਕਹੀ ਜਾਵੇਗੀ। ਨਸ਼ੇ ਵਿੱਚ ਬਿਲਕੁਲ ਵੀ ਸੁੱਖ ਸ਼ਾਂਤੀ ਨਹੀਂ ਹੈ, ਜੇ ਕੋਈ ਨਸ਼ੇ ਦੀ ਦਲਦਲ ਵਿਚ ਇਸ ਲਈ ਪੈਰ ਰੱਖਦਾ ਹੈ ਕਿ ਉਸ ਨੂੰ ਮਜ਼ਾ ਮਿਲੇਗਾ ਤਾਂ ਉਹ ਇਸ ਜਗ੍ਹਾ 'ਤੇ ਗ਼ਲਤ ਹੈ, ਕਿਉਂਕਿ ਨਸ਼ਾ ਹੀ ਉਸ ਦੇ ਲਈ ਸਜ਼ਾ ਬਣ ਜਾਂਦਾ ਹੈ ਅਤੇ ਬਾਕੀ ਬਚਿਆ ਮਨ ਦਾ ਸਕੂਨ ਵੀ ਦੁੱਖ ਵਿੱਚ ਬਦਲ ਜਾਂਦਾ ਹੈ।



# ਸਰਬੱਤ ਦਾ ਭਲਾ ਟਰੱਸਟ ਨੇ ਲੋੜਵੰਦ ਪਰਵਾਰਾਂ ਨੂੰ ਵਿੱਤੀ ਸਹਾਇਤਾ ਦੇ ਚੈੱਕ ਵੰਡੇ



ਲੋੜਵੰਦ ਪਰਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡਦੇ ਮੈਂਬਰ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਮਾਜ ਸੇਵੀ ਤੇ ਦੁਬਈ ਦੇ ਉਘੇ ਕਾਰੋਬਾਰੀ ਡਾ. ਸੁਰਿੰਦਰਪਾਲ ਸਿੰਘ ਓਬਰਾਏ ਵੱਲੋਂ ਚਲਾਈ ਜਾ ਰਹੀ ਸਮਾਜਸੇਵੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਫਿਰੋਜ਼ਪੁਰ ਦੇ ਕਾਮਰੇਡ ਦਿਆਲ ਸਿੰਘ ਹਾਲ ਵਿੱਚ ਕਰਵਾਏ ਗਏ ਇੱਕ ਸਾਦਾ ਸਮਾਗਮ ਦੌਰਾਨ 34 ਜ਼ਰੂਰਤਮੰਦ, ਵਿਧਵਾਵਾਂ ਤੇ ਅੰਗਹੀਣ ਪਰਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ। ਇਹ ਚੈੱਕ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ ਤੇ ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ ਵੱਲੋਂ ਦੂਸਰੇ ਟੀਮ ਮੈਂਬਰਾਂ ਦੀ ਸਹਾਇਤਾ ਨਾਲ ਵੰਡੇ ਗਏ। ਸੰਸਥਾ ਦੀ ਇਸਤਰੀ ਵਿੰਗ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ ਤੇ ਬਲਵਿੰਦਰ ਪਾਲ ਸ਼ਰਮਾ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਓਬਰਾਏ ਵੱਲੋਂ ਜ਼ਿਲ੍ਹੇ ਅੰਦਰ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ ਦੀ ਨਿਗਰਾਨੀ ਅਧੀਨ ਕਈ ਹੋਰ ਲੋਕ ਭਲਾਈ ਦੇ ਕਾਰਜ ਸ਼ੁਰੂ ਕੀਤੇ ਹੋਏ ਹਨ, ਜਿਨ੍ਹਾਂ ਵਿੱਚ ਲੋੜਵੰਦਾਂ, ਅੰਗਹੀਣਾਂ ਤੇ ਵਿਧਵਾਵਾਂ ਨੂੰ ਮਹੀਨਾਵਾਰ ਪੈਨਸ਼ਨਾਂ, ਹੁਸ਼ਿਆਰ ਤੇ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ, ਮੈਡੀਕਲ ਸਹਾਇਤਾ, ਕਈ ਤਰ੍ਹਾਂ ਦੇ ਹੱਥੀਂ ਹੁਨਰ ਵਾਲੇ ਸਿਖਲਾਈ ਕੋਰਸ, ਸਕੂਲਾਂ ਤੇ ਜਨਤਕ ਸਥਾਨਾਂ 'ਤੇ ਸਾਫ ਪਾਣੀ ਵਾਲੇ ਆਰ ਓ ਲਗਾਏ ਜਾਂਦੇ ਹਨ।

ਇਸ ਮੌਕੇ ਬਲਵਿੰਦਰ ਪਾਲ ਸ਼ਰਮਾ ਪ੍ਰਧਾਨ ਫਿਰੋਜ਼ਪੁਰ, ਬਹਾਦਰ ਸਿੰਘ ਭੁੱਲਰ ਬਲਾਕ ਪ੍ਰਧਾਨ, ਤਲਵਿੰਦਰ ਕੌਰ, ਕੰਵਲਜੀਤ ਸਿੰਘ, ਬ੍ਰਿਜ ਭੂਸ਼ਨ, ਰਣਧੀਰ ਸ਼ਰਮਾ ਤੇ ਹੋਰ ਪਤਵੰਤੇ ਮੌਜੂਦ ਸਨ।

# ਡੀ ਏ ਵੀ ਕਾਲਜ 'ਚ ਵਰਕਸ਼ਾਪ



ਡੀ.ਏ.ਵੀ. ਕਾਲਜ ਵਿਖੇ ਵਰਕਸ਼ਾਪ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਤੇ ਸਟਾਫ਼।

**ਮਲੋਟ (ਗੁਰਮੀਤ ਸਿੰਘ ਮੱਕੜ)** ਡੀ.ਏ.ਵੀ. ਕਾਲਜ ਵਿਖੇ ਐਮ.ਜੀ.ਐਨ.ਸੀ.ਆਰ.ਈ. ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਦੇ ਨਿਰਦੇਸ਼ਾਂ ਅਧੀਨ 'ਪੇਂਡੂ ਉੱਦਮ ਵਿਕਾਸ ਸੈੱਲ ਤੇ ਕੈਂਪਸ ਅਤੇ ਕਮਿਊਨਿਟੀ ਵਿਚ ਸਥਿਰਤਾ' ਵਿਸ਼ੇ 'ਤੇ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਜ਼ਿਲ੍ਹਾ ਰਿਸੋਰਸ ਪਰਸਨ ਡਾ. ਸੁਖਵਿੰਦਰ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਵਰਕਸ਼ਾਪ ਦੇ ਵਿਸ਼ੇ ਨੂੰ ਬੜੇ ਹੀ ਸਟੀਕ ਤੇ ਸਾਰਥਕ ਸ਼ਬਦਾਂ ਵਿਚ ਪੇਸ਼ ਕੀਤਾ। ਉਨ੍ਹਾਂ ਨੇ ਸਥਿਰਤਾ ਅਤੇ ਉੱਦਮਤਾ, ਵਿਕਾਸ ਅਤੇ ਸਤਹੀ ਪ੍ਰਬੰਧਨ ਦੇ ਮਹੱਤਵ ਅਤੇ ਟੀਚਿਆਂ ਨੂੰ ਉਜਾਗਰ ਕੀਤਾ। ਉਨ੍ਹਾਂ ਰੋਜ਼ਾਨਾ ਜੀਵਨ ਵਿਚੋਂ ਉਦਾਹਰਨਾਂ ਲੈ ਕੇ ਟੀਚੇ ਪ੍ਰਾਪਤ ਕਰਨ ਦੇ ਤਰੀਕਿਆਂ ਬਾਰੇ ਵੀ ਵਿਸਥਾਰ ਨਾਲ ਦੱਸਿਆ। ਉਨ੍ਹਾਂ ਕਾਲਜ ਦਾ ਗ੍ਰੀਨ ਆਡਿਟ ਕੀਤਾ ਤੇ ਕਾਲਜ ਦੇ ਯਤਨਾਂ ਦੀ ਸ਼ਲਾਘਾ ਵੀ ਕੀਤੀ। ਕਾਰਜਕਾਰੀ ਪ੍ਰਿੰਸੀਪਲ ਸ੍ਰੀ ਸ਼ੁਭਾਸ਼ ਗੁਪਤਾ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਕਿਹਾ ਅਤੇ ਇਸ ਵਰਕਸ਼ਾਪ ਤਹਿਤ ਦਿੱਤੇ ਗਏ ਨਿਰਦੇਸ਼ਾਂ ਲਈ ਸਮੁੱਚੇ ਕਾਲਜ ਵਲੋਂ ਵਚਨਬੱਧਤਾ ਨੂੰ ਦਰਸਾਇਆ। ਨੋਡਲ ਅਫਸਰ, ਸ੍ਰੀ ਵਿੱਕੀ ਕਾਲੜਾ ਨੇ ਪੂਰੀ ਵਰਕਸ਼ਾਪ ਦਾ ਸੁਚੱਜੇ ਢੰਗ ਨਾਲ ਪ੍ਰਬੰਧਨ ਕੀਤਾ। ਸ਼੍ਰੀ ਸ਼ੁਦੇਸ਼ ਗਰੋਵਰ (ਡੀਨ ਅਕਾਦਮਿਕ), ਡਾ. ਵਿਨੀਤ ਕੁਮਾਰ (ਕੋਆਰਡੀਨੇਟਰ) ਅਤੇ ਸਮੂਹ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਨੇ ਇਸ ਵਰਕਸ਼ਾਪ ਵਿਚ ਵਧ-ਚੜ੍ਹ ਕੇ ਹਿੱਸਾ ਲਿਆ।

# ਆਂਗਣਵਾੜੀ ਵਰਕਰਾਂ ਨੇ ਮੰਗਾਂ ਨੂੰ ਲੈ ਕੇ ਕੀਤਾ ਰੋਸ ਪ੍ਰਦਰਸ਼ਨ



ਸਬ ਇੰਸਪੈਕਟਰ ਕੁਲਦੀਪ ਸਿੰਘ ਨੂੰ ਮੰਗ ਪੱਤਰ ਦਿੰਦੇ ਹੋਏ ਆਂਗਣਵਾੜੀ ਵਰਕਰਾਂ।

**ਭੀਖੀ (ਧਰਮਵੀਰ ਸ਼ਰਮਾ)** ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੇ ਸੱਦੇ ਤੇ ਬਲਾਕ ਭੀਖੀ ਵੱਲੋਂ ਬਲਾਕ ਪ੍ਰਧਾਨ ਜਸਵਮਤ ਕੌਰ ਫਰਮਾਹੀ ਦੀ ਅਗਵਾਈ ਹੇਠ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਅਤੇ ਮਸਲਿਆਂ ਨੂੰ ਲੈ ਕੇ ਬਲਾਕ ਪੱਧਰੀ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਇਸ ਮੌਕੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੇ ਨਾਂਅ ਉੱਚ ਅਧਿਕਾਰੀਆਂ ਰਾਹੀਂ ਮੰਗ ਪੱਤਰ ਭੇਜੇ।

ਇਸ ਮੌਕੇ ਵੱਡੀ ਗਿਣਤੀ ਵਿੱਚ ਇਕੱਤਰ ਹੋਈਆਂ ਵਰਕਰਾਂ ਤੇ ਹੈਲਪਰਾਂ ਨੇ ਪੰਜਾਬ ਅਤੇ ਕੇਂਦਰ ਸਰਕਾਰ ਦੇ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਉਨ੍ਹਾਂ ਮੰਗ ਕੀਤੀ ਕਿ ਜਿੰਨੀ ਦੇਰ ਸਰਕਾਰੀ ਮੁਲਾਜ਼ਮ ਦਾ ਦਰਜਾ ਨਹੀਂ ਦਿੱਤਾ ਜਾਂਦਾ ਉਨ੍ਹੀ ਦੇਰ ਘੱਟ ਘੱਟ ਉਜਰਤਾਂ ਨੂੰ ਲਾਗੂ ਕੀਤਾ ਜਾਵੇ। ਵਰਕਰਾਂ ਨੂੰ 24 ਹਜ਼ਾਰ ਅਤੇ ਹੈਲਪਰਾਂ ਨੂੰ 18 ਹਜ਼ਾਰ ਰੁਪਏ ਭੱਤਾ ਦਿੱਤਾ ਜਾਵੇ। ਆਂਗਣਵਾੜੀ ਸੈਂਟਰਾਂ ਦੀਆਂ ਇਮਾਰਤਾਂ ਆਧੁਨਿਕ ਸਹੂਲਤਾਂ ਵਾਲੀਆਂ ਬਣਾਈਆਂ ਜਾਣ। ਪੰਜਾਬ ਸਰਕਾਰ ਨਾਲ ਸਬੰਧਤ ਮੰਗਾਂ ਬਾਰੇ ਗੱਲ ਕਰਦਿਆਂ ਆਗੂਆਂ ਨੇ ਕਿਹਾ ਕਿ ਆਂਗਣਵਾੜੀ ਸੈਂਟਰਾਂ ਦੇ 3 ਸਾਲ ਤੋਂ 6 ਸਾਲ ਤੱਕ ਦੇ ਬੱਚੇ ਜੋ ਸਰਕਾਰ ਨੇ 2017 ਵਿੱਚ ਖੋਹ ਕੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਭੇਜ ਦਿੱਤੇ ਸਨ, ਨੂੰ ਵਾਪਸ ਸੈਂਟਰਾਂ ਵਿੱਚ ਭੇਜਿਆ ਜਾਵੇ ਅਤੇ ਆਂਗਣਵਾੜੀ ਵਰਕਰ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ। ਇਸ ਮੌਕੇ ਐਡੀਸ਼ਨਲ ਐਸਐਚਓ ਭੀਖੀ ਕੁਲਦੀਪ ਸਿੰਘ ਨੂੰ ਇੱਕ ਮੰਗ ਪੱਤਰ ਵੀ ਦਿੱਤਾ ਗਿਆ। ਇਸ ਮੌਕੇ ਸਿਮਰਜੀਤ ਕੌਰ, ਵੀਰਪਾਲ ਕੌਰ, ਗਗਨਦੀਪ ਕੌਰ, ਗੁਰਪਿਆਰ ਕੌਰ, ਸੁਖਚੈਨ ਕੌਰ, ਮਾਇਆ ਦੇਵੀ, ਬਲਜੀਤ ਕੌਰ, ਰਵਿੰਦਰ ਕੌਰ, ਜਸਵੀਰ ਕੌਰ ਤੇ ਹੋਰ ਵੀ ਹਾਜ਼ਰ ਸਨ।

# ਸ਼ਹਿਰ ਤੇ ਪਿੰਡਾਂ 'ਚ ਵਿਕਾਸ ਕਾਰਜ ਜਲਦੇ ਸ਼ੁਰੂ ਕਰਾਏ ਜਾਣਗੇ : ਦੇਵ ਮਾਨ



**ਨਾਭਾ, (ਵਰਿੰਦਰ ਵਰਮਾ)** ਹਲਕਾ ਵਿਧਾਨ ਸਭਾ ਨਾਭਾ ਦੇ ਸ਼ਹਿਰ ਤੇ ਪਿੰਡਾਂ ਦੇ ਵਿਕਾਸ ਕਾਰਜਾਂ ਦਾ ਕੰਮ ਬਹੁਤ ਜਲਦ ਵੱਡੇ ਪੱਧਰ 'ਤੇ ਸ਼ੁਰੂ ਕਵਾਇਆ ਜਾਵੇਗਾ ਤੇ ਆਉਣ ਵਾਲੇ ਥੋੜ੍ਹੇ ਸਮੇਂ 'ਚ ਹੀ ਸ਼ਹਿਰ ਨੂੰ ਵਿਕਾਸ ਪੱਖੋਂ ਮੋਹਰੀ ਹਲਕਾ ਬਣਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ 'ਆਪ' ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਆਮ ਆਦਮੀ ਪਾਰਟੀ ਦੇ ਫਾਊਂਡਰ ਮੈਂਬਰ ਡਾ. ਜਸਵੰਤ ਸਿੰਘ ਕਪੂਰ ਤੇ ਮਨਜੀਤ ਕੌਰ ਕਪੂਰ ਦੀ ਵਿਆਹ ਦੀ ਵਰ੍ਹਗੰਢ ਦੀ ਗੋਲਡਨ ਜੁਬਲੀ ਮੌਕੇ ਕਰਵਾਏ ਗਏ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਪਾਏ ਗਏ ਭੋਗ ਮੌਕੇ ਵਿਸ਼ੇਸ਼ ਗੱਲਬਾਤ ਕਰਦਿਆਂ ਕੀਤਾ।

ਵਿਧਾਇਕ ਦੇਵ ਮਾਨ ਨੇ 'ਆਪ' ਆਗੂਆਂ ਨਾਲ ਸ਼ਹਿਰ ਦੇ ਸਮੁੱਚੇ ਵਾਰਡਾਂ ਦੇ ਹੋਣ ਵਾਲੇ ਵਿਕਾਸ ਕਾਰਜਾਂ ਦੇ ਕੰਮਾਂ ਸਬੰਧੀ ਵਿਚਾਰ ਵਟਾਂਦਰਾ ਵੀ ਕੀਤਾ। ਦੇਵ ਮਾਨ ਨੇ ਭਰੇ ਮਨ ਨਾਲ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਨਲਾਇਕੀ ਕਾਰਨ ਨਾਭੇ ਦੀ ਹਾਲਤ ਏਨੀ ਮਾੜੀ ਹੈ ਕਿ ਦੋ ਦਿਨ ਹੋਈ ਬਾਰਿਸ਼ ਦੌਰਾਨ ਜੋ ਹਾਲਾਤ ਪੈਦਾ ਹੋਏ ਉਹ ਤੁਹਾਡੇ ਸਾਹਮਣੇ ਹੀ ਹਨ, ਪਰ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਸ਼ਹਿਰ ਦੀ ਪੂਰੀ ਤਰ੍ਹਾਂ ਕਾਇਆ ਕਲਪ ਕੀਤੀ ਜਾਵੇਗੀ। ਇਸ ਮੌਕੇ ਆਮ ਆਦਮੀ ਪਾਰਟੀ ਸਹਿਰੀ ਬਲਾਕ ਪ੍ਰਧਾਨ ਅਸ਼ੋਕ ਅਰੋੜਾ ਪੈਟਰੋਲੀਅਮ ਐਸੋਸੀਏਸ਼ਨ ਪ੍ਰਧਾਨ ਜਸਪਾਲ ਜੁਨੇਜਾ, ਆੜ੍ਹਤੀਆ ਐਸੋਸੀਏਸ਼ਨ ਪ੍ਰਧਾਨ ਜਤਿੰਦਰ ਪਾਲ ਸਿੰਘ ਜੱਤੀ, ਸਾਬਕਾ ਚੇਅਰਮੈਨ ਗੁਰਦਿਆਲ ਇੰਦਰਜੀਤ ਸਿੰਘ ਬਿੱਲੂ, ਅਰੋੜਾ ਵੰਸ ਵੈਲਫੇਅਰ ਸੁਸਾਇਟੀ ਪ੍ਰਧਾਨ ਦਰਸ਼ਨ ਅਰੋੜਾ, ਸੀਨੀਅਰ ਆਗੂ ਸੰਜੈ ਮੱਗੋ, ਕੌਂਸਲਰ ਊਸ਼ਾ ਮੱਗੋ, ਤਜਿੰਦਰ ਸਿੰਘ ਖਹਿਰਾ, ਸੁਖਵਿੰਦਰ ਸਿੰਘ ਰਾਣਾ, ਰਮੇਸ ਤਲਵਾੜ, ਸੰਜੀਵ ਕੁਮਾਰ ਸ਼ਿਲਪਾ, ਕੁਲਜੀਤ ਸਿੰਘ ਕਪੂਰ, ਗੁਰਚਰਨ ਸਿੰਘ ਕਪੂਰ, ਲੱਕੀ ਕਪੂਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਪਰਵਾਰਕ ਮੈਂਬਰ ਹਾਜ਼ਰ ਸਨ।

5-Oct-Majha-Page-11-2022-BM.qxd 10/4/2022 10:52 PM Page 1



# ਬਿਜਲੀ ਕਾਮਿਆਂ ਵੱਲੋਂ ਪਾਵਰਕਾਮ/ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ



ਤਰਨ ਤਾਰਨ (ਨਜ਼ਸ)—ਬਿਜਲੀ ਮੁਲਾਜ਼ਮ ਪੰਜਾਬ ਏਕਤਾ ਮੰਚ ਦੇ ਸੂਬਾ ਪੱਧਰੀ ਸੱਦੇ 'ਤੇ ਅੱਜ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਜਥੇਬੰਦੀ ਦੇ ਵਰਕਰਾਂ ਨੇ ਪਾਵਰਕੌਮ ਦੇ ਸਥਾਨਕ ਸਰਕਲ ਦਫਤਰ ਦੇ ਗੇਟ 'ਤੇ ਸਰਕਲ ਪ੍ਰਧਾਨ ਬਲਜਿੰਦਰ ਕੌਰ ਡਿਆਲ ਦੀ ਅਗਵਾਈ ਹੇਠ ਇਕੱਤਰ ਹੋ ਕੇ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵਿਰੁੱਧ ਜ਼ਬਰਦਸਤ ਨਾਅਰੇਬਾਜ਼ੀ ਕਰਦਿਆਂ ਮੁਲਾਜ਼ਮ ਮੰਗਾਂ ਨੂੰ ਅਣਗੌਲਿਆਂ ਕਰਨ ਲਈ ਪਾਵਰ ਮੈਨੇਜਮੈਂਟ ਦਾ ਪਿੱਟ ਸਿਆਪਾ ਕੀਤਾ। ਇਸ ਮੌਕੇ ਤੇ ਵੱਡੀ ਗਿਣਤੀ ਵਿੱਚ ਇਕੱਤਰ ਧਰਨਾਕਾਰੀਆਂ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸਰਕਲ ਸਕੱਤਰ ਪੂਰਨ ਦਾਸ ਨੇ ਕਿਹਾ ਕਿ ਸੂਬੇ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੀ ਰਵਾਇਤੀ ਪਾਰਟੀਆਂ ਦੀ ਤਰ੍ਹਾਂ ਮੁਲਾਜ਼ਮ ਮਸਲਿਆਂ ਨੂੰ ਵੱਟੇ ਖਾਤੇ ਪਾ ਕੇ ਚੋਣਾਂ ਵੇਲੇ ਕੀਤੇ ਵਾਅਦਿਆਂ ਦੇ ਉਲਟ ਮੁਲਾਜ਼ਮ ਮਾਰੂ ਨੀਤੀ ਤਹਿਤ ਨਵੇਂ ਕਰਮਚਾਰੀਆਂ ਦਾ ਆਰਥਿਕ ਸ਼ੋਸ਼ਣ ਕਰ ਰਹੀ ਹੈ। ਮੁਲਾਜ਼ਮ ਆਗੂਆਂ ਬਲਕਾਰ ਸਿੰਘ ਜੰਡੋਕੇ, ਸਰਬਜੀਤ ਸਿੰਘ ਜਵੰਦਾ, ਕਲਵਿੰਦਰ ਸਿੰਘ ਬਾਗੜੀਆਂ, ਲਖਵਿੰਦਰ ਸਿੰਘ ਬਹਿਲਾ, ਬਲਜਿੰਦਰ ਸਿੰਘ ਪਲਾਸੌਰ, ਜਸਪਾਲ ਸਿੰਘ ਨਾਗੋਕੇ, ਮੇਜਰ ਸਿੰਘ ਨਾਗੋਕੇ,ਤਰਜੀਤ ਸਿੰਘ, ਮੁਖਵਿੰਦਰ ਸਿੰਘ ਪੰਡੋਰੀ, ਹਰਮਨਪ੍ਰੀਤ ਕੌਰ ਆਦਿ ਨੇ ਪਾਵਰ ਮੈਨੇਜਮੈਂਟ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਟਕਰਾ ਦਾ ਰਸਤਾ ਛੱਡ ਕੇ ਸਾਰੇ ਮਸਲਿਆਂ ਦਾ ਹੱਲ ਗੱਲਬਾਤ ਰਾਹੀਂ ਕੀਤਾ ਜਾਵੇ ਨਹੀਂ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕਰਦੇ ਹੋਏ 18 ਅਕਤੂਬਰ ਨੂੰ ਪਾਵਰਕੌਮ ਦੇ ਮੁੱਖ ਦਫਤਰ ਪਟਿਆਲਾ ਦੇ ਤਿੰਨੇ ਗੇਟ ਬੰਦ ਕਰਕੇ ਜ਼ਬਰਦਸਤ ਪ੍ਰਦਰਸ਼ਨ ਕੀਤਾ ਜਾਵੇਗਾ ਜਿਸ ਤੋਂ ਨਿਕਲਣ ਵਾਲੇ ਸਿੱਟਿਆਂ ਦੀ ਜ਼ਿੰਮੇਵਾਰੀ ਪਾਵਰ ਮੈਨੇਜਮੈਂਟ ਦੀ ਹੋਵੇਗੀ। ਜਥੇਬੰਦੀ ਦੇ ਜੁਝਾਰੂ ਸਾਥੀਆਂ ਮੰਗ ਕੀਤੀ ਕਿ ਪੈਂਡਿੰਗ ਮੰਗਾਂ ਸਰਕਾਰ ਬਹਾਲ ਕਰੇ, ਮਾਰੂ ਬਿਜਲੀ ਸੋਧ ਬਿੱਲ 2022 ਤੁਰੰਤ ਰੱਦ ਕਰੇ, 200 ਰੁਪਏ ਜਜੀਆ ਟੈਕਸ ਬੰਦ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ ਅਤੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਕੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਤੁਰੰਤ ਲਾਗੂ ਕਰਕੇ ਬਣਦਾ ਬਕਾਇਆ ਨਗਦ ਦਿੱਤਾ ਜਾਵੇ, ਸਾਰੇ ਕੱਚੇ ਕਾਮਿਆ ਨੂੰ ਪੱਕਿਆਂ ਕੀਤਾ ਜਾਵੇ , ਪਾਰਵਕੌਮ ਵਿੱਚ ਹਜ਼ਾਰਾਂ ਦੀ ਗਿੱਣਤੀ ਵਿੱਚ ਖਾਲੀ ਅਸਾਮੀਆਂ ਤੇ ਰੈਗੂਲਰ ਭਰਤੀ ਪੂਰੇ ਸਕੇਲ ਵਿੱਚ ਕੀਤੀ ਜਾਵੇ, ਸਾਰੇ ਕਰਮਚਾਰੀਆਂ ਨੂੰ ਦੀਵਾਲੀ ਤੋਂ ਪਹਿਲਾਂ ਬੋਨਸ ਦਿੱਤਾ ਜਾਵੇ, ਆਊਟਸੋਰਸਿੰਗ ਦੀ ਲੋਕ ਵਿਰੋਧੀ ਨੀਤੀ ਬੰਦ ਕਰਕੇ ਸਾਰੇ ਕੰਮ ਮਹਿਕਮਾਨਾ ਤੌਰ 'ਤੇ ਕਰਵਾਏ ਜਾਣ, ਬਾਬੇ ਆਦਮ ਵੇਲੇ ਦੀਆਂ ਬਿਲਡਿੰਗਾਂ ਦਾ ਨਵੀਨੀਕਰਨ ਕਰਕੇ ਦਫਤਰਾਂ ਦੀ ਤਰਸਯੋਗ ਹਾਲਤ ਵਿੱਚ ਸੁਧਾਰ ਲਿਆਉਣ ਦੇ ਨਾਲ ਨਾਲ ਫਰਨੀਚਰ ਦਾ ਵੀ ਪ੍ਰਬੰਧ ਕੀਤਾ ਜਾਵੇ।

# ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਰੋਕਣ ਲਈ ਤੇਜਬੀਰ ਸਿੰਘ ਤੇ ਉਸ ਦੇ ਸਾਥੀ ਆਏ ਅੱਗੇ



ਗੁਰਦਾਸਪੁਰ/ਧਾਰੀਵਾਲ (ਜਨਕ ਮਹਾਜਨ/ਮਨਦੀਪ ਵਿੱਕੀ)-ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ। ਇਸ ਮੁਹਿੰਮ ਵਿੱਚ ਹੁਣ ਧਾਰੀਵਾਲ ਦੇ ਅਗਾਂਵਧੂ ਨੌਜਵਾਨ ਤੇਜਬੀਰ ਸਿੰਘ ਅਤੇ ਉਸਦੇ 20 ਹੋਰ ਸਾਥੀ ਜ਼ਿਲ੍ਹਾ ਪ੍ਰਸ਼ਾਸਨ ਦੇ ਸਾਥ ਦੇਣ ਲਈ ਅੱਗੇ ਆਏ ਹਨ। ਤੇਜਬੀਰ ਸਿੰਘ ਅਤੇ ਉਸਦੇ ਸਾਥੀਆਂ ਨੇ ਇੱਕ ਗਰੁੱਪ ਬਣਾਇਆ ਹੈ ਜਿਸ ਵੱਲੋਂ ਖੇਤਾਂ ਵਿੱਚੋਂ ਪਰਾਲੀ ਨੂੰ ਬੇਲਰ ਰਾਹੀਂ ਗੱਠਾਂ ਬਣਾਇਆ ਕੇ ਚੁੱਕਿਆ ਜਾਵੇਗਾ। ਅੱਜ ਡਿਪਟੀ ਕਮਿਸ਼ਨਰ ਗੁਰਦਾਸਪੁਰ ਜਨਾਬ ਮੁਹੰਮਦ ਇਸ਼ਫ਼ਾਕ ਨਾਲ ਮੀਟਿੰਗ ਦੌਰਾਨ ਤੇਜਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਗਰੁੱਪ ਕੋਲ 20 ਬੇਲਰ ਹਨ ਜਿਸ ਨਾਲ ਉਹ ਕਿਸਾਨਾਂ ਦੇ ਖੇਤਾਂ ਵਿੱਚੋਂ ਪਰਾਲੀ ਨੂੰ ਇਕੱਠਾ ਕਰਨਗੇ। ਉਸਨੇ ਦੱਸਿਆ ਕਿ ਪਰਾਲੀ ਇਕੱਠੀ ਕਰਨ ਦਾ ਕਿਸਾਨਾਂ ਕੋਲੋਂ ਕੋਈ ਖਰਚਾ ਨਹੀਂ ਲਿਆ ਜਾਵੇਗਾ ਅਤੇ ਇਹ ਬਿਲਕੁਲ ਮੁਫ਼ਤ ਸੇਵਾ ਹੋਵੇਗੀ। ਤੇਜਬੀਰ ਸਿੰਘ ਨੇ ਦੱਸਿਆ ਕਿ ਉਹ ਪਹਿਲਾਂ ਖੇਤਾਂ ਵਿਚ ਬੇਲਰ ਨਾਲ ਪਰਾਲੀ ਦੀਆਂ ਗੱਠਾਂ ਬਣਾ ਲੈਣਗੇ ਅਤੇ ਫਿਰ ਖੇਤਾਂ ਵਿੱਚੋਂ ਇਨ੍ਹਾਂ ਗੱਠਾਂ ਨੂੰ ਇਕੱਠਾ ਕਰਕੇ ਪਿੰਡ ਵਿੱਚ ਇੱਕ ਥਾਂ 'ਤੇ ਡੰਪ ਕਰ ਲੈਣਗੇ। ਇਸ ਤੋਂ ਬਾਅਦ ਸਾਰੀਆਂ ਗੱਠਾਂ ਦੀ ਅੱਗੇ ਸਪਲਾਈ ਫੈਕਟਰੀਆਂ ਵਿੱਚ ਬਾਇਓ-ਬਾਲਣ ਅਤੇ ਹੋਰ ਵਰਤੋਂ ਲਈ ਸਪਲਾਈ ਕਰਨਗੇ। ਤੇਜਬੀਰ ਸਿੰਘ ਨੇ ਦੱਸਿਆ ਕਿ ਉਹ ਅਤੇ ਉਸਦੇ ਸਾਥੀ ਜ਼ਿਲ੍ਹੇ ਦੇ ਸਾਰੇ ਪਿੰਡਾਂ ਵਿੱਚੋਂ ਪਰਾਲੀ ਨੂੰ ਇਕੱਠਾ ਕਰਨਗੇ ਅਤੇ ਕੋਈ ਵੀ ਕਿਸਾਨ ਆਪਣੇ ਖੇਤਾਂ ਵਿੱਚੋਂ ਪਰਾਲੀ ਨੂੰ ਚੁਕਾਉਣ ਲਈ ਉਨ੍ਹਾਂ ਦੇ ਨੰਬਰ 98552-22522 'ਤੇ ਸੰਪਰਕ ਕਰ ਸਕਦਾ ਹੈ। ਡੀਸੀ ਨੇ ਤੇਜਬੀਰ ਸਿੰਘ ਅਤੇ ਉਸਦੇ ਸਾਥੀਆਂ ਵੱਲੋਂ ਕੀਤੀ ਜਾ ਰਹੀ ਇਸ ਪਹਿਲ ਕਦਮੀ ਦੀ ਸਰਾਹਨਾ ਕਰਦਿਆਂ ਕਿਹਾ ਕਿ ਅਜਿਹੇ ਯਤਨ ਜ਼ਿਲ੍ਹੇ ਵਿੱਚ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਵਿੱਚ ਸਹਾਈ ਹੋਣਗੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਖੇਤਾਂ ਵਿੱਚੋਂ ਪਰਾਲੀ ਦੇ ਨਿਪਟਾਰੇ ਲਈ ਤੇਜਬੀਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨਾਲ ਸੰਪਰਕ ਕਰਨ। ਉਨ੍ਹਾਂ ਨਾਲ ਹੀ ਖੇਤੀਬਾੜੀ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਕਿ ਇਨ੍ਹਾਂ ਅਗਾਂਹਵਧੂ ਨੌਜਵਾਨਾਂ ਦਾ ਪੂਰਾ ਸਹਿਯੋਗ ਕੀਤਾ ਜਾਵੇ ਤਾਂ ਜੋ ਅਸੀਂ ਸਾਰੇ ਸਾਂਝੇ ਯਤਨਾਂ ਨਾਲ ਪਰਾਲੀ ਨੂੰ ਅੱਗ ਲੱਗਣ ਦੀ ਸਮੱਸਿਆ ਤੋਂ ਨਿਜਾਤ ਪਾ ਸਕੀਏ।

# ਬਿਜਲੀ ਦੇ ਬਿੱਲ ਜ਼ੀਰੋ ਆਉਣ 'ਤੇ ਖਪਤਕਾਰ ਖੁਸ਼

ਗੁਰਦਾਸਪੁਰ (ਜਨਕ ਮਹਾਜਨ)-ਆਮ ਆਦਮੀ ਪਾਰਟੀ ਨੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਲੋਕਾਂ ਨਾਲ ਕੀਤੇ ਵਾਅਦੇ ਅਨੁਸਾਰ ਇਕ ਵਾਅਦਾ ਬਿਜਲੀ ਬਿੱਲਾਂ ਦੀ ਹਰ ਮਹੀਨੇ ਤਿੰਨ ਸੌ ਯੂਨਿਟ ਤਕ ਦੀ ਮੁਆਫੀ ਦਾ ਵਾਅਦਾ ਵਫਾ ਕਰ ਦਿੱਤਾ ਹੈ। ਗੁਰਦਾਸਪੁਰ ਜ਼ਿਲੇ ਦੇ ਬੇਟ ਖੇਤਰ ਅੰਦਰ ਪਿੰਡ ਵਿਚ ਰਹਿੰਦੇ ਲੋਕਾਂ ਨੂੰ ਇਸ ਮਹੀਨੇ ਜੀਰੋ ਬਿੱਲ ਆਉਣ ਕਰਕੇ ਸਰਕਾਰ ਪ੍ਰਤੀ ਖੁਸ਼ੀ ਦਾ ਪ੍ਰਗਵਾਟਾ ਕੀਤਾ ਜਾ ਰਿਹਾ ਹੈ। ਜਦੋਂ ਇਸ ਪ੍ਰਤੀਨਿਧ ਨੇ ਵੱਖ-ਵੱਖ ਪਿੰਡਾਂ ਦੇ ਲੋਕਾਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਪੰਜਾਬ ਪਾਵਰਕਾਮ ਵਲੋਂ ਇਸ ਵਾਰ ਦੋ ਮਹੀਨਿਆ ਦੀ 600 ਯੂਨਿਟ ਤਕ ਬਿਜਲੀ ਬਿੱਲ ਜ਼ੀਰੋ ਜਾਰੀ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਇਹ ਜ਼ੀਰੋ ਬਿੱਲ ਕੇਵਲ 7 ਕਿਲੋਵਾਟ ਲੋਡ ਤਕ ਦੀ ਸਹੂਲਤ ਦਿੱਤੀ ਗਈ ਹੈ। ਇਸ ਤੋਂ ਇਲਾਵਾ ਜੇਕਰ ਕਿਸੇ ਖਪਤਕਾਰ ਦਾ 601 ਯੂਨਿਟ ਬਿਜਲੀ ਦੀ ਖਪਤ ਹੋਈ ਤਾਂ ਉਸ ਨੂੰ 601 ਯੂਨਿਟ ਦਾ ਹੀ ਬਿੱਲ ਅਦਾ ਕਰਨਾ ਪਵੇਗਾ ਅਤੇ ਇਸ ਸਬੰਧੀ ਆਮ ਲੋਕਾਂ 'ਚ ਰੋਸ ਪਾਇਆ ਜਾ ਰਿਹਾ ਹੈ। ਲੋਕਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਾਸੋਂ ਪੁਰਜ਼ੋਰ ਮੰਗ ਕੀਤੀ ਕਿ ਜੇਕਰ 600 ਤੋ ਵੱਧ ਯੂਨਿਟ ਖਪਤ ਹੋਵੇ ਤਾਂ ਵੀ 600 ਯੂਨਿਟ ਦੀ ਬਿੱਲ ਵਿਚ ਮੁਆਫੀ ਦੀ ਸਹੂਲਤ ਜ਼ਰੂਰ ਦਿੱਤੀ ਜਾਵੇ ਤਾਂ ਜੋ ਇਹ ਲੋਕ ਕੋਈ ਸਰਕਾਰ ਪ੍ਰਤੀ ਵਿਤਕਰਾ ਮਹਿਸੂਸ ਨਾ ਕਰ ਸਕਨ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ ਭਲਕੇ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਅੰਮ੍ਰਿਤਸਰ ਵਿਖੇ 6 ਅਕਤੂਬਰ ਨੂੰ ਪਲੇਸਮੈਂਟ ਕੈਂਪ ਲਗਾਇਆ ਜਾਵੇਗਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸੁਰਿੰਦਰ ਸਿੰਘ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੀਆਂ ਮਸ਼ਹੂਰ ਕੰਪਨੀਆਂ ਐਕਸਿਸ ਬੈਂਕ, ਬਾਇਜੂਸ, ਵੋਡਾਫੋਨ, ਬਲਿਊ ਡਰਟ ਅਤੇ ਏਜਾਇਲ ਹਰਬਲ ਵੱਲੋਂ ਭਾਗ ਲਿਆ ਜਾਵੇਗਾ। ਇਸ ਪਲੇਸਮੈਂਟ ਕੈਂਪ ਵਿੱਚ ਕੰਪਨੀਆਂ ਵੱਲੋਂ ਇੰਸੋਰੈਂਸ,ਐਜੂਕੇਸ਼ਨ,ਮਾਰਕੀਟਿੰਗ, ਡਲਿਵਰੀ ਬੁਆਏ ਅਤੇ ਵੈਲਨੈੱਸ ਐਡਵਾਇਜ਼ਰ ਦੀਆਂ ਆਸਾਮੀਆਂ ਲਈ ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ। ਇਸ ਕੈਂਪ ਵਿੱਚ ਭਾਗ ਲੈਣ ਵਾਲੇ ਉਮੀਦਵਾਰਾਂ ਲਈ ਵਿੱਦਿਅਕ ਯੋਗਤਾ ਘੱਟੋ-ਘੱਟ ਬਾਰ੍ਹਵੀਂ ਤੋਂ ਲੈ ਕੇ ਗ੍ਰੈਜੂਏਸ਼ਨ ਤੱਕ ਹੋਵੇਗੀ। ਇਸ ਕੈਂਪ ਵਿੱਚ ਲੜਕੇ, ਲੜਕੀਆਂ ਦੋਨੋਂ ਭਾਗ ਲੈ ਸਕਦੇ ਹਨ। ਵਿਕਰਮਜੀਤ ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਅੰਮ੍ਰਿਤਸਰ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਵਾਲੇ ਚਾਹਵਾਨ ਪ੍ਰਾਰਥੀ 6 ਅਕਤੂਬਰ ਨੂੰ ਸਵੇਰੇ 10.00 ਤੋਂ ਦੁਪਹਿਰ 02.00 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨੇੜੇ ਜ਼ਿਲ੍ਹਾ ਕਚਹਿਰੀਆਂ ਵਿਖੇ ਪਹੁੰਚ ਕੇ ਭਾਗ ਲੈ ਸਕਦੇ ਹਨ। ਵਧੇਰੇ ਜਾਣਕਾਰੀ ਲਈ ਪ੍ਰਾਰਥੀ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਅੰਮ੍ਰਿਤਸਰ ਦੇ ਹੈਲਪਲਾਈਨ ਨੰ: 9915789068 'ਤੇ ਸੰਪਰਕ ਕਰ ਸਕਦੇ ਹਨ।

# ਝੋਨੇ ਦੀ ਫਸਲ ਪੀਲੀ ਪੈਣ ਕਾਰਨ ਅਰਜਨਪੁਰ ਗੁੰਝੀਆਂ 'ਚ ਲੱਖਾਂ ਦਾ ਨੁਕਸਾਨ



ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ ਦੇ ਬੇਟ ਇਲਾਕੇ ਅੰਦਰ 121 ਪੀ ਆਰ ਝੋਨੇ ਦੀ ਫਸਲ ਦਾ ਪਹਿਲਾ ਛੰਬ ਏਰੀਏ ਤੇ ਹੁਣ ਬਾਂਗਰ ਦੇ ਕਿਸਾਨਾਂ ਦਾ ਕਾਫੀ ਨੁਕਸਾਨ ਹੋਣ ਲੱਗ ਪਿਆ ਹੈ। ਪੀੜਤ ਕਿਸਾਨ ਨਰਿੰਦਰ ਸਿੰਘ ਪੁੱਤਰ ਗੁਰਦਿੱਤ ਸਿੰਘ ਵਾਸੀ ਅਰਜਨਪੁਰ ਗੁੰਝੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਠੇਕੇ 'ਤੇ ਜ਼ਮੀਨ ਨਹਿਰੀ ਵਿਭਾਗ ਦੀ ਪ੍ਰਤੀ ਏਕੜ 50 ਹਜ਼ਾਰ ਰੁਪਏ ਦੇ ਹਿਸਾਬ ਨਾਲ 3 ਏਕੜ ਜ਼ਮੀਨ ਲਈ ਸੀ ਅਤੇ ਉਸ ਵਿਚ ਸਰਕਾਰ ਵਲੋਂ ਪ੍ਰਮਾਨਿਤ ਬੀਜ 121 ਪੀ ਆਰ ਝੋਨੇ ਦਾ ਬੀਜਿਆ ਸੀ ਅਤੇ ਉਹ ਝੋਨਾ ਮਧਰਾ ਤੇ ਮਿੰਜਰਾਂ ਵੀ ਨੀ ਲੱਗੀਆਂ ਅਤੇ ਸਾਰਾ ਝੋਨਾ ਪੀਲਾ ਪੈਣ ਦੇ ਨਾਲ ਸੁੱਕ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਿਸਾਨ ਪਹਿਲਾਂ ਹੀ ਕਈ ਮੁਸ਼ਕਿਲਾਂ ਵਿਚ ਘਿਰਿਆ ਹੋਇਆ ਹੈ ਅਤੇ ਹੁਣ ਇਸ ਬਿਮਾਰੀ ਨੇ ਕਿਸਾਨਾਂ ਦੇ ਲੱਕ ਤੋੜ ਕੇ ਰੱਖ ਦਿੱਤੇ ਹਨ ਅਤੇ ਉਨ੍ਹਾਂ ਨੂੰ ਗੁਜ਼ਾਰਾ ਕਰਨਾ ਵੀ ਮੁਸ਼ਕਿਲ ਹੋ ਗਿਆ ਹੈ ਅਤੇ ਉਹ ਬੈਂਕ ਦੀਆਂ ਕਿਸ਼ਤਾਂ ਵੀ ਅਦਾ ਨਹੀਂ ਕਰ ਸਕਦੇ ਅਤੇ ਇਸ ਤੋਂ ਪਹਿਲਾਂ ਕਣਕ ਦੀ ਫਸਲ ਬੇਮੌਸਮੀ ਬਰਸਾਤ ਨਾਲ ਖਰਾਬ ਹੋ ਗਈ ਸੀ। ਉਨ੍ਹਾਂ ਨੇ ਭਗਵੰਤ ਮਾਨ ਪਾਸੋਂ ਮੰਗ ਕੀਤੀ ਹੈ ਕਿ ਮਾਲ ਮਹਿਕਮੇ ਨੂੰ ਹਦਾਇਤਾਂ ਕਰਕੇ 121 ਪੀ ਆਰ ਅਤੇ 125 ਪੀ ਆਰ ਝੋਨੇ ਦੀ ਫਸਲ ਦੀਆਂ ਵਿਸ਼ੇਸ਼ ਗਿਰਦੌਰੀਆਂ ਕਰਵਾ ਕੇ ਜਲਦੀ ਪੀੜਤ ਕਿਸਾਨਾਂ ਨੂੰ ਢੁੱਕਵਾਂ ਮੁਆਵਜ਼ਾ ਦੁਵਾਇਆ ਜਾਵੇ।

# ਡਿਪਟੀ ਕਮਿਸ਼ਨਰ ਵੱਲੋਂ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਦੁਸਹਿਰੇ ਦੀ ਵਧਾਈ

ਗੁਰਦਾਸਪੁਰ (ਜਨਕ ਮਹਾਜਨ)-ਡਿਪਟੀ ਕਮਿਸ਼ਨਰ ਗੁਰਦਾਸਪੁਰ ਜਨਾਬ ਮੁਹੰਮਦ ਇਸ਼ਫ਼ਾਕ ਨੇ ਜ਼ਿਲ੍ਹਾ ਵਾਸੀਆਂ ਨੂੰ ਦੁਸਹਿਰੇ ਦੇ ਪਾਵਨ ਤਿਉਹਾਰ ਦੀ ਵਧਾਈ ਦਿੱਤੀ ਹੈ। ਜ਼ਿਲ੍ਹਾ ਵਾਸੀਆਂ ਨੂੰ ਵਧਾਈ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਦੁਸਹਿਰਾ ਸਾਨੂੰ ਬਦੀ ਉੱਪਰ ਨੇਕੀ ਦੀ ਅਟਲ ਜਿੱਤ ਦੀ ਵਿਸ਼ਵ ਵਿਆਪੀ ਸੱਚਾਈ ਨੂੰ ਯਾਦ ਦਿਵਾਉਂਦਾ ਹੈ। ਉਨ੍ਹਾਂ ਕਿਹਾ ਕਿ ਇਹ ਤਿਉਹਾਰ ਸਾਰੇ ਧਰਮਾਂ ਤੋਂ ਉਪਰ ਉੱਠ ਕੇ ਲੋਕਾਂ ਨੂੰ ਭਾਈਚਾਰਕ ਸਾਂਝ, ਏਕਤਾ ਅਤੇ ਆਪਸੀ ਪਿਆਰ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਇਸ ਦੇ ਨਾਲ ਹੀ ਇਹ ਤਿਉਹਾਰ ਸਾਨੂੰ ਇਕਸੁਰਤਾ ਅਤੇ ਖੁਸ਼ਹਾਲੀ ਵਾਲਾ ਸਮਾਜ ਸਿਰਜਣ ਵਿੱਚ ਆਦਰਸ਼ਮਈ ਅਤੇ ਨੇਕੀ ਵਾਲਾ ਜੀਵਨ ਬਤੀਤ ਕਰਨ ਦਾ ਮਾਰਗ ਵੀ ਦਿਖਾਉਂਦਾ ਹੈ। ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫ਼ਾਕ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਦੁਸਹਿਰੇ ਦਾ ਤਿਉਹਾਰ ਰਵਾਇਤੀ ਸ਼ਾਨੋ ਸ਼ੌਕਤ ਅਤੇ ਸ਼ਰਧਾ ਨਾਲ ਮਨਾਉਣ ਦਾ ਸੱਦਾ ਦਿੰਦਿਆਂ ਉਨ੍ਹਾਂ ਦੀ ਖੁਸ਼ਹਾਲੀ ਅਤੇ ਉੱਜਲ ਭਵਿੱਖ ਦੀ ਕਾਮਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਤਿਉਹਾਰ ਧਰਮ, ਜਾਤ, ਰੰਗ ਅਤੇ ਨਸਲ ਦੀਆਂ ਸੌੜੀਆਂ ਵਲਗਣਾਂ ਤੋਂ ਉਪਰ ਉਠ ਕੇ ਧਾਰਮਿਕ ਅਕੀਦੇ ਨਾਲ ਰਲ-ਮਿਲ ਕੇ ਮਨਾਇਆ ਜਾਵੇ।

# ਸੀਵਰੇਜ ਦੀ ਸਮੱਸਿਆ ਨਾਲ ਜੂਝ ਰਹੇ ਲੋਕਾਂ ਦਾ ਜੀਵਨ ਬਣਿਆ ਨਰਕੀ: ਅਰੋੜਾ



ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)-ਸਥਾਨਕ ਵਾਸੀ ਵਾਰਡ ਨੰਬਰ 10 ਮੁਹੱਲਾ ਮੁਰਾਦਪੁਰਾ ਪਿਛਲੇ ਕਾਫੀ ਸਮੇਂ ਤੋਂ ਸੀਵਰੇਜ ਦੀ ਸਮੱਸਿਆ ਨਾਲ ਜੂਝ ਰਹੇ ਹਨ ਅਤੇ ਜਿਊਂਦੇ ਜੀਅ ਨਰਕ ਭੋਗ ਰਹੇ ਹਨ। ਇਹਨਾਂ ਗੱਲਾਂ ਦਾ ਜ਼ਿਕਰ ਪੱਤਰਕਾਰਾਂ ਨਾਲ ਲੋਕ ਲਹਿਰ ਪਾਰਟੀ ਦੇ ਪ੍ਰਧਾਨ ਗੁਰਜੀਤ ਸਿੰਘ ਅਰੋੜਾ ਨੇ ਕਰਦਿਆਂ ਕਿਹਾ ਕਿ ਲੋਕਾਂ ਨੇ ਰਵਾਇਤੀ ਪਾਰਟੀਆਂ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਨਕਾਰਦਿਆਂ ਬੜੇ ਚਾਅ ਤੇ ਉਤਸ਼ਾਹ ਨਾਲ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਈਆਂ ਅਤੇ ਭਾਰੀ ਬਹੁਮਤ ਨਾਲ ਸਰਕਾਰ ਬਣਾਈ। ਸੋਚਿਆ ਸੀ ਕੁੱਝ ਬਦਲਾਵ ਆਵੇਗਾ, ਛੋਟੇ-ਵੱਡੇ ਮਸਲੇ ਸਮੇਂ ਸਿਰ ਆਪਣੇ ਆਪ ਹੱਲ ਹੋਣਗੇ। ਨਾ ਕਿਸੇ ਦੀ ਸ਼ਿਫਾਰਸ਼ ਅਤੇ ਨਾ ਹੀ ਕਿਸੇ ਨੂੰ ਰਿਸ਼ਵਤ ਦੇਣ ਦੀ ਲੋੜ ਪਵੇਗੀ ਪਰ ਅਫਸੋਸ ਸਰਕਾਰ ਬਣਨ ਤੋਂ ਬਾਅਦ ਲੋਕਾਂ ਦੀ ਆਸ਼ਾ ਨਿਰਾਸਾ ਵਿੱਚ ਬਦਲ ਕੇ ਵਾਰ-ਵਾਰ ਸੰਬੰਧਿਤ ਮਹਿਕਮੇ ਨੂੰ ਸੀਵਰੇਜ ਦੇ ਗੰਦੇ ਪਾਣੀ ਦੀ ਸਮੱਸਿਆ ਤੋਂ ਜਾਣੂ ਕਰਵਾਉਣ ਦੇ ਬਾਵਜੂਦ ਕੋਈ ਹੱਲ ਨਹੀਂ ਹੋ ਰਿਹਾ।

ਸੜਕ ਅਤੇ ਗਲੀ ਵਿੱਚ ਲਗਾਤਾਰ ਵਗ ਰਹੇ ਸੀਵਰੇਜ ਦੇ ਬਦਬੂ ਭਰੇ ਪਾਣੀ ਤੋਂ ਲੋਕਾਂ ਦਾ ਲੰਘਣਾ ਮੁਸ਼ਕਿਲ ਹੋਇਆ ਪਿਆ ਹੈ। ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੇ ਇਹ ਸਮੱਸਿਆ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਵੀ ਕੋਈ ਹੱਲ ਨਹੀਂ ਹੋਇਆ। ਮੁਹੱਲਾ ਵਾਸੀਆਂ ਨੇ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਪਾਸੋਂ ਮੰਗ ਕੀਤੀ ਹੈ ਕਿ ਇਸ ਸੀਵਰੇਜ ਦੀ ਸਮੱਸਿਆ ਦਾ ਜਲਦੀ ਹੱਲ ਕੀਤਾ ਜਾਵੇ ਅਤੇ ਸਾਨੂੰ ਨਰਕ ਭਰੀ ਜ਼ਿੰਦਗੀ ਤੋਂ ਨਿਜਾਤ ਦਿਵਾਈ ਜਾਵੇ ਤਾਂ ਕਿ ਸਾਨੂੰ ਪ੍ਰਸ਼ਾਸਨ ਦੇ ਖਿਲਾਫ ਕੋਈ ਵੀ ਕਾਰਵਾਈ ਕਰਨ ਲਈ ਮਜਬੂਰ ਨਾ ਹੋਣਾ ਪਵੇ। ਇਸ ਮੌਕੇ ਬਲਦੇਵ ਸਿੰਘ ਸ਼ਹਿਰੀ ਪ੍ਰਧਾਨ, ਡਾ ਲਾਲ ਸਿੰਘ ਪ੍ਰਧਾਨ ਕਿਸਾਨ ਵਿੰਗ, ਸੂਬੇਦਾਰ ਗੁਰਮੀਤ ਸਿੰਘ, ਸੁਖਵਿੰਦਰ ਸਿੰਘ ਢਿੱਲੋਂ, ਮਲਕੀਤ ਸਿੰਘ, ਸੰਦੀਪ ਸਿੰਘ, ਅਨਿਲ ਕੁਮਾਰ, ਰਮੇਸ਼ ਕੁਮਾਰ, ਗਿਆਨ ਸਿੰਘ, ਹਰਜੀਤ ਕੌਰ, ਜਸਬੀਰ ਕੌਰ, ਸੁਖਰਾਜ ਕੌਰ ਅਤੇ ਗੁਰਮੀਤ ਕੌਰ ਆਦਿ ਹਾਜ਼ਰ ਸਨ।

# ਅਨਾਜ ਮੰਡੀ ਬਟਾਲਾ 'ਚ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ



ਬਟਾਲਾ (ਤਰਲੋਕ ਬੱਗਾ)-ਅਨਾਜ ਮੰਡੀ ਬਟਾਲਾ ਵਿਖੇ ਬਲਬੀਰ ਸਿੰਘ ਪੰਨੂ ਚੇਅਰਮੈਨ ਪਨਸਪ ਵਲੋਂ ਝੋਨੇ ਦੀ ਬੋਲੀ ਕਰਵਾ ਕੇ ਸਰਕਾਰੀ ਖਰੀਦ ਸ਼ੁਰੂ ਕਰਵਾਈ ਗਈ। ਉਨ੍ਹਾਂ ਨਾਲ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਹਰਬੰਸ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਖਰੀਦ ਪ੍ਰਬੰਧ ਮੁਕੰਮਲ ਕਰ ਲਏ ਹਨ ਤੇ ਕਿਸਾਨਾਂ ਨੂੰ ਸੀਜ਼ਨ ਦੌਰਾਨ ਮੰਡੀਆਂ ਵਿਚ ਕਿਸੇ ਕਿਸਮ ਦੀ ਦਿੱਕਤ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਲੋਕਾਂ ਦੀਆਂ ਸਹੂਲਤਾਂ ਦੇ ਮੱਦੇਨਜ਼ਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਝੋਨੇ ਦੀ ਖਰੀਦ ਅਤੇ ਲਿਫਟਿੰਗ ਅਤੇ ਮੰਡੀਆਂ ਵਿੱਚ ਸਫਾਈ, ਪਾਣੀ ਤੇ ਹੋਰ ਸਾਰੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ ਹੈ।

# ਭਗਵਾਨ ਸ਼੍ਰੀ ਵਾਲਮੀਕਿ ਪ੍ਰਗਟ ਦਿਵਸ ਦੀਆਂ ਤਿਆਰੀਆਂ ਸੰਬੰਧੀ ਮੇਅਰ ਰਿੰਟੂ ਵੱਲੋਂ ਬੈਠਕ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਭਗਵਾਨ ਸ਼੍ਰੀ ਵਾਲਮੀਕਿ ਪ੍ਰਗਟ ਦਿਵਸ ਦੇ ਸਬੰਧ ਵਿਚ ਨਗਰ ਨਿਗਮ, ਅੰਮ੍ਰਿਤਸਰ ਵੱਲੋਂ ਕੀਤੇ ਜਾਣ ਵਾਲੇ ਪ੍ਰਬੰਧਾਂ ਨੂੰ ਲੈ ਕੇ ਮੇਅਰ ਕਰਮਜੀਤ ਸਿੰਘ ਰਿੰਟੂ ਤੇ ਸੰਯੁਕਤ ਕਮਿਸ਼ਨਰ ਹਰਦੀਪ ਸਿੰਘ ਦੀ ਕੇਂਦਰੀ ਵਾਲਮੀਕਿ ਮੰਦਰ, ਹਾਥੀ ਗੇਟ ਦੇ ਅਹੁਦੇਦਾਰਾਂ ਨਾਲ ਮੀਟਿੰਗ ਹੋਈ ਜਿਸ ਵਿਚ ਡਿਪਟੀ ਮੇਅਰ ਯੂਨਸ ਕੁਮਾਰ, ਕੇਂਦਰੀ ਵਾਲਮੀਕਿ ਮੰਦਰ, ਹਾਥੀ ਗੇਟ ਦੇ ਚੇਅਰਮੈਨ ਯੋਗਰਾਜ ਮਲਹੋਤਰਾ, ਅਸ਼ੋਕ ਭੱਟੀ, ਤਿਰਲੋਕ ਚੰਦ ਅਤੇ ਰਜਿੰਦਰ ਕੁਮਾਰ ਨੀਟੂ ਤੋਂ ਇਲਾਵਾ ਨਗਰ ਨਿਗਮ, ਅੰਮ੍ਰਿਤਸਰ ਦੇ ਸਿਵਲ, ਓ. ਐਂਡ ਐਮ ਅਤੇ ਸਿਹਤ ਵਿਭਾਗ ਦੇ ਅਧਿਕਾਰੀ ਸ਼ਾਮਿਲ ਸਨ। ਇਸ ਮੀਟਿੰਗ ਵਿਚ ਮੰਦਰ ਕਮੇਟੀ ਨੇ ਮੇਅਰ ਰਿੰਟੂ ਨੂੰ ਦੱਸਿਆ ਕਿ ਅਗਾਮੀ ਦਿਨਾਂ ਦੇ ਵਿਚ ਭਗਵਾਨ ਸ਼੍ਰੀ ਵਾਲਮੀਕਿ ਜੀ ਦਾ ਪ੍ਰਗਟ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ ਜਿਸ ਸਬੰਧ ਵਿਚ ਇਕ ਸ਼ੋਭਾ ਯਾਤਰਾ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿਚੋਂ ਲੰਘਣੀ ਹੈ। ਉਹਨਾਂ ਕਿਹਾ ਕਿ ਸ਼ਹਿਰ ਦੀਆਂ ਕਈ ਸੜਕਾਂ ਦੀ ਮੁਰੰਮਤ, ਸਾਫ਼-ਸਫਾਈ, ਚੌਕਾਂ ਵਿਚ ਸਟਰੀਟ ਲਾਈਟ ਅਤੇ ਮਿੰਨੀ ਹਾਈਮਾਸਟ ਆਦਿ ਦੇ ਢੁੱਕਵੇਂ ਇੰਤਜ਼ਾਮ ਦੀ ਲੋੜ ਹੈ।

ਇਸ ਮੌਕੇ ਮੇਅਰ ਰਿੰਟੂ ਅਤੇ ਸੰਯੁਕਤ ਕਮਿਸ਼ਨਰ ਨੇ ਕੇਂਦਰੀ ਵਾਲਮੀਕਿ ਮੰਦਰ ਦੇ ਅਹੁਦੇਦਾਰਾਂ ਨੂੰ ਵਿਸ਼ਵਾਸ ਦੁਆਇਆ ਕਿ ਸ਼ਹਿਰ ਦੀਆਂ ਸੜਕਾਂ 'ਤੇ ਕੋਈ ਟੋਇਆ ਨਜ਼ਰ ਨਹੀ ਆਵੇਗਾ। ਸਾਰੇ ਸ਼ਹਿਰ ਦੀਆਂ ਸਟਰੀਟ ਲਾਈਟਾਂ ਜਗਮਗ ਕਰਨਗੀਆਂ ਅਤੇ ਸਫਾਈ ਵੱਲੋਂ ਵੀ ਕੋਈ ਸਮੱਸਿਆ ਨਹੀਂ ਆਵੇਗੀ। ਉਨ੍ਹਾਂ ਨੇ ਕਿਹਾ ਕਿ ਅਗਰ ਕਿਤੇ ਕੋਈ ਸਮੱਸਿਆ ਆਉਂਦੀ ਹੈ ਤਾਂ ਉਨ੍ਹਾਂ ਦੇ ਨਾਲ ਸੰਪਰਕ ਕੀਤਾ ਜਾਵੇ ਅਤੇ ਉਨ੍ਹਾਂ ਨੇ ਇਸ ਨੂੰ ਲੈ ਕੇ ਅਧਿਕਾਰੀਆਂ ਨੂੰ ਵੀ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਕਿ ਕੰਮ ਨੂੰ ਲੈ ਕੇ ਕਿਸੇ ਤਰ੍ਹਾਂ ਦੀ ਵੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਤਿਉਹਾਰਾਂ ਨੂੰ ਲੈ ਕੇ ਟੀਮਾਂ ਬਣਾਈਆਂ ਜਾਣ ਅਤੇ ਮੰਦਰ, ਗੁਰਦੁਆਰੇ ਅਤੇ ਮਸਜਿਦਾਂ ਦੇ ਕੋਲ ਸਾਫ-ਸਫਾਈ ਅਤੇ ਸਟਰੀਟ ਲਾਈਟ ਦੀ ਸ਼ਿਕਾਇਤ ਨੂੰ ਖਾਸ ਤੌਰ 'ਤੇ ਚੈੱਕ ਕੀਤਾ ਜਾਵੇ। ਮੇਅਰ ਰਿੰਟੂ ਨੇ ਕਿਹਾ ਕਿ ਗੁਰੂ ਨਗਰੀ ਦੇ ਵਿਚ ਦੀਵਾਲੀ ਦੇ ਨੇੜੇ ਤਿਉਹਾਰ ਹੁੰਦੇ ਹਨ ਜਿਸ ਨੂੰ ਲੈਕੇ ਉਨ੍ਹਾਂ ਵੱਲੋਂ ਪਹਿਲੇ ਹੀ ਹਦਾਇਤਾਂ ਕੀਤੀਆਂ ਗਈਆਂ ਹਨ ਅਤੇ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਉਹ ਕਿਸੇ ਵੀ ਤਿਉਹਾਰ ਵੇਲੇ ਸ਼ਹਿਰ ਦੇ ਵਿਚ ਸਫਾਈ ਵਿਵਸਥਾ ਅਤੇ ਹੋਰ ਕੰਮਾਂ ਲਈ ਅਚਾਨਕ ਨਿਰੀਖਣ ਕਰਨਗੇ ਜਿਸ ਦਾ ਅਧਿਕਾਰੀ ਧਿਆਨ ਰੱਖਣ। ਇਸ ਮੌਕੇ ਨਿਗਰਾਨ ਇੰਜੀ. ਦੁਪਿੰਦਰ ਸੰਧੂ, ਸੰਦੀਪ ਸਿੰਘ, ਸਤਿੰਦਰ ਕੁਮਾਰ, ਐਕਸੀਅਨ ਮਨਜੀਤ ਸਿੰਘ, ਸਿਹਤ ਅਫ਼ਸਰ ਡਾ: ਕਿਰਨ ਕੁਮਾਰ, ਡਾ: ਯੋਗੇਸ਼ ਅਰੋੜਾ, ਸੁਰਿੰਦਰ ਸਿੰਘ ਜੇ. ਈ. ਆਦਿ ਮੌਜੂਦ ਸਨ।

# ਮਜਲਿਸ ਖ਼ੁਦਾਮ ਉਲ ਅਹਿਮਦੀਆ ਕਾਦੀਆਂ ਦਾ ਸਾਲਾਨਾ ਚਾਰ ਰੋਜ਼ਾ ਸਮਾਰੋਹ ਸਮਾਪਤ



ਧਾਰੀਵਾਲ/ਕਾਦੀਆਂ, (ਮਨਦੀਪ ਵਿੱਕੀ)-ਕਾਦੀਆਂ ਵਿਖੇ ਅਹਿਮਦੀਆ ਮੁਸਲਿਮ ਨੌਜਵਾਨਾਂ ਦੀ ਸੰਸਥਾ ਮਜਲਿਸ ਖ਼ੁਦਾਮ ਉਲ ਅਹਿਮਦੀਆ ਕਾਦੀਆਂ ਅਤੇ ਪੰਦਰਾਂ ਸਾਲ ਤੱਕ ਦੇ ਬੱਚਿਆਂ ਦੀ ਸੰਸਥਾ ਮਜਲਿਸ ਅਤਫਾਲ ਉਲ ਅਹਿਮਦੀਆ ਨੇ ਆਪਣਾ ਸਲਾਨਾ ਸਮਾਰੋਹ ਆਯੋਜਿਤ ਕੀਤਾ। ਮਜਲਿਸ ਦਾ ਸਾਲਾਨਾ ਸਮਾਰੋਹ ਕਾਦੀਆਂ ਵਿਖੇ ਪਵਿੱਤਰ ਕੁਰਾਨ ਸ਼ਰੀਫ਼ ਦੀ ਤਿਲਾਵਤ ਦੇ ਨਾਲ ਆਰੰਭ ਹੋਣ ਮਗਰੋਂ ਮਜਲਿਸ ਦਾ ਕੌਮੀ ਝੰਡਾ ਲਹਿਰਾਇਆ ਗਿਆ। ਇਸ ਮੌਕੇ ਹਾਫ਼ਿਜ਼ ਮਖਦੂਮ ਸ਼ਰੀਫ਼ ਸਾਹਿਬ ਐਡੀਸ਼ਨਲ ਮੁੱਖ ਸਕੱਤਰ ਜਨੂਬੀ ਹਿੰਦ ਅਤੇ ਅਬਦੁਲ ਬਾਰੀ ਮੀਤ ਪ੍ਰਧਾਨ ਮਜਲਿਸ ਅਤੇ ਮਜਲਿਸ ਦੇ ਕੌਮੀ ਪ੍ਰਧਾਨ ਕੇ. ਤਾਰਿਕ ਅਹਿਮਦ ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਦੱਸਿਆ ਕਿ ਮਜਲਿਸ, ਅਹਿਮਦੀ ਨੌਜਵਾਨਾਂ ਅਤੇ ਬੱਚਿਆਂ ਵਿੱਚ ਅੱਗੇ ਵਧਣ ਦਾ ਜਜ਼ਬਾ ਅਤੇ ਦੇਸ਼ ਪ੍ਰੇਮ ਦਾ ਜਜ਼ਬਾ ਪੈਦਾ ਕਰਨ ਲਈ ਇਹੋ ਜਿਹੇ ਸਮਾਰੋਹ ਆਯੋਜਿਤ ਕਰਦੀ ਹੈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਬੱਚਿਆਂ ਅਤੇ ਨੌਜਵਾਨ ਦੇ ਖੇਡਾਂ ਦੇ ਵੱਖ-ਵੱਖ ਮੁਕਾਬਲੇ ਕਰਵਾਏ। ਇਨ੍ਹਾਂ ਖੇਡਾਂ ਵਿਚ ਵਿਸ਼ੇਸ਼ ਤੌਰ ਤੇ ਫੁੱਟਬਾਲ, ਵਾਲੀਬਾਲ, ਬੈਡਮਿੰਟਨ, ਕ੍ਰਿਕਟ, ਰੱਸਾਕਸ਼ੀ, ਸਾਇਕਲ ਰੇਸ, ਮੈਰਾਥਨ, ਕਬੱਡੀ ਅਤੇ ਹੋਰ ਵੀ ਵੱਖ-ਵੱਖ ਤਰ੍ਹਾਂ ਦੇ ਖੇਡ ਮੁਕਾਬਲੇ ਅਤੇ ਅਧਿਆਤਮਕ ਮੁਕਾਬਲੇ ਕਰਵਾਏ ਗਏ। ਵੱਖ ਵੱਖ ਮੁਕਾਬਲਿਆਂ ਵਿੱਚ ਪਹਿਲੇ ਤਿੰਨ ਸਥਾਨਾਂ ਤੇ ਆਉਣ ਵਾਲੇ ਬੱਚਿਆਂ ਅਤੇ ਨੌਜਵਾਨਾਂ ਨੂੰ ਇਨਾਮ ਵੀ ਵੰਡੇ ਗਏ। ਇਸ ਮੌਕੇ ਬੱਚਿਆਂ ਅਤੇ ਨੌਜਵਾਨਾਂ ਵੱਲੋਂ ਇਕ ਪ੍ਰਦਰਸ਼ਨੀ ਵੀ ਆਯੋਜਿਤ ਕੀਤੀ ਗਈ ਜਿਸ ਵਿਚ ਬੱਚਿਆਂ ਅਤੇ ਨੌਜਵਾਨਾਂ ਨੇ ਵੱਖ-ਵੱਖ ਤਰ੍ਹਾਂ ਦੀਆਂ ਚੀਜ਼ਾਂ ਬਣਾ ਕੇ ਰੱਖੀਆਂ ਸਨ ਅਤੇ ਸਾਇੰਸ ਦੇ ਪ੍ਰੋਜੈਕਟ ਵੀ ਬਣਾਏ ਗਏ। ਇਸ ਮੌਕੇ ਸੰਬੋਧਨ ਕਰਦਿਆਂ ਮਜਲਿਸ ਦੇ ਕੌਮੀ ਪ੍ਰਧਾਨ ਕੇ ਤਾਰਿਕ ਅਹਿਮਦ ਨੇ ਬੱਚਿਆਂ ਅਤੇ ਨੌਜਵਾਨਾਂ ਨੂੰ ਇਨ੍ਹਾਂ ਜੇਤੂ ਨੌਜਵਾਨਾਂ ਤੋਂ ਪ੍ਰੇਰਨਾ ਲੈਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਜਿਸ ਨਾਲ ਚੰਗੀ ਸਿਹਤ ਹੋਣ ਨਾਲ ਨੌਜਵਾਨ ਆਪਣੀ ਪੜ੍ਹਾਈ ਵਿਚ ਵੀ ਅੱਗੇ ਵਧ ਸਕਦੇ ਹਨ। ਇਹ ਸਮਾਰੋਹ ਦੁਆਵਾਂ ਦੇ ਨਾਲ ਸਮਾਪਤ ਹੋਇਆ।

# ਡੀ ਏ ਵੀ ਪਬਲਿਕ ਸਕੂਲ ਦੇ ਬੱਚਿਆਂ ਨੇ ਖੇਡਾਂ 'ਚ ਮੱਲਾਂ ਮਾਰੀਆਂ



ਝਬਾਲ (ਹਰਜਿੰਦਰ ਸਿੰਘ ਸੋਨੀ/ ਰੌਬਿਨ ਸਿੰਘ ਸੋਨੀ) ਡੀ ਏ ਵੀ ਮੈਨੇਜਮੈਂਟ ਕਮੇਟੀ ਵਲੋਂ ਵੱਖ-ਵੱਖ ਖੇਡਾਂ ਦੇ ਟੂਰਨਾਮੈਂਟ ਕਰਵਾਏ ਗਏ ਜਿਸ ਵਿੱਚ ਗੁਰੂ ਨਾਨਕ ਦੇਵ ਡੀ ਏ ਵੀ ਪਬਲਿਕ ਸਕੂਲ ਭਿੱਖੀਵਿੰਡ ਵਿੱਚ ਨੈਸ਼ਨਲ ਸਪੋਰਟਸ ਕਲਸਟਰ' ਹੋਇਆ ਜਿਸ ਵਿੱਚ ਜੇ. ਆਰ. ਐੱਸ. ਡੀ. ਏ. ਵੀ. ਪਬਲਿਕ ਸਕੂਲ ਝਬਾਲ ਦੇ ਸਪੋਰਟਸ ਅਧਿਆਪਕਾ ਨਵਰੂਪ ਕੌਰ ਦੀ ਯੋਗ ਅਗਵਾਈ ਵਿੱਚ ਲੜਕੀਆਂ ਤੇ ਲੜਕਿਆਂ ਦੀ ਖੋ-ਖੋ ਟੀਮਾਂ ਨੇ ਸ਼ਿਰਕਤ ਕੀਤੀ ਜਿਸ ਵਿੱਚ ਦੋਵਾਂ ਹੀ ਟੀਮਾਂ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਮੁਖੀ ਕੁਸੁਮ ਸ਼ਰਮਾ ਨੇ ਬੱਚਿਆਂ ਨੂੰ ਵਧਾਈ ਦਿੱਤੀ ਤੇ ਉਨਾਂ ਦੀ ਹੌਸਲਾ ਅਫ਼ਜ਼ਾਈ ਕੀਤੀ।

# ਬੀ ਐੱਸ ਐੱਫ ਨੇ ਪਾਕਿਸਤਾਨੀ ਡਰੋਨ ਗੋਲੀਆਂ ਮਾਰ ਕੇ ਖਦੇੜਿਆ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪਾਕਿਸਤਾਨ ਸਰਹੱਦ ਡੇਰਾ ਬਾਬਾ ਨਾਨਕ ਅਧੀਨ ਬੀਐੱਸਐੱਫ ਦੀ ਚੌਂਕ ਪੋਸਟ ਆਬਾਦ ਅਤੇ ਸ਼ਿਕਾਰ ਦੇ ਨਜ਼ਦੀਕ ਬੀਤੀ ਦੇਰ ਰਾਤ 11 ਵਜੇ ਤੋਂ ਲੈ ਕੇ ਸਵੇਰੇ 3 ਵਜੇ ਤੱਕ ਪਾਕਿ ਡਰੋਨ ਨੂੰ ਭਾਰਤੀ ਸੀਮਾ ਅੰਦਰ ਦਾਖਲ ਹੁੰਦਿਆਂ ਦੇਖਿਆ ਗਿਆ। ਬੀਐੱਸਐੱਫ ਦੇ ਜਵਾਨਾਂ ਵਲੋਂ 37 ਰਾਊਂਡ ਫਾਇਰ ਵੀ ਕੀਤੇ ਗਏ ਅਤੇ 12 ਰੌਸ਼ਨੀ ਦੇ ਬੰਬ ਵੀ ਛੱਡੇ ਗਏ ਜਦਕਿ ਖਾਸ ਇਹ ਰਿਹਾ ਕਿ ਇਹ ਡਰੋਨ ਭਾਰਤੀ ਸਰਹੱਦ ਦੇ 10 ਕਿਲੋਮੀਟਰ ਪਿੱਛੇ ਭਾਰਤ ਦੇ ਪਿੰਡ ਰੱਤਾ ਅਤੇ ਪੱਡਾ 'ਚ ਘੁੰਮਦਾ ਰਿਹਾ।

ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਡੀਆਈਜੀ ਬੀਐੱਸਐੱਫ ਪ੍ਰਭਾਕਰ ਜੋਸ਼ੀ ਨੇ ਦੱਸਿਆ ਕਿ ਇਹ ਪਹਿਲੀ ਵਾਰ ਹੈ ਕਿ ਇਹ ਡਰੋਨ ਭਾਰਤ ਦੇ ਅੰਦਰ 10 ਕਿਲੋਮੀਟਰ ਦੀ ਦੂਰੀ ਤੱਕ ਦੇਖਿਆ ਗਿਆ ਹੈ। ਸਥਾਨਕ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਵੀ ਇਸ ਦੀ ਆਵਾਜ਼ ਸੁਣੀ ਹੈ। ਡੀਆਈਜੀ ਨੇ ਅੱਗੇ ਦੱਸਿਆ ਕਿ ਉਨ੍ਹਾਂ ਵੱਲੋਂ ਕੀਤੀ ਫਾਇਰਿੰਗ ਤੋਂ ਬਾਅਦ ਡਰੋਨ ਪਾਕਿਸਤਾਨ ਵੱਲ ਵਾਪਿਸ ਮੁੜ ਗਿਆ ਅਤੇ ਹੁਣ ਬੀਐੱਸਐੱਫ ਅਤੇ ਡੀਐੱਸਪੀ ਡੇਰਾ ਬਾਬਾ ਨਾਨਕ ਸਰਵਜੀਤ ਸਿੰਘ ਬਰਾੜ, ਐੱਸਐੱਚਓ ਸਤਪਾਲ ਸਿੰਘ ਡੇਰਾ ਬਾਬਾ ਨਾਨਕ, ਐੱਸਐੱਚਓ ਬਲਬੀਰ ਸਿੰਘ ਕੋਟਲੀ ਸੂਰਤ ਮੱਲੀ, ਐੱਸਐੱਚਓ ਬਲਵਿੰਦਰ ਸਿੰਘ ਕਿਲਾ ਲਾਲ ਸਿੰਘ ਸਮੇਤ ਪੁਲਸ ਪਾਰਟੀ ਵੱਲੋਂ ਸਾਂਝੇ ਤੌਰ 'ਤੇ ਸਰਹੱਦ ਦੇ ਨੇੜੇ ਪਿੰਡਾਂ ਵਿੱਚ ਸਰਚ ਅਪਰੇਸ਼ਨ ਚਲਾਇਆ ਜਾ ਰਿਹਾ ਹੈ। ਡੀਆਈਜੀ ਬੀਐੱਸਐੱਫ ਪ੍ਰਭਾਕਰ ਜੋਸ਼ੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬੀਐੱਸਐੱਫ ਨੂੰ ਜਾਣਕਾਰੀ ਦੇਣ। ਜੇਕਰ ਕੋਈ ਭਾਰਤ ਵਾਲੇ ਪਾਸੇ ਤਸਕਰੀ ਕਰ ਰਿਹਾ ਹੈ, ਜਾਂ ਉਸਦੇ ਸੰਬੰਧ ਪਾਕਿਸਤਾਨ ਨਾਲ ਹਨ ਤਾਂ ਉਸ ਬਾਰੇ ਸੂਚਨਾ ਦੇਣ ਵਾਲੇ ਨੂੰ ਇੱਕ ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ ਅਤੇ ਉਸਦੀ ਪਹਿਚਾਣ ਗੁਪਤ ਰੱਖੀ ਜਾਵੇਗੀ।

# ਜੰਗਲੀ ਜੀਵ ਸੈਂਚੁਰੀ ਹਰੀਕੇ ਵਿਖੇ ਮਨਾਇਆ ਜੰਗਲੀ ਜੀਵ ਸਪਤਾਹ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਲਖਵਿੰਦਰ ਸਿੰਘ ਗਿੱਲ, ਵਣ ਮੰਡਲ ਅਫਸਰ, ਜੰਗਲੀ ਜੀਵ ਮੰਡਲ, ਫਿਰੋਜਪੁਰ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਮਲਜੀਤ ਸਿੰਘ, ਵਣ ਰੇਂਜ ਅਫਸਰ, ਜੰਗਲੀ ਜੀਵ ਰੇਂਜ, ਹਰੀਕੇ ਦੀ ਰਹਿਨੁਮਾਈ ਹੇਠ ਜੰਗਲੀ ਜੀਵ ਸੈਂਚੁਰੀ ਹਰੀਕੇ ਵਿਖੇ 2 ਤੋਂ 8 ਅਕਤੂਬਰ ਤੱਕ ਜੰਗਲੀ ਜੀਵ ਸਪਤਾਹ ਮਨਾਇਆ ਜਾ ਰਿਹਾ ਹੈ। ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਕਮਲਜੀਤ ਸਿੰਘ, ਵਣ ਰੇਂਜ ਅਫਸਰ, ਜੰਗਲੀ ਜੀਵ ਰੇਂਜ, ਹਰੀਕੇ ਵੱਲੋਂ ਦੱਸਿਆ ਗਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜੰਗਲੀ ਜੀਵ ਰੇਂਜ ਹਰੀਕੇ ਵੱਲੋਂ ਜੰਗਲੀ ਜੀਵ ਸਪਤਾਹ ਵੱਖ-ਵੱਖ ਸਕੂਲਾਂ, ਪਿੰਡਾਂ ਵਿੱਚ ਜਾ ਕੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਰੀਕੇ ਦੇ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਜੰਗਲੀ ਜੀਵ ਸਪਤਾਹ ਦੇ ਸਬੰਧੀ ਇੱਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿੱਚ ਜੰਗਲੀ ਜੀਵ ਰੇਂਜ, ਹਰੀਕੇ ਦੇ ਸਟਾਫ ਵੱਲੋਂ ਜੰਗਲੀ ਜੀਵ ਸਪਤਾਹ ਨਾਲ ਸਬੰਧਤ ਅਤੇ ਵਾਤਾਵਰਣ ਸਬੰਧਤ ਸਕੂਲ ਦੇ ਵਿਦਿਆਰਥੀਆਂ ਪਾਸੋਂ ਪੇਂਟਿੰਗ ਮੁਕਾਬਲੇ ਕਰਵਾਏ ਗਏ। ਇਸਦੇ ਨਾਲ ਹੀ ਸਕੂਲ ਦੇ ਵਿਦਿਆਰਥੀਆਂ ਅਤੇ ਸਕੂਲ ਦੇ ਹਾਜ਼ਰੀਨ ਸਟਾਫ ਨੂੰ ਜੰਗਲੀ ਜੀਵਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਵਿਦਿਆਰਥੀਆਂ ਨੂੰ ਵੱਧ-ਵੱਧ ਰੁੱਖ ਲਗਾਉਣ, ਜੰਗਲੀ ਜੀਵ ਬਚਾਉਣ, ਪਾਣੀ ਬਚਾਉਣ, ਅਤੇ ਆਪਣਾ ਆਲਾ-ਦੁਆਲਾ ਸਾਫ-ਸੁਥਰਾ ਰੱਖਣ ਸਬੰਧੀ ਪ੍ਰੇਰਿਤ ਕੀਤਾ। ਅੱਜ ਸ੍ਰੀ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ, ਪਿੰਡ ਵੱਟੂ-ਭੱਟੀ ਦੇ ਵਿਦਿਆਰਥੀਆਂ ਨੂੰ ਜੰਗਲੀ ਜੀਵ ਸੈਂਚੁਰੀ ਹਰੀਕੇ ਦਾ ਟੂਰ ਕਰਵਾਇਆ ਗਿਆ ਜਿੱਥੇ ਬੱਚਿਆ ਨੂੰ ਜੰਗਲੀ ਜੀਵ ਸਪਤਾਹ ਸਬੰਧੀ ਸੰਖੇਪ ਰੂਪ ਵਿੱਚ ਜਾਣਕਾਰੀ ਦਿੱਤੀ ਅਤੇ ਜੰਗਲੀ ਜੀਵ ਹਰੀਕੇ ਵਿਖੇ ਮੌਜੂਦ ਜੰਗਲ ਜੀਵਨ, ਜੀਵ ਜੰਤੂ ਅਤੇ ਪੰਛੀਆਂ ਬਾਰੇ ਦੱਸਣ ਤੋਂ ਇਲਾਵਾ ਪੇਂਟਿੰਗ ਮੁਕਾਬਲੇ ਵੀ ਕਰਵਾਏ ਗਏ। ਉਨ੍ਹਾਂ ਪ੍ਰੈੱਸ ਨੂੰ ਹੋਰ ਜਾਣਕਾਰੀ ਦਿੱਤੀ ਕਿ ਇਸੇ ਤਰ੍ਹਾਂ ਹੀ ਲਗਾਤਾਰ 8 ਅਕਤੂਬਰ ਤੱਕ ਜੰਗਲੀ ਜੀਵ ਸਪਤਾਹ ਸਬੰਧੀ ਪ੍ਰੋਗਰਾਮ, ਸੈਮੀਨਾਰ ਆਯੋਜਿਤ ਕੀਤੇ ਜਾਣਗੇ ਅਤੇ ਵੱਧ ਤੋਂ ਵੱਧ ਵਿਦਿਆਰਥੀਆਂ ਅਤੇ ਲੋਕਾਂ ਨੂੰ ਇਸ ਸਬੰਧੀ ਪ੍ਰੇਰਿਤ ਕੀਤਾ ਜਾਵੇਗਾ।

# ਪੀਜੀਆਈ ਦੀ ਤਰਜ਼ 'ਤੇ ਗੁਰੂ ਨਾਨਕ ਦੇਵ ਹਸਪਤਾਲ ਦਾ ਕਰਾਂਗੇ ਵਿਕਾਸ : ਸਿਹਤ ਮੰਤਰੀ

## ਬੇਬੇ ਨਾਨਕੀ ਤੇ ਐਮਰਜੈਂਸੀ ਵਾਰਡ ਦਾ ਕੀਤਾ ਦੌਰਾ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਦਾ ਪੀ. ਜੀ. ਆਈ. ਦੀ ਤਰਜ਼ 'ਤੇ ਵਿਕਾਸ ਕੀਤਾ ਜਾਵੇਗਾ ਅਤੇ ਸਾਰੀਆਂ ਆਧੁਨਿਕ ਮਸ਼ੀਨਾਂ ਮੁਹੱਈਆ ਕਰਵਾਈਆਂ ਜਾਣਗੀਆਂ ਤਾਂ ਜੋ ਇਸ ਹਸਪਤਾਲ ਤੋਂ ਕਿਸੇ ਮਰੀਜ਼ ਨੂੰ ਦੂਜੇ ਹਸਪਤਾਲਾਂ ਵਿੱਚ ਰੈਫਰ ਨਾ ਕੀਤਾ ਜਾਵੇ ਸਗੋਂ ਇਥੇ ਮਰੀਜ਼ ਦਾ ਇਲਾਜ ਹੋ ਸਕੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਚੇਤਨ ਸਿੰਘ ਜੌੜਾਮਾਜਰਾ, ਸਿਹਤ ਮੰਤਰੀ ਪੰਜਾਬ ਨੇ ਮੈਡੀਕਲ ਕਾਲਜ ਵਿਖੇ ਡਾਕਟਰਾਂ ਨਾਲ ਮੀਟਿੰਗ ਕਰਦਿਆਂ ਕੀਤਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਸਮੇਂ ਦੀ ਸਭ ਤੋਂ ਵੱਡੀ ਜ਼ਰੂਰਤ ਹੈ ਕਿ ਸਰਕਾਰੀ ਹਸਪਤਾਲਾਂ ਦੇ ਬੁਨਿਆਦੀ ਢਾਂਚੇ ਦਾ ਸੁਧਾਰ ਕੀਤਾ ਜਾਵੇ ਅਤੇ ਇਨ੍ਹਾਂ ਵਿੱਚ ਪਾਈਆਂ ਜਾਂਦੀਆਂ ਕਮੀਆਂ ਨੂੰ ਦੂਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਾਨੂੰ ਸਮੇਂ ਦੇ ਹਾਣੀ ਬਣਨਾ ਚਾਹੀਦਾ ਹੈ ਅਤੇ ਪੁਰਾਣੇ ਢਾਂਚੇ ਨੂੰ ਖਤਮ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਕੋਲ ਫੰਡਾਂ ਦੀ ਕੋਈ ਕਮੀ ਨਹੀਂ ਤੁਹਾਡੀਆਂ ਜੋ ਵੀ ਜ਼ਰੂਰਤਾਂ ਹਨ, ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।

ਸਿਹਤ ਮੰਤਰੀ ਨੇ ਦੱਸਿਆ ਕਿ ਜਲਦ ਹੀ ਸੁਪਰਸਪੈਸ਼ਲਿਟੀ ਡਾਕਟਰਾਂ ਦੀ ਕਮੀ ਨੂੰ ਦੂਰ ਕੀਤਾ ਜਾਵੇਗਾ ਅਤੇ ਸਿਹਤ ਵਿਭਾਗ ਵਿੱਚ ਜੋ ਅਸਾਮੀਆਂ ਖਾਲੀ ਪਈਆਂ ਹਨ ਦੀ ਭਰਤੀ ਕੀਤੀ ਜਾਵੇਗੀ। ਪ੍ਰਿੰਸੀਪਲ ਮੈਡੀਕਲ ਕਾਲਜ ਨੇ ਸਿਹਤ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਕਿ ਮੈਡੀਕਲ ਕਾਲਜ ਦੀਆਂ ਕਈ ਥਾਂਵਾਂ ਤੇ ਨਾਜਾਇਜ਼ ਕਬਜ਼ੇ ਹੋਏ ਹਨ ਜਿਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਸਿਹਤ ਮੰਤਰੀ ਨੇ ਕਿਹਾ ਕਿ ਮੈਡੀਕਲ ਕਾਲਜ ਦੀ ਜ਼ਮੀਨ ਦੀ ਨਿਸ਼ਾਨਦੇਹੀ ਕਰਵਾਈ ਜਾਵੇਗੀ ਅਤੇ ਲੋਕਾਂ ਵੱਲੋਂ ਜੋ ਨਜਾਇਜ਼ ਕਬਜ਼ੇ ਕੀਤੇ ਹੋਏ ਹਨ, ਨੂੰ ਛੁਡਾਇਆ ਜਾਵੇਗਾ। ਸਿਹਤ ਮੰਤਰੀ ਨੇ ਦੱਸਿਆ ਕਿ ਕਰੋਨਾ ਮਹਾਂਮਾਰੀ ਦੌਰਾਨ ਕੰਮ ਕਰਨ ਵਾਲੇ ਜਿਨ੍ਹਾਂ ਕਰਮਚਾਰੀਆਂ ਨੂੰ ਡਿਊਟੀ ਤੋਂ ਬਾਹਰ ਕੱਢ ਦਿੱਤਾ ਗਿਆ ਸੀ, ਨੂੰ ਵੀ ਜਲਦੀ ਐਡਜਸਟ ਕੀਤਾ ਜਾਵੇਗਾ। ਉਨ੍ਹਾਂ ਨੌਕਰੀ ਵਿੱਚੋਂ ਕੱਢੇ ਕਰਮਚਾਰੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਤੁਸੀਂ ਧਰਨੇ ਨਾ ਲਗਾਓ ਅਤੇ ਨਾ ਹੀ ਕਾਹਲੀ ਕਰੋ, ਤੁਹਾਨੂੰ ਸਭ ਨੂੰ ਜ਼ਰੂਰ ਪੱਕਿਆਂ ਕੀਤਾ ਜਾਵੇਗਾ।

ਇਸ ਉਪਰੰਤ ਸਿਹਤ ਮੰਤਰੀ ਵੱਲੋਂ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਬੇਬੇ ਨਾਨਕੀ ਵਾਰਡ ਅਤੇ ਐਮਰਜੈਂਸੀ ਵਾਰਡ ਦਾ ਦੌਰਾ ਵੀ ਕੀਤਾ ਗਿਆ। ਹਸਪਤਾਲ ਵਿਖੇ ਚੱਲ ਰਹੀ ਕੰਟੀਨ ਦਾ ਵੀ ਦੌਰਾ ਕੀਤਾ ਅਤੇ ਉਥੇ ਸਾਫ ਸਫਾਈ ਦੇ ਪ੍ਰਬੰਧ ਨੂੰ ਲੈ ਕੇ ਮੈਡੀਕਲ ਸੁਪਰਡੰਟ ਨੂੰ ਨਿਰਦੇਸ਼ ਦਿੱਤੇ।

ਮੀਟਿੰਗ ਵਿੱਚ ਪ੍ਰਿੰਸੀਪਲ ਮੈਡੀਕਲ ਕਾਲਜ ਡਾ: ਵੀਨਾ ਚਤਰਥ, ਸਿਵਲ ਸਰਜਨ ਡਾ: ਚਰਨਜੀਤ ਸਿੰਘ, ਡਾ: ਰਾਜੀਵ ਦੇਵਗਨ, ਮੈਡੀਕਲ ਸੁਪਰਡੰਟ ਡਾ: ਕਰਮਜੀਤ ਸਿੰਘ, ਡਾ: ਕੇ. ਡੀ. ਸਿੰਘ, ਡਾ: ਜੇ. ਐਸ. ਕੁਲਾਰ, ਡਾ: ਨਰਿੰਦਰ ਸਿੰਘ, ਡਾ: ਕੰਵਲਜੀਤ ਸਿੰਘ, ਸ੍ਰੀਮਤੀ ਸੀਮਾ ਸੋਢੀ ਪ੍ਰਧਾਨ ਮਹਿਲਾ ਵਿੰਗ ਤੋਂ ਇਲਾਵਾ ਹੋਰ ਡਾਕਟਰ ਵੀ ਹਾਜ਼ਰ ਸਨ।

# ਚੀਮਾ ਸੇਵਾ ਸੋਸਾਇਟੀ ਧਾਰੀਵਾਲ ਕਲਾਂ ਵੱਲੋਂ ਮੁਫਤ ਮੈਡੀਕਲ ਕੈਂਪ ਆਯੋਜਿਤ



ਧਾਰੀਵਾਲ (ਮਨਦੀਪ ਵਿੱਕੀ)-ਚੀਮਾ ਸੇਵਾ ਸੋਸਾਇਟੀ ਪਿੰਡ ਧਾਰੀਵਾਲ ਕਲਾਂ ਵੱਲੋਂ ਪਿੰਡ ਦੇ ਐ ਨ .ਆਈ .ਆਈ ਅਤੇ ਫੌਜੀ ਵੀਰਾਂ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਪਿੰਡ ਦੇ ਗੁਰਦੁਆਰਾ ਸਾਹਿਬ (ਪੱਤੀ ਚੀਮਾ) ਲਗਾਏ ਇਸ ਮੈਡਕਲ ਕੈਂਪ ਦੌਰਾਨ ਨਿਰੋਗਵੇਦਾ ਆਯੁਰਵੈਦਿਕ ਕੇਂਦਰ ਫੱਜੂਪੁਰ ਚੌਂਕ, ਧਾਰੀਵਾਲ ਤੋਂ ਪਹੁੰਚੀ ਟੀਮ ਵਿੱਚ ਡਾ: ਜਰਨੈਲ ਸਿੰਘ, ਡਾ: ਰਣਜੀਤ ਸਿੰਘ, ਡਾ: ਰਾਜਵਿੰਦਰ ਕੌਰ, ਜਤਿਨ ਕੁਮਾਰ, ਮਾਸਟਰ ਜਗਜੀਤ ਸਿੰਘ, ਅਸ਼ੋਕ ਕੁਮਾਰ, ਲੈਬ ਟੈਕਨੀਸੀਅਨ ਆਸ਼ਿਸ ਆਦਿ ਦੁਆਰਾ ਗਠੀਆ, ਜੋੜਾਂ ਦਾ ਦਰਦ, ਚਮੜੀ ਦੇ ਰੋਗ, ਸ਼ੂਗਰ, ਪੱਥਰੀ, ਪਰਾਣਾ ਜ਼ੁਕਾਮ, ਭੁਗੰਦਰ, ਪੀਲੀਆ, ਕਾਲਾ ਪੀਲੀਆ ਆਦਿ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਦਾ ਮੁਫਤ ਚੈੱਕਅੱਪ ਕਰਕੇ 105 ਲੋੜਵੰਦ ਮਰੀਜ਼ਾਂ ਦੀ ਮੁਫਤ ਦਵਾਈਆਂ ਦਿੱਤੀਆਂ। ਕੈਂਪ ਦੌਰਾਨ ਗ੍ਰੰਥੀ ਭਾਈ ਮਨਜੀਤ ਸਿੰਘ, ਚੀਮਾ ਸੇਵਾ ਸੋਸਾਇਟੀ ਦੇ ਮੈਂਬਰਾਂ ਬਾਬਾ ਅਜੈਬ ਸਿੰਘ, ਗੁਰਦੀਪ ਸਿੰਘ, ਮੰਗਲ ਸਿੰਘ ਹਰਚਰਨ ਸਿੰਘ, ਹੈਪੀ ਚੀਮਾ, ਮਾਹਲਾ ਸਿੰਘ, ਪਿਆਰਾ ਸਿੰਘ, ਕਸ਼ਮੀਰ ਸਿੰਘ, ਇੰਦਰ ਸਿੰਘ, ਬਲਰਾਜ ਸਿੰਘ, ਸਾਖਾ ਸਿੰਘ ਆਦਿ ਸੇਵਾਦਾਰਾਂ ਨੇ ਸੇਵਾ ਨਿਭਾਈ।

# ਨਗਰ ਕੌਂਸਲ ਦੀਨਾਨਗਰ 'ਚ ਸਟਰੀਟ ਲਾਈਟਾਂ ਦਾ 1.97 ਲੱਖ ਰੁਪਏ ਦਾ ਘਪਲਾ ਆਇਆ ਸਾਹਮਣੇ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)—ਨਗਰ ਕੌਂਸਲ ਦੀਨਾਨਗਰ ਵਿੱਚ ਸਟਰੀਟ ਲਾਈਟ ਦਾ ਸਾਮਾਨ ਖਰੀਦੇ ਬਿਨਾਂ ਹੀ 1.97 ਲੱਖ ਰੁਪਏ ਦੀ ਅਦਾਇਗੀ ਕਰਨ ਦੇ ਮਾਮਲੇ ਵਿੱਚ ਕਾਰਜਸਾਧਕ ਅਫਸਰ ਵੱਲੋਂ ਲੋਕਲ ਬਾਡੀਜ ਵਿਭਾਗ ਦੇ ਡਾਇਰੈਕਟਰ ਨੂੰ ਵਿਜੀਲੈਂਸ ਜਾਂਚ ਕਰਵਾਉਣ ਲਈ ਲਿਖਿਆ ਗਿਆ ਹੈ। ਇਸ ਘੁਟਾਲੇ ਦੇ ਸਾਹਮਣੇ ਆਉਣ ਤੋਂ ਬਾਅਦ 30 ਸਤੰਬਰ ਨੂੰ ਨਗਰ ਕੌਂਸਲ ਦੀ ਮੀਟਿੰਗ ਵਿੱਚ ਮਤਾ ਨੰਬਰ 51 ਪਾਸ ਕਰਕੇ ਸਬੰਧਤ ਕਾਰਜਸਾਧਕ ਅਫਸਰ ਵੱਲੋਂ ਕੀਤੇ ਗਏ ਗਬਨ ਦੀ ਵਿਜੀਲੈਂਸ ਜਾਂਚ ਕਰਕੇ ਐਫ. ਆਈ. ਆਰ. ਦਰਜ ਕਰਨ ਦੀ ਮੰਗ ਰੱਖੀ ਗਈ ਹੈ ਜਿਸ ਦੇ ਆਧਾਰ 'ਤੇ ਕਾਰਜਸਾਧਕ ਅਫਸਰ ਜਤਿੰਦਰ ਮਹਾਜਨ ਨੇ ਵਿਭਾਗ ਦੇ ਡਾਇਰੈਕਟਰ ਨੂੰ ਭੇਜੇ ਪੱਤਰ 'ਚ ਕਿਹਾ ਹੈ ਕਿ ਕਾਰਜਸਾਧਕ ਅਫਸਰ ਅਸ਼ੋਕ ਕੁਮਾਰ ਜੋ ਇਸ ਸਮੇਂ ਗੁਰਦਾਸਪੁਰ 'ਚ ਤਾਇਨਾਤ ਹਨ, ਨੇ ਮਈ ਮਹੀਨੇ ਵਿਚ ਸਟਰੀਟ ਲਾਈਟ ਦਾ ਸਮਾਨ ਖਰੀਦਣ ਲਈ ਸੋਢੀ ਟਰੇਡਿੰਗ ਕੰਪਨੀ ਨੂੰ ਸਟਰੀਟ ਲਾਈਟ ਖਰੀਦਣ ਲਈ 1.97 ਲੱਖ ਰੁਪਏ ਦੀ ਆਦਾਇਗੀ ਕੀਤੀ ਗਈ ਸੀ ਪਰ ਇਸ ਸਮਾਨ ਨੂੰ ਖਰੀਦਿਆ ਨਹੀਂ ਗਿਆ। ਇਸ ਤੋਂ ਇਲਾਵਾ ਸਰਕਾਰ ਵੱਲੋਂ ਸਹਿਰ ਦੇ ਅੰਦਰ ਵਿਕਾਸ ਕਾਰਜ ਕਰਵਾਉਣ ਲਈ ਪੀ.ਐਮ.ਆਈ.ਡੀ.ਸੀ ਅਧੀਨ ਫੇਜ 1, 2 ਅਤੇ 3 ਸਕੀਮ ਰਾਹੀਂ ਗ੍ਰਾਂਟ ਦਾ 80 ਫੀਸਦੀ ਗਰਾਂਟ ਨਗਰ ਕੌਂਸਲ ਨੂੰ ਜਾਰੀ ਕੀਤਾ ਗਿਆ ਸੀ । ਬਾਕੀ 20 ਫੀਸਦੀ ਰਾਸੀ ਜਾਰੀ ਕਰਨ ਲਈ ਇਹ ਸਰਤ ਰੱਖੀ ਗਈ ਸੀ ਕਿ ਗ੍ਰਾਂਟ ਦੇ ਪਹਿਲੇ 80 ਫੀਸਦੀ ਦੀ ਵਰਤੋਂ ਦਾ ਸਰਟੀਫਿਕੇਟ ਡਾਇਰੈਕਟਰ, ਲੋਕਲ ਬਾਡੀਜ ਵਿਭਾਗ, ਚੰਡੀਗੜ੍ਹ ਨੂੰ ਭੇਜਿਆ ਜਾਵੇਗਾ ਪਰ ਨਗਰ ਕੌਂਸਲ ਨੇ 80 ਫੀਸਦੀ ਗਰਾਂਟ ਦੀ ਵਰਤੋਂ ਦਾ ਸਰਟੀਫਿਕੇਟ ਡਾਇਰੈਕਟਰ ਨੂੰ ਨਹੀਂ ਭੇਜਿਆ ਅਤੇ ਨਾ ਹੀ ਨਗਰ ਕੌਂਸਲ ਨੂੰ ਬਾਕੀ 20 ਫੀਸਦੀ ਗਰਾਂਟ ਨਗਰ ਕੌਂਸਲ ਨੂੰ ਮਿਲੀ ਜਦੋਂਕਿ ਫੇਜ਼ 2 ਅਤੇ 3 ਅਧੀਨ ਪ੍ਰਾਪਤ ਹੋਈ 80 ਫੀਸਦੀ ਗਰਾਂਟ ਵਿੱਚੋਂ ਕੀਤੇ ਵਿਕਾਸ ਕਾਰਜਾਂ ਦੇ ਬਕਾਇਆ ਬਿੱਲਾਂ ਦੀ ਅਦਾਇਗੀ ਨਿਯਮਾਂ ਦੇ ਉਲਟ ਜਾ ਕੇ ਸਬੰਧਤ ਠੇਕੇਦਾਰ ਅਤੇ ਏਜੰਸੀਆਂ ਨੂੰ 15ਵੇਂ ਵਿੱਤ ਕਮਿਸ਼ਨ ਦੇ ਤਹਿਤ ਪ੍ਰਾਪਤ ਹੋਈ ਗ੍ਰਾਂਟ ਵਿੱਚ ਕਰ ਦਿੱਤਾ ਗਿਆ।

ਨਗਰ ਕੌਂਸਲ ਦੀ ਮੀਟਿੰਗ ਵਿੱਚ ਪਾਸ ਕੀਤੇ ਮਤੇ ਅਨੁਸਾਰ ਕਾਰਜਸਾਧਕ ਅਫਸਰ ਅਸ਼ੋਕ ਕੁਮਾਰ ਅਤੇ ਕਲਰਕ ਵਰੁਣ ਕੁਮਾਰ ਨੇ ਸਟਰੀਟ ਲਾਈਟਾਂ ਦੀਆਂ ਵਸਤੂਆਂ ਦੀ 1.97 ਲੱਖ ਰੁਪਏ ਦੀ ਬੋਗਸ ਅਦਾਇਗੀ ਕੀਤੀ ਹੈ। ਮਾਮਲਾ ਧਿਆਨ ਵਿੱਚ ਆਉਣ 'ਤੇ 23 ਸਤੰਬਰ ਨੂੰ ਨਗਰ ਕੌਂਸਲ ਦੇ ਪ੍ਰਧਾਨ ਪਰਮਿੰਦਰ ਸਿੰਘ ਨੇ ਮੌਜੂਦਾ ਕਾਰਜਸਾਧਕ ਅਫਸਰ ਜਤਿੰਦਰ ਮਹਾਜਨ ਨੂੰ ਪੱਤਰ ਲਿਖ ਕੇ ਦੋਵਾਂ ਖਿਲਾਫ ਕਾਰਵਾਈ ਕਰਨ ਲਈ ਲਿਖਿਆ ਗਿਆ। ਮਾਮਲੇ ਸਬੰਧੀ ਪੇਸ਼ ਰਿਪੋਰਟ ਅਨੁਸਾਰ ਜੂਨੀਅਰ ਸਹਾਇਕ ਸੁਖਵਿੰਦਰ ਸਿੰਘ ਨੂੰ ਇੰਸਪੈਕਟਰ ਵਜੋਂ ਤਰੱਕੀ ਦੇ ਕੇ 1 ਜਨਵਰੀ 2022 ਨੂੰ ਗੁਰਦਾਸਪੁਰ ਤਬਦੀਲ ਕਰ ਦਿੱਤਾ ਗਿਆ ਸੀ। ਉਨ੍ਹਾਂ ਦੀ ਥਾਂ ਕਲਰਕ ਦੇਵੀ ਨੂੰ ਸਟਰੀਟ ਲਾਈਟਾਂ ਦਾ ਚਾਰਜ ਸੌਂਪਿਆ ਗਿਆ। ਉਸ ਤੋਂ ਬਾਅਦ ਈ. ਓ. ਜਤਿੰਦਰ ਕੁਮਾਰ ਦੀ ਬਦਲੀ ਹੋਣ ਉਪਰੰਤ ਅਸ਼ੋਕ ਕੁਮਾਰ ਨੇ ਦੀਨਾਨਗਰ ਦੇ ਈ. ਓ. ਦਾ ਚਾਰਜ ਸੰਭਾਲ ਲਿਆ ਅਤੇ ਉਸ ਨੇ ਆਪਣਾ ਆਰਡਰ ਨੰਬਰ 1205 ਮਿਤੀ 18 ਜੁਲਾਈ 2022 ਨੂੰ ਕਲਰਕ ਵਰੁਣ ਕੁਮਾਰ ਦੀ ਡਿਊਟੀ ਸਟਰੀਟ ਲਾਈਟ ਸਾਖਾ 'ਚ ਲਗਾ ਦਿੱਤੀ ਸੀ .ਉਸ ਤੋਂ ਬਾਅਦ ਸ਼ਿਕਾਇਤਾਂ ਮਿਲਣ ਲੱਗੀਆਂ ਕਿ ਮਈ 2022 ਦਾ 1.97 ਲੱਖ ਰੁਪਏ ਦਾ ਜਾਅਲੀ ਬਿੱਲ ਤਿਆਰ ਕਰਕੇ ਅਗਸਤ 2022 ਵਿੱਚ ਅਦਾ ਕੀਤਾ ਗਿਆ। ਕਲਰਕ ਦੇਵੀ ਅਨੁਸਾਰ ਇਸ ਸਮੇਂ ਦੌਰਾਨ ਸਟਰੀਟ ਲਾਈਟਾਂ ਦਾ ਚਾਰਜ ਹੋਣ ਦੇ ਬਾਵਜੂਦ ਉਸ ਵੱਲੋਂ ਇਸ ਬਿੱਲ 'ਤੇ ਕੋਈ ਸ਼ਾਈਨ ਨਹੀਂ ਕੀਤੇ ਅਤੇ ਨਾ ਹੀ ਉਸ ਸਮੇਂ ਦੌਰਾਨ ਤਾਇਨਾਤ ਈਓ ਜਤਿੰਦਰ ਮਹਾਜਨ ਨੇ ਕੋਈ ਦਸਤਖਤ ਕੀਤੇ ਅਤੇ ਮਈ 2022 ਵਿੱਚ ਕੋਈ ਸਟਰੀਟ ਲਾਈਟ ਆਈਟਮ ਨਹੀਂ ਖਰੀਦੀ ਗਈ। ਦੂਜੇ ਪਾਸੇ ਸੇਵਾਦਾਰ ਵਿਕਾਸ ਲੂਨਾ ਨੇ ਲਿਖ ਕੇ ਦਿੱਤਾ ਕਿ ਈਓ ਅਸ਼ੋਕ ਕੁਮਾਰ ਵੱਲੋਂ 1.97 ਲੱਖ ਰੁਪਏ ਦਾ ਬਿੱਲ ਸਟਾਕ ਰਜਿਸਟਰ ਵਿੱਚ ਦਰਜ ਕਰਨ ਲਈ ਦਬਾਅ ਪਾਇਆ ਗਿਆ। ਜਿਸ ਕਰਕੇ ਉਸਨੂੰ ਇਹ ਐਂਟਰੀ ਕਰਨੀ ਪਈ। ਇਸ ਦੇ ਨਾਲ ਹੀ ਬਿੱਲ 'ਤੇ ਦਸਤਖਤ ਕਰਨ ਵਾਲੇ ਕਲਰਕ ਵਰੁਣ ਕੁਮਾਰ ਨੇ ਲਿਖਤੀ ਤੌਰ 'ਤੇ ਮੰਨਿਆ ਕਿ ਸਟਰੀਟ ਲਾਈਟ ਸ਼ਾਖਾ ਵਿੱਚ ਉਸ ਦੀ ਡਿਊਟੀ 18 ਜੁਲਾਈ ਨੂੰ ਲਗਾਈ ਗਈ ਸੀ ਅਤੇ ਮਈ ਮਹੀਨੇ ਤੋਂ ਡਿਊਟੀ 'ਤੇ ਨਹੀਂ ਸੀ।

ਉਸ ਸਮੇਂ ਦੇ ਇੰਚਾਰਜ ਕਲਰਕ ਦੇਵੀ ਦੇ ਇਨਕਾਰ ਕਰਨ 'ਤੇ ਈਓ ਅਸ਼ੋਕ ਕੁਮਾਰ ਨੇ ਉਸ ਤੋਂ ਦਸਤਖਤ ਕਰਵਾ ਲਏ। ਉਸ ਨੂੰ ਇਹ ਨਹੀਂ ਪਤਾ ਸੀ ਕਿ ਇਹ ਸਮਾਨ ਦੀ ਖਰੀਦ ਕੀਤੀ ਗਈ ਸੀ ਜਾਂ ਨਹੀਂ। ਉਧਰ ਇਸ ਮਾਮਲੇ ਵਿੱਚ ਕਲਰਕ ਵਰੁਣ ਕੁਮਾਰ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਜਦਕਿ ਆਊਟਸੋਰਸਿੰਗ 'ਤੇ ਕੰਮ ਕਰਦੇ ਕੰਪਿਊਟਰ ਆਪਰੇਟਰ ਮਦਨ ਲਾਲ ਨੂੰ ਨੌਕਰੀ ਤੋਂ ਕੱਢਣ ਦਾ ਫੈਸਲਾ ਲਿਆ ਗਿਆ ਹੈ।

# ਦੁਸਹਿਰੇ ਮੌਕੇ ਅਸ਼ੀਸ਼ ਅਵਸਥੀ ਵੱਲੋਂ ਲੁਧਿਆਣਾ ਵਿਸ਼ੇਸ਼ ਸਪਲੀਮੈਂਟ



ਜਸਵਿੰਦਰ ਕੌਰ ਸਰਪੰਚ ਪਿੰਡ ਗੰਦਾਪੁਰ | ਕਰਮਜੀਤ ਸਿੰਘ ਸਹਿਯੋਗੀ ਸਾਧੂ ਸਿੰਘ ਨਗਰ | ਹਰਪ੍ਰੀਤ ਸਿੰਘ ਪ੍ਰਧਾਨ ਯੂਥ ਕਾਂਗਰਸ, ਮਾਂਗਟ | ਜਗਦੇਵ ਸਿੰਘ ਸਰਪੰਚ ਪਿੰਡ ਬਾਜੜਾ | ਮਨਵੀਰ ਸਿੰਘ ਸੈਕਟਰੀ ਯੂਥ ਕਾਂਗਰਸ, ਕਾਸਾਬਾਦ | ਮਨਦੀਪ ਸਿੰਘ ਗਿੱਲ ਕੁਤਬੇਵਾਲ ਅਰਾਈਆਂ | ਕਿਰਨਦੀਪ ਕੌਰ ਜ਼ਿਲ੍ਹਾ ਪ੍ਰਧਾਨ ਇਸਤਰੀ ਵਿੰਗ, ਕਾਦੀਆਂ | ਇੰਦਰਮੋਹਨ ਕਾਦੀਆਂ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ | ਹਰਵਿੰਦਰ ਸਿੰਘ ਅਮਲਤਾਸ ਕਾਲੋਨੀ ਭਟਿਆਂ ਵੇਟ | ਸੁਖਮੀਤ ਸਿੰਘ ਮੈਂਬਰ ਐੱਸ ਜੀ ਪੀ ਸੀ, ਕਾਦੀਆਂ | ਭਜਨ ਸਿੰਘ ਸਰਪੰਚ ਵਾਗਲਾ | ਗੁਰਜੀਤ ਸਿੰਘ ਮੈਂਬਰ ਪੰਚਾਇਤ, ਮੋਹੀ | ਗੁਰਮਿੰਦਰ ਸਿੰਘ ਸਰਪੰਚ, ਮੋਹੀ | ਦਲਜੀਤ ਸਿੰਘ ਸਾਬਕਾ ਸਰਪੰਚ, ਪਿੰਡ ਰੁੜਕਾ | ਤਰਸੇਮ ਸਿੰਘ ਮੈਂਬਰ ਪੰਚਾਇਤ, ਪਿੰਡ ਰੁੜਕਾ | ਰਣਵੀਰ ਸਿੰਘ ਸਰਪੰਚ, ਪਿੰਡ ਰੁੜਕਾ | ਜਸਬੀਰ ਸਿੰਘ ਦਿਉਲ ਮੈਂਬਰ ਪੰਚਾਇਤ, ਖੜੂਰ | ਕਰਮਜੀਤ ਸਿੰਘ ਸਹਿਯੋਗੀ, ਖੜੂਰ | ਕੁਲਦੀਪ ਸਿੰਘ ਵਸੀਕਾ ਨਵੀਸ, ਖੜੂਰ



ਜਸਪ੍ਰੀਤ ਸਿੰਘ ਸਰਪੰਚ ਪਿੰਡ ਹਿੱਸੋਵਾਲ | ਅਮਰਜੀਤ ਕੌਰ ਸਰਪੰਚ ਪਿੰਡ ਘੁਮਾਣ | ਕੰਵਲਜੀਤ ਕੌਰ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਪਿੰਡ ਹਿੱਸੋਵਾਲ | ਸੁਖਜੀਤ ਸਿੰਘ ਨੰਬਰਦਾਰ ਪਿੰਡ ਬਦੋਲ | ਮਨਜੀਤ ਕੌਰ ਸਰਪੰਚ ਪਿੰਡ ਬਦੋਲ | ਸ. ਇੰਦਰਜੀਤ ਸਿੰਘ ਦਿਉਲ ਸਾਬਕਾ ਸਰਪੰਚ, ਬੋਪਾਰਾਏ ਕਲਾ | ਅਮਰਜੀਤ ਸਿੰਘ ਸਰਪੰਚ ਪਿੰਡ ਜਾਂਗਪੁਰ | ਭਗਵੰਤ ਸਿੰਘ ਸਾਬਕਾ ਸਰਪੰਚ ਪਿੰਡ ਰਕਬਾ | ਰਣਬੀਰ ਸਿੰਘ ਬਲਾਕ ਪ੍ਰਧਾਨ ਬੀ ਕੇ ਯੂ ਰਾਜੇਵਾਲ, ਬੋਪਾਰਾਏ ਕਲਾ | ਸੁਰਿੰਦਰ ਸਿੰਘ ਸਰਪੰਚ ਪਿੰਡ ਸੇਖੂਪੁਰਾ | ਰਜਿੰਦਰ ਸਿੰਘ ਸਾਬਕਾ ਸਰਪੰਚ, ਸੇਖੂਪੁਰਾ | ਨਛੱਤਰ ਸਿੰਘ ਸਾਬਕਾ ਸਰਪੰਚ ਪਿੰਡ ਸੇਖੂਪੁਰਾ | ਯਸ਼ਪਾਲ ਸਿੰਘ ਪ੍ਰਧਾਨ ਕੋਪ. ਸੁਸਾਇਟੀ, ਪਿੰਡ ਗੁੜੇ | ਦਲਜੀਤ ਸਿੰਘ ਸਹਿਯੋਗੀ ਪਿੰਡ ਗੁੜੇ | ਅਮਰਜੀਤ ਸਿੰਘ ਗਰੇਵਾਲ ਪਿੰਡ ਸ਼ੇਰਿਆਂ | ਸੁਖਦੇਵ ਸਿੰਘ ਸਾਬਕਾ ਸਰਪੰਚ ਪਿੰਡ ਸ਼ੇਰਿਆਂ | ਹਰਜੰਗ ਸਿੰਘ ਮੈਂਬਰ ਪੰਚਾਇਤ ਪਿੰਡ ਗਗੜਾ | ਬਲਜਿੰਦਰ ਸਿੰਘ ਸੋਢੀ ਕਾਂਗਰਸ ਆਗੂ, ਬੀੜ ਗਗੜਾ | ਮਨਜਿੰਦਰ ਸਿੰਘ ਆਪ ਆਗੂ ਪਿੰਡ ਬੀੜ ਗਗੜਾ



ਗੁਰਮੁਖ ਸਿੰਘ ਸਰਪੰਚ ਪਿੰਡ ਮੀਰਪੁਰ | ਲਛਮਣ ਸਿੰਘ ਸਰਪੰਚ ਤੇ ਬਲਾਕ ਸੰਮਤੀ, ਕੋਠੇ ਪੋਨਾ | ਗੁਰਤੇਜ ਸਿੰਘ ਮੈਂਬਰ ਪੰਚਾਇਤ ਪਿੰਡ ਕੋਠੇ ਪੋਨਾ | ਸੁਰਜੀਤ ਸਿੰਘ ਸਾਬਕਾ ਡੀ ਈ ਓ ਪਿੰਡ ਚਚਰਾੜੀ | ਹਰਵਿੰਦਰ ਸਿੰਘ ਮੈਂਬਰ ਪੰਚਾਇਤ ਪਿੰਡ ਚਚਰਾੜੀ | ਗੁਰਚਰਨ ਸਿੰਘ ਪ੍ਰਧਾਨ ਕੋਪ. ਸੁਸਾਇਟੀ, ਚਚਰਾੜੀ | ਦਲਜੀਤ ਸਿੰਘ ਸਰਪੰਚ ਪਿੰਡ ਚਚਰਾੜੀ | ਜਸਪਾਲ ਕੌਰ ਸਰਪੰਚ ਪਿੰਡ ਬਾਰਦੇਕੇ | ਰਵਿੰਦਰ ਸਿੰਘ ਸਰਪੰਚ ਪਿੰਡ ਢੋਲਣ | ਜਸਵੀਰ ਸਿੰਘ ਸਾਬਕਾ ਪੰਚ ਪਿੰਡ ਢੋਲਣ | ਮੱਘਰ ਸਿੰਘ ਪ੍ਰਧਾਨ ਕੋਪ. ਸੁਸਾਇਟੀ, ਪਿੰਡ ਢੋਲਣ | ਅਜੈਬ ਸਿੰਘ ਸਾਬਕਾ ਸਰਪੰਚ ਪਿੰਡ ਹਾਂਸ ਕਲਾ | ਹਰਪ੍ਰੀਤ ਸਿੰਘ ਪ੍ਰਧਾਨ ਕੋਪ. ਸੁਸਾਇਟੀ, ਪਿੰਡ ਬੜੈਚ | ਬਲਜਿੰਦਰ ਸਿੰਘ ਸਰਪੰਚ ਪਿੰਡ ਬੜੈਚ | ਮੇਜਰ ਸਿੰਘ ਸਾਬਕਾ ਮੈਂਬਰ ਪੰਚਾਇਤ, ਪਿੰਡ ਹਾਂਸ ਕਲਾ | ਬਹਾਦਰ ਸਿੰਘ ਸਾਬਕਾ ਸਰਪੰਚ ਪਿੰਡ ਬੜੈਚ | ਹਰਮਿੰਦਰ ਸਿੰਘ ਸਹਿਯੋਗੀ ਪਿੰਡ ਕੋਠੇ ਹਾਂਸ | ਸੁਰਜੀਤ ਸਿੰਘ ਪ੍ਰਧਾਨ ਸ਼੍ਰੋ. ਅ. ਦਲ, ਪਿੰਡ ਕੋਠੇ ਹਾਂਸ | ਹਰਦੀਪ ਸਿੰਘ ਹੈਪੀ ਪ੍ਰਧਾਨ ਕੋਪ. ਸੁਸਾਇਟੀ, ਹਾਂਸ ਕਲਾ



ਜਸਵੀਰ ਸਿੰਘ ਬਾਸੀ ਸਾਬਕਾ ਮੈਨੇਜਰ, ਕਮਾਲਪੁਰਾ | ਜੋਗਿੰਦਰ ਸਿੰਘ ਅਧਿਕਾਰਤ ਪੰਚ ਪਿੰਡ ਕਮਾਲਪੁਰਾ | ਦਰਸ਼ਨ ਸਿੰਘ ਸਹਿਯੋਗੀ ਆਪ ਪਾਰਟੀ, ਪਿੰਡ ਤੁਗਲ | ਮਨਜੀਤ ਸਿੰਘ ਸਰਪੰਚ ਪਿੰਡ ਤੁੱਗਲ | ਕਰਮਜੀਤ ਸਿੰਘ ਸਰਪੰਚ ਪਿੰਡ ਦੇਹੜਕਾ | ਜਗਰਾਜ ਸਿੰਘ ਸਰਪੰਚ ਪਿੰਡ ਬੱਸੂਵਾਲ | ਮਨਦੀਪ ਕੌਰ ਸਰਪੰਚ ਪਿੰਡ ਜੱਟਪੁਰਾ | ਦਵਿੰਦਰ ਸਿੰਘ ਪਿੰਨੂ ਸਾਬਕਾ ਡਾਇਰੈਕਟਰ ਮਾਰਕੀਟ ਕਮੇਟੀ, ਜੱਟਪੁਰਾ | ਚਰਨਜੀਤ ਸਿੰਘ ਨੱਤ, ਸਾਬਕਾ ਮੈਂਬਰ ਪੰਚਾਇਤ, ਦੇਹੜਕਾ | ਨਰੋਤਮ ਸਿੰਘ ਡਾਇਰੈਕਟਰ ਮਾਰਕੀਟ ਕਮੇਟੀ, ਦੇਹੜਕਾ | ਜਸਵੰਤ ਸਿੰਘ ਪ੍ਰਧਾਨ ਕੋਪ. ਸੁਸਾਇਟੀ, ਰਸੂਲਪੁਰ, (ਮੱਲਾ) | ਸੁਦਾਗਰ ਸਿੰਘ ਚਕਰ, ਜ਼ਿਲ੍ਹਾ ਮੀਤ ਪ੍ਰਧਾਨ ਲੱਖੋਵਾਲ ਯੂਨੀ. | ਸੁਖਵਿੰਦਰ ਸਿੰਘ ਸਹਿਯੋਗੀ ਮਾਣੂਕੇ | ਸੁਖਦੇਵ ਸਿੰਘ ਪ੍ਰਧਾਨ ਕੋਪ. ਸੁਸਾਇਟ, ਪਿੰਡ ਡਾਂਗੀਆਂ | ਦਰਸ਼ਨ ਸਿੰਘ ਸਰਪੰਚ ਪਿੰਡ ਡਾਂਗੀਆਂ | ਜਗਦੀਸ਼ਰ ਸਿੰਘ ਸਾਬਕਾ ਸਰਪੰਚ, ਪਿੰਡ ਡਾਂਗੀਆਂ | ਸਰਬਪ੍ਰੀਤ ਸਿੰਘ ਕਾਉਂਕੇ ਕਲਾਂ ਸਰਕਲ ਪ੍ਰਧਾਨ, ਅਕਾਲੀ ਦਲ | ਸੁਰਜੀਤ ਸਿੰਘ ਖੇਰਾ, ਸਾਬਕਾ ਸਰਪੰਚ, ਸ਼ੇਰਪੁਰ ਕਲਾਂ | ਮਾਸਟਰ ਪਰਮਿੰਦਰ ਸਿੰਘ ਸ਼ੇਰਪੁਰ ਕਲਾਂ



ਨੰਬਰਦਾਰ ਹਰਦੇਵ ਸਿੰਘ ਫਤੇਹਗੜ੍ਹ ਸੀਵਿਆਂ | ਸੁਖਦੇਵ ਸਿੰਘ ਮੈਂਬਰ ਪੰਚਾਇਤ ਫਤੇਹਗੜ੍ਹ ਸੀਵਿਆਂ | ਗੁਰਦੀਪ ਸਿੰਘ ਆਗੂ ਅਕਾਲੀ ਦਲ ਪਿੰਡ ਸ਼ੇਰਪੁਰ ਖੁਰਦ | ਬੇਅੰਤ ਸਿੰਘ ਸਹਿਯੋਗੀ ਪਿੰਡ ਸ਼ੇਰਪੁਰ ਖੁਰਦ | ਪਰਮਜੀਤ ਸਿੰਘ ਸਰਪੰਚ ਪਿੰਡ ਸ਼ੇਰਪੁਰ ਖੁਰਦ | ਜਸਪਾਲ ਸਿੰਘ ਸਾਬਕਾ ਪੰਚ ਪਿੰਡ ਫਤੇਹਗੜ੍ਹ ਸੀਵਿਆਂ | ਸੁਰਿੰਦਰ ਕੌਰ ਸਰਪੰਚ ਪਿੰਡ ਰਾਮਗੜ੍ਹ ਭੁੱਲਰ | ਮੇਜਰ ਦਿਆਲ ਸਿੰਘ ਸਾਬਕਾ ਸਰਪੰਚ ਪਿੰਡ ਰਾਮਗੜ੍ਹ ਭੁੱਲਰ | ਨਛੱਤਰ ਸਿੰਘ ਸਰਪੰਚ ਪਿੰਡ ਮਨਸੀਹਾਂ ਭਾਈਕੇ | ਜਸਪ੍ਰੀਤ ਸਿੰਘ ਸਹਿਯੋਗੀ ਪਿੰਡ ਬੁਜਗਰ | ਪਰਮਿੰਦਰ ਸਿੰਘ ਸਿੱਧੂ ਸਾਬਕਾ ਸਰਪੰਚ, ਮਨਸੀਹਾਂ ਭਾਈਕੇ | ਗੁਰਪ੍ਰੀਤ ਸਿੰਘ ਸਹਿਯੋਗੀ ਪਿੰਡ ਥੋਥੜ | ਕੁਲਵੰਤ ਸਿੰਘ ਪ੍ਰਧਾਨ ਕੋਪ. ਸੁਸਾਇਟੀ, ਪਿੰਡ ਬਿਰਕ | ਜਗਦੀਪ ਸਿੰਘ ਤੂਰ ਪ੍ਰਧਾਨ ਵੇਰਕਾ ਦੁੱਧ ਸੁਸਾਇਟੀ. ਸਵੱਦੀ ਕਲਾ | ਸੁਰਜੀਤ ਸਿੰਘ ਪ੍ਰਧਾਨ ਕੋਪ. ਸੁਸਾਇਟੀ, ਪਿੰਡ ਮੋਰਕਰੀਮਾ | ਕੁਲਵੀਰ ਸਿੰਘ ਸਹਿਯੋਗੀ ਪਿੰਡ ਹੇਰਾ | ਗੁਰਮੀਤ ਸਿੰਘ ਸਾਬਕਾ ਸਰਪੰਚ ਪਿੰਡ ਐਤਿਆਣਾ | ਲਖਵੀਰ ਸਿੰਘ ਸਰਪੰਚ ਪਿੰਡ ਐਤਿਆਣਾ | ਮਾਸਟਰ ਦਰਸ਼ਨ ਸਿੰਘ ਪਿੰਡ ਹੇਰਾਂ



ਜਸਪ੍ਰੀਤ ਸਿੰਘ ਸਰਪੰਚ ਪਿੰਡ ਤਲਵੰਡੀ ਰਾਏ | ਤਜਿੰਦਰ ਸਿੰਘ ਸਹਿਯੋਗੀ ਪਿੰਡ ਤਲਵੰਡੀ ਰਾਏ | ਹਰਿੰਦਰ ਸਿੰਘ ਨੰਬਰਦਾਰ ਪਿੰਡ ਰਾਮਗੜ੍ਹ ਸੀਵਿਆਂ | ਮਨਸਾ ਖਾਨ ਬਲਾਕ ਇੰਚਾਰਜ ਆਪ ਪਾਰਟੀ, ਨੱਥੋਵਾਲ | ਜਸਵੀਰ ਕੌਰ ਸਰਪੰਚ ਪਿੰਡ ਨੱਥੋਵਾਲ | ਸੁਖਦੇਵ ਸਿੰਘ ਸਹਿਯੋਗੀ ਪਿੰਡ ਰਾਮਗੜ੍ਹ ਸੀਵਿਆਂ | ਜਗਦੇਵ ਸਿੰਘ ਸਰਪੰਚ ਪਿੰਡ ਬੱਸੀਆਂ | ਜਗਜੀਤ ਸਿੰਘ ਸਰਪੰਚ ਪਿੰਡ ਜਲਾਲਦੀਵਾਲ | ਅਮਰਜੀਤ ਸਿੰਘ ਪੰਚ ਪਿੰਡ ਚੱਕ ਭਾਈਕਾ | ਬਲਕਾਰ ਸਿੰਘ ਪ੍ਰਧਾਨ ਕੋਪ. ਸੁਸਾਇਟੀ, ਪਿੰਡ ਬੁਰਜ ਹਰੀ ਸਿੰਘ | ਦਰਸ਼ਨ ਸਿੰਘ ਮਾਨ ਸਰਪੰਚ ਪਿੰਡ ਸਹਿਬਾਜਪੁਰ | ਜਰਨੈਲ ਸਿੰਘ ਪ੍ਰਧਾਨ ਕੋਪ. ਸੁਸਾਇਟੀ ਪਿੰਡ ਸਹਿਬਾਜਪੁਰ | ਕੇਵਲ ਸਿੰਘ ਸਹਿਯੋਗੀ, ਕਾਂਗਰਸ ਪਾਰਟੀ, ਪਿੰਡ ਜੇਹਲਾਂ | ਉਜਾਗਰ ਸਿੰਘ ਸਾਬਕਾ ਸਰਪੰਚ ਪਿੰਡ ਸੁਖਾਣਾ | ਪਰਸਾ ਸਿੰਘ ਸਾਬਕਾ ਪੰਚ ਪਿੰਡ ਬ੍ਰਹਮਪੁਰ | ਸੁਖਵਿੰਦਰ ਸਿੰਘ ਸਰਪੰਚ ਪਿੰਡ ਲਤਾਲਾ



ਮਨਜੀਤ ਸਿੰਘ ਸਾਬਕਾ ਮੈਂਬਰ ਪੰਚਾਇਤ, ਪਿੰਡ ਚੌਂਕੀਮਾਨ


Jagpal Singh Mann
mannjagpal@gmail.com
7087401000



MANN HIGHWAY SERVICES
Authorised Dealer of Hindustan Petroleum Corporation Ltd.
Village Mann, Tehsil Jagraon
Ludhiana 142023



Mob : 98145-71460, 88723-00023
E-mail: matwal.singh@yahoo.com

M.S. Interlocking Tiles

ਇੱਥੇ ਸੀਮੈਂਟ ਦੀਆਂ ਇੰਟਰਲੌਕ ਟਾਇਲਾਂ, ਸੀਮੈਂਟ ਦੀਆਂ ਚੁਗਾਠਾਂ, ਛੱਤ ਵਾਲੀਆਂ ਟਾਇਲਾਂ, ਪੁਲੀ ਵਾਲੀਆਂ ਸਲੈਬਾਂ, ਛੱਤ ਵਾਲੇ ਵਾਲੇ ਬਾਲੇ, ਖੇਤ ਜਾਂ ਪਲਾਟ ਦੀ ਵਾੜ ਲਈ ਬਾਲੇ ਮਿਲਦੇ ਹਨ।

ਨੋਟ : ਇੱਥੇ ਸੀਮੈਂਟ, ਬਜਰੀ ਅਤੇ ਰੇਤਾ ਮਿਲਦਾ ਹੈ

V.P.O. Sheikhupura, Teh. Jagraon, Ludhiana

ਸਹਿਯੋਗੀ ਸੱਜਣਾਂ ਵੱਲੋਂ ਦੁਸਹਿਰੇ ਅਤੇ ਦੀਵਾਲੀ ਦੇ ਪਵਿੱਤਰ ਦਿਹਾੜੇ 'ਤੇ ਲੁਧਿਆਣਾ ਤੋਂ ਪੱਤਰਕਾਰ ਅਸ਼ੀਸ਼ ਅਵਸਥੀ ਨੂੰ ਸਪਲੀਮੈਂਟ ਕੱਢਣ 'ਤੇ ਲੱਖ-ਲੱਖ ਵਧਾਈਆਂ



ਵਿਧਾਇਕ ਜਗਤਾਰ ਸਿੰਘ (ਜੱਗਾ ਐੱਮ ਐੱਲ ਏ) ਵਿਧਾਨ ਸਭਾ ਹਲਕਾ, ਜਗਰਾਉਂ

ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ

ਰਿਹਾਇਸ਼ ਤੇ ਦਫਤਰ : ਰੌਇਲ ਕਾਲੋਨੀ ਮਕਾਨ ਨੰਬਰ 61, ਗਲੀ ਨੰਬਰ 6, ਨੇੜੇ ਰਿਵਰ ਹੋਟਲ ਜਗਰਾਉਂ, ਮੋਬਾਇਲ : 94630-08640, 98767-34512


**ਧੰਨਵਾਦ**



ਉਨ੍ਹਾਂ ਸੱਜਣਾਂ-ਮਿੱਤਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਇਹ ਸਪਲੀਮੈਂਟ ਕੱਢਣ ਵਿੱਚ ਭਰਪੂਰ ਸਹਿਯੋਗ ਦਿੱਤਾ ਤੇ ਆਸ ਕਰਦਾ ਹਾਂ ਕਿ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹਿਣਗੇ।

ਅਸ਼ੀਸ਼ ਅਵਸਥੀ ਪੱਤਰਕਾਰ
'ਨਵਾਂ ਜ਼ਮਾਨਾ'
ਮੋਬਾ. 99880-06275

## ਪ ਸ ਸ ਫ ਦੇ 11ਵੇਂ ਸੂਬਾਈ ਡੈਲੀਗੇਟ ਅਜਲਾਸ 'ਚ ਰਾਣਾ ਚੌਥੀ ਵਾਰ ਸੂਬਾ ਪ੍ਰਧਾਨ ਤੇ ਬਾਸੀ ਦੂਸਰੀ ਵਾਰ ਸੂਬਾ ਜਨਰਲ ਸਕੱਤਰ ਚੁਣੇ

**ਜਲੰਧਰ (ਕੇਸਰ)**

ਪੰਜਾਬ ਦੇ ਸਰਕਾਰੀ, ਅਰਧ ਸਰਕਾਰੀ ਅਤੇ ਜਨਤਕ ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਮੁਲਾਜ਼ਮਾਂ ਦੀ ਸਿਰਮੌਰ ਅਤੇ ਸੰਘਰਸ਼ਸ਼ੀਲ ਜਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦਾ ਗਿਆਰਾਵਾਂ ਸੂਬਾਈ ਡੈਲੀਗੇਟ ਅਜਲਾਸ ਜਲੰਧਰ ਵਿਖੇ ਉਸਾਰੇ ਸਵਰਗੀ ਸਾਥੀ ਰਮੇਸ਼ ਚੰਦਰ ਸ਼ਰਮਾ ਨਗਰ, ਸਵਰਗੀ ਸਾਥੀ ਸੁਖਦੇਵ ਸਿੰਘ ਬੜੀ ਕੰਪਲੈਕਸ, ਸਵਰਗੀ ਸਾਥੀ ਸੁਲਿੰਦਰ ਸਿੰਘ ਜੌਹਲ ਹਾਲ ਵਿੱਚ ਸਵਰਗੀ ਸਾਥੀ ਜਸਵੀਰ ਸਿੰਘ ਨਗਰ ਦੇ ਨਾਂਅ 'ਤੇ ਬਣਾਏ ਮੰਚ ਵਿਖੇ ਇਨਕਲਾਬੀ ਜੋਸ਼ੋ ਖਰੋਸ਼ ਨਾਲ ਨਾਅਰਿਆਂ ਦੀ ਗੂੰਜ ਨਾਲ ਸੰਪੰਨ ਹੋਇਆ। ਇਸ ਅਜਲਾਸ ਦਾ ਉਦਘਾਟਨ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਸਾਥੀ ਸੁਭਾਸ਼ ਲਾਂਬਾ ਨੇ ਕੀਤਾ। ਅਜਲਾਸ ਦੀ ਸ਼ੁਰੂਆਤ ਵਿੱਚ ਜਥੇਬੰਦੀ ਦਾ ਝੰਡਾ ਲਹਿਰਾਉਣ ਦੀ ਰਸਮ ਪ.ਸ.ਸ.ਫ. ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਨੇ ਕੀਤੀ। ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ 260 ਦੇ ਲੱਗਭੱਗ ਡੈਲੀਗੇਟਾਂ ਨੇ ਵੱਖ ਵੱਖ ਵਿਭਾਗਾਂ ਦੀ ਨੁਮਾਇੰਦਗੀ ਕਰਦਿਆਂ ਹੋਇਆ ਇਸ ਗਿਆਰ੍ਹਵੀਂ ਸੂਬਾਈ ਜਥੇਬੰਦਕ ਕਾਨਫਰੰਸ ਵਿੱਚ ਭਾਗ ਲਿਆ। ਅਜਲਾਸ ਨੂੰ ਸਫਲਤਾ ਪੂਰਬਕ ਨੇਪਰੇ ਚੜ੍ਹਾਉਣ ਲਈ ਵੱਖ ਵੱਖ ਕਮੇਟੀਆਂ ਦੇ ਗਠਨ ਤੋਂ ਬਾਅਦ ਪ.ਸ.ਸ.ਫ. ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਪਿਛਲੀ ਟਰਮ ਦੌਰਾਨ ਕੀਤੇ ਗਏ ਕੰਮਾਂ ਅਤੇ ਸੰਘਰਸ਼ਾਂ ਤੇ ਆਧਾਰਤ ਕਾਰਵਾਈ ਰਿਪੋਰਟ ਹਾਊਸ ਵਿੱਚ ਪੇਸ਼ ਕੀਤੀ। ਪੇਸ਼ ਕੀਤੀ ਰਿਪੋਰਟ 'ਤੇ ਹੋਈ ਬਹਿਸ ਵਿੱਚ ਵੱਖ-ਵੱਖ ਜ਼ਿਲ੍ਹਿਆਂ ਦੇ 42 ਡੈਲੀਗੇਟਾਂ ਨੇ ਭਾਗ ਲਿਆ। ਕੁੱਝ ਸੋਧਾਂ ਸਮੇਤ ਰਿਪੋਰਟ ਨੂੰ ਪ੍ਰਵਾਨ ਕੀਤਾ ਗਿਆ। ਇਸ ਸਮੇਂ ਵਿਸ਼ੇਸ਼ ਤੌਰ 'ਤੇ ਇਸ ਸੂਬਾਈ ਜਥੇਬੰਦਕ ਕਾਨਫਰੰਸ ਵਿੱਚ ਸ਼ਾਮਲ ਹੋਏ ਕੌਮੀ ਵਿੱਤ ਸਕੱਤਰ ਸ਼ਸ਼ੀ ਕਾਂਤ ਰਾਏ (ਬਿਹਾਰ) ਨੇ ਜਿੱਥੇ ਕਾਨਫਰੰਸ ਦੀਆਂ ਮੁਬਾਰਕਾਂ ਦਿੱਤੀਆਂ, ਉੱਥੇ ਬਿਹਾਰ ਅਤੇ ਪੰਜਾਬ ਦੀਆਂ ਸਾਂਝਾਂ ਦਾ ਭਰਪੂਰ ਜ਼ਿਕਰ ਕੀਤਾ। ਭਰਾਤਰੀ ਤੌਰ 'ਤੇ ਜਮਹੂਰੀ ਲਹਿਰ ਦੇ ਆਗੂ ਸਾਥੀ ਮੰਗਤ ਰਾਮ ਪਾਸਲਾ,ਸਾਬਕਾ ਮੁਲਾਜਮ ਆਗੂ ਹਰਕੰਵਲ ਸਿੰਘ, ਜਮਹੂਰੀ ਕਿਸਾਨ ਸਭਾ ਦੇ ਸੂਬਾ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ,ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ ਅਤੇ ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਜਨਰਲ ਸਕੱਤਰ ਧਰਮਿੰਦਰ ਸਿੰਘ ਮੁਕੇਰੀਆਂ, ਪੰਜਾਬ ਸਟੂਡੈਂਟ ਫੈਡਰੇਸ਼ਨ ਦੇ ਸੂਬਾ ਕਨਵੀਨਰ ਗਗਨਦੀਪ ਸਰਦੂਲਗੜ੍ਹ, ਡੀ.ਐਮ.ਐਫ. ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਸਮੇਂ ਸੰਘਰਸ਼ ਸ਼ੀਲ ਜਥੇਬੰਦੀਆਂ ਦੇ ਆਗੂਆਂ ਵਲੋਂ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਆਮ ਲੋਕਾਂ ਅਤੇ ਮੁਲਾਜਮਾਂ ਵਿਰੋਧੀ ਨੀਤੀਆਂ ਸੰਬੰਧੀ ਕੁੱਝ ਮਤੇ ਵੀ ਪਾਸ ਕੀਤੇ ਗਏ। ਅਜਲਾਸ ਦੇ ਅੰਤ ਤੇ ਡੈਲੀਗੇਟਾਂ ਵੱਲੋਂ ਆਏ ਸੁਝਾਵਾਂ ਅਤੇ ਉਠਾਏ ਗਏ ਨੁਕਤਿਆਂ ਦੇ ਜਵਾਬ ਪ.ਸ.ਸ.ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਦਿੱਤੇ। ਸੂਬਾ ਜਥੇਬੰਦਕ ਕਾਨਫਰੰਸ ਦੇ ਅਖੀਰ ਵਿੱਚ ਨਵੀਂ ਸੂਬਾ ਕਮੇਟੀ ਦਾ ਪੈਨਲ ਪ.ਸ.ਸ.ਫ. ਦੇ ਮੁੱਖ ਸਲਾਹਕਾਰ ਸਾਥੀ ਵੇਦ ਪ੍ਰਕਾਸ਼ ਸ਼ਰਮਾ ਨੇ ਪੇਸ਼ ਕੀਤਾ। ਜਿਸ ਅਨੁਸਾਰ ਸਤੀਸ਼ ਰਾਣਾ ਨੂੰ ਮੁੜ ਚੌਥੀ ਵਾਰ ਪ੍ਰਧਾਨ ਅਤੇ ਤੀਰਥ ਸਿੰਘ ਬਾਸੀ ਨੂੰ ਮੁੜ ਦੂਸਰੀ ਵਾਰ ਜਨਰਲ ਸਕੱਤਰ ਚੁਣਿਆ ਗਿਆ। ਇਨ੍ਹਾਂ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਕਰਮਜੀਤ ਸਿੰਘ ਬੀਹਲਾ, ਸੁਖਵਿੰਦਰ ਸਿੰਘ ਚਾਹਲ, ਮੱਖਣ ਸਿੰਘ ਵਾਹਿਦਪੁਰੀ, ਹਰਮਨਪ੍ਰੀਤ ਕੌਰ ਗਿੱਲ, ਮੀਤ ਪ੍ਰਧਾਨ ਗੁਰਬਿੰਦਰ ਸਿੰਘ ਸਸਕੌਰ, ਅਨਿਲ ਕੁਮਾਰ ਬਰਨਾਲਾ, ਕੁਲਦੀਪ ਪੂਰੋਵਾਲ,ਕਿਸ਼ੋਰ ਚੰਦ ਗਾਜ ਬਠਿੰਡਾ,ਬਿਮਲਾ ਦੇਵੀ ਫਾਜ਼ਿਲਕਾ, ਬੁਬਿਦਰ ਸਿੰਘ , ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਜੁਆਇੰਟ ਸਕੱਤਰ ਜਤਿੰਦਰ ਕੁਮਾਰ ਫਰੀਦਕੋਟ, ਪੁਸ਼ਪਿੰਦਰ ਸਿੰਘ ਹਰਪਾਲਪੁਰ, ਰਾਜੇਸ਼ ਕੁਮਾਰ ਅਮਲੋਹ, ਨਿਰਮੋਲਕ ਸਿੰਘ ਹੀਰਾ ਜਲੰਧਰ, ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ, ਸਹਾਇਕ ਵਿੱਤ ਸਕੱਤਰ ਪ੍ਰਿੰਸੀਪਲ ਅਮਨਦੀਪ ਸ਼ਰਮਾ,ਪ੍ਰੈੱਸ ਸਕੱਤਰ ਇੰਦਰਜੀਤ ਸਿੰਘ ਵਿਰਦੀ, ਸਹਾਇਕ ਪ੍ਰੈੱਸ ਸਕੱਤਰ ਗੁਰਦੇਵ ਸਿੰਘ ਫਿਰੋਜ਼ਪੁਰ, ਗੁਰਪ੍ਰੀਤ ਸਿੰਘ ਰੰਗੀਲਪੁਰ, ਬਲਵਿੰਦਰ ਸਿੰਘ ਭੁੱਟੋ, ਕਰਮ ਸਿੰਘ ਰੋਪੜ, ਸਹਾਇਕ ਸਕੱਤਰ ਮਨੋਹਰ ਲਾਲ ਸ਼ਰਮਾ, ਜੱਗਾ ਸਿੰਘ ਅਲੀਸ਼ੇਰ, ਸਿਮਰਜੀਤ ਸਿੰਘ ਬਰਾੜ, ਰਜਿੰਦਰ ਸਿੰਘ ਰਿਆੜ, ਤੇਜਿੰਦਰ ਸਿੰਘ ਚੰਡੀਗੜ੍ਹ,ਮਾਲਵਿੰਦਰ ਸਿੰਘ ਸੰਗਰੂਰ, ਸਹਾਇਕ ਜਥੇਬੰਦਕ ਸਕੱਤਰ ਸੁਭਾਸ਼ ਚੰਦਰ ਪਠਾਨਕੋਟ, ਚਮਕੌਰ ਸਿੰਘ ਧਾਰੋਕੀ, ਸਤਨਾਮ ਸਿੰਘ ਸੰਗਰੂਰ,ਪ੍ਰਚਾਰ ਸਕੱਤਰ ਪ੍ਰੇਮ ਚੰਦ ਅੰਮ੍ਰਿਤਸਰ, ਸਹਾਇਕ ਪ੍ਰੈੱਸ ਪ੍ਰਚਾਰ ਸਕੱਤਰ ਅਮਰੀਕ ਸਿੰਘ ਕਪੂਰਥਲਾ, ਜਤਿੰਦਰ ਸਿੰਘ ਅੰਮ੍ਰਿਤਸਰ, ਪੂਰਨ ਸਿੰਘ ਫਾਜ਼ਿਲਕਾ, ਸਰਬਜੀਤ ਸਿੰਘ, ਗੁਰਵਿੰਦਰ ਸਿੰਘ ਬਿੱਟੂ,ਤਰਸੇਮ ਮਾਧੋਪੁਰੀ, ਨਿਰਭੈ ਸਿੰਘ ਲੁਧਿਆਣਾ ਚੁਣੇ ਗਏ।



## ਵੁਡਬਰੀ ਸਕੂਲ ਵਿਖੇ ਕਰਵਾਈ ਯੋਗ ਐਕਟੀਵਿਟੀ



ਭੋਗਪੁਰ (ਕੁਲਵੀਰ ਸਿੰਘ ਕਾਹਲੋਂ)-ਵੁਡਬਰੀ ਸਕੂਲ ਵਿਖੇ ਚੇਅਰਪਰਸਨ ਮਿਸਜ ਪਰਮਜੀਤ ਕੌਰ ਦੀ ਅਗਵਾਈ ਹੇਠ ਯੋਗਾ ਐਕਟੀਵਿਟੀ ਕਰਵਾਈ ਗਈ। ਜਿਸ ਵਿਚ ਅਧਿਆਪਕ ਬਲਜੀਤ ਕੌਰ, ਜਸਪ੍ਰੀਤ ਕੌਰ ਨੇ ਬੱਚਿਆਂ ਨੂੰ ਯੋਗ ਦੇ ਵੱਖ ਵੱਖ ਆਸਣ ਕਰਵਾਏ ਅਤੇ ਯੋਗ ਦੀ ਸਾਡੇ ਜੀਵਨ ਵਿੱਚ ਮਹੱਤਤਾ ਬਾਰੇ ਦੱਸਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਯੋਗ ਸਾਡੇ ਜੀਵਨ ਦਾ ਅਧਾਰ ਹੈ ਜੋ ਕਿ ਮਾਨਸਿਕ ਅਤੇ ਸਰੀਰਕ ਤੌਰ 'ਤੇ ਸਾਡੇ ਸਰੀਰ ਲਈ ਬਹੁਤ ਜਰੂਰੀ ਹੈ। ਇਸ ਦੌਰਾਨ ਮਿਸਿਜ ਪਰਮਜੀਤ ਕੌਰ ਨੇ ਬੱਚਿਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਕਰਵਾਉਣ ਨਾਲ ਬੱਚੇ ਪੜ੍ਹਾਈ ਦੇ ਨਾਲ ਨਾਲ ਸਰੀਰਿਕ ਪੱਖੋਂ ਵੀ ਤੰਦਰੁਸਤ ਰਹਿੰਦੇ ਹਨ ਅਤੇ ਇਸ ਦੇ ਨਾਲ ਹੀ ਬੱਚਿਆਂ ਨੂੰ ਹਰ ਰੋਜ ਯੋਗ ਆਸਣ ਅਤੇ ਕਸਰਤ ਕਰਨ ਲਈ ਉਤਸ਼ਾਹਿਤ ਕੀਤਾ।

## ਐਨ ਸੀ ਸੀ ਦੇ ਕੈਡਿਟ ਨੇ ਜਿੱਤਿਆ ਗੋਲਡ ਮੈਡਲ



ਜਲੰਧਰ (ਸ਼ੈਲੀ ਐਲਬਰਟ)-ਲਵਲੀ ਪ੍ਰੋਫੈਸਨਲ ਯੂਨੀਵਰਸਿਟੀ (ਐਲਪੀਯੂ) ਦੇ ਐਨਸੀਸੀ ਕੈਡਿਟਾਂ ਵਿੱਚੋਂ ਇੱਕ, ਅੰਡਰ ਅਫਸਰ (ਯੂਓ) ਰੋਸ਼ਨ ਕੁਮਾਰ ਮਹਤੋ ਨੇ ਸਭ ਤੋਂ ਮੁਸ਼ਕਲ ਸਮਝੇ ਜਾਂਦੇ ਆਲ ਇੰਡੀਆ ਥਲ ਸੈਨਿਕ ਕੈਂਪ (ਏਆਈਟੀਐਸਸੀ) -2022 ਵਿੱਚ ਗੋਲਡ ਮੈਡਲ ਜਿੱਤ ਕੇ ਐਲਪੀਯੂ ਦਾ ਨਾਂਅ ਰੌਸ਼ਨ ਕੀਤਾ ਹੈ। ਡਾਇਰੈਕਟੋਰੇਟ ਜਨਰਲ ਐਨ ਸੀ ਸੀ ਕੈਂਪ ਦਿੱਲੀ ਛਾਉਣੀ ਵਿਖੇ ਇਹ 12 ਰੋਜ਼ਾ ਕੈਂਪ ਲਗਾਇਆ ਗਿਆ ਸੀ। ਰੋਸ਼ਨ ਨੇ ਸ਼ੂਟਿੰਗ (ਐਪਲੀਕੇਸਨ) ਮੁਕਾਬਲੇ ਵਿੱਚ ਇਹ ਗੋਲਡ ਮੈਡਲ ਜਿੱਤਿਆ। ਉਸ ਦੇ ਨਾਲ, ਇੱਕ ਹੋਰ ਕੈਡੇਟ ਅਨੁਰਾਗ ਕਪਾਡੀਆ ਨੇ ਵੀ ਵਿਲੱਖਣ ਤੌਰ 'ਤੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ ਅਤੇ ਚੰਡੀਗੜ੍ਹ ਡਾਇਰੈਕਟੋਰੇਟ ਦੇ ਫਲੈਗ-ਏਰੀਆ ਬ੍ਰੀਫਿੰਗ ਵਿੱਚ ਹਿੱਸਾ ਲਿਆ। ਐਲਪੀਯੂ ਦੀ ਪ੍ਰੋ ਚਾਂਸਲਰ ਸ੍ਰੀਮਤੀ ਰਸਮੀ ਮਿੱਤਲ ਨੇ ਇਨ੍ਹਾਂ ਹੁਸ਼ਿਆਰ ਵਿਦਿਆਰਥੀਆਂ ਨੂੰ ਰਾਸ਼ਟਰੀ ਸਨਮਾਨ ਪ੍ਰਾਪਤ ਕਰਨ 'ਤੇ ਵਧਾਈ ਦਿੱਤੀ।

## ਭਾਮ 'ਚ ਵਿਸ਼ਾਲ ਮੈਗਾ ਅੱਖਾਂ ਤੇ ਮੈਡੀਕਲ ਚੈੱਕਅੱਪ ਕੈਂਪ 9 ਨੂੰ



**ਮਾਹਿਲਪੁਰ-(ਸਫਰੀ)** ਬਲਾਕ ਮਾਹਿਲਪੁਰ ਦੇ ਪਿੰਡ ਭਾਮ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਮਰਪਿਤ ਵਿਸ਼ਵ ਦੁਆਬਾ ਰਾਜਪੂਤ ਸਭਾ ਰਜਿ : ਪੰਜਾਬ ਵਲੋਂ ਲਾਇਨਜ ਆਈ ਹਸਪਤਾਲ ਚੈਰੀਟੇਬਲ ਪਿੰਡ ਭਾਮ 'ਚ ਵਿਸ਼ਾਲ ਮੈਗਾ ਅੱਖਾਂ ਤੇ ਮੈਡੀਕਲ ਚੈੱਕਅਪ ਕੈਂਪ 9 ਅਕਤੂਬਰ ਨੂੰ ਸਵੇਰੇ 9 ਵਜੇ ਤੋਂ 1 ਵਜੇ ਤੱਕ ਗੁਰਦੁਆਰਾ ਸਿੰਘ ਸਭਾ ਭਾਮ ਵਿਖੇ ਲਗਾਇਆ ਜਾ ਰਿਹਾ ਹੈ। ਜਿਸ ਵਿਚ ਅੱਖਾਂ ਦੇ ਰੋਗਾਂ ਦੇ ਮਾਹਰ ਡਾਕਟਰ ਸਤਿੰਦਰ ਸਿੰਘ, ਹੱਡੀਆਂ ਤੇ ਦਰਦਾਂ ਦੇ ਮਾਹਰ ਡਾਕਟਰ ਹਰਪ੍ਰੀਤ ਸਿੰਘ,ਐਮ ਡੀ ਮੈਡੀਸਿਨ ਡਾਕਟਰ ਪ੍ਰੀਤੀ,ਕੰਨ ਨੱਕ ਗਲੇ ਦੇ ਰੋਗਾਂ ਦੇ ਮਾਹਰ ਡਾਕਟਰ ਸੁਖਵਿੰਦਰ ਚੈੱਕਅਪ ਕਰਨਗੇ ਅਤੇ ਮੁਫਤ ਦੁਆਈਆਂ ਤੇ ਲੋੜਵੰਦ ਮਰੀਜਾਂ ਦੇ ਅੱਖਾਂ ਦੇ ਮੁਫਤ ਅਪ੍ਰੇਸ਼ਨ ਲਾਇਨਜ ਆਈ ਹਸਪਤਾਲ ਆਦਮਪੁਰ ਵਿਖੇ ਕੀਤੇ ਜਾਣਗੇ। ਇਹ ਜਾਣਕਾਰੀ ਰਾਜਪੂਤ ਸਭਾ ਦੇ ਪ੍ਰਧਾਨ ਜਸਪਾਲ ਸਿੰਘ ਅਤੇ ਸਭਾ ਦੇ ਸਰਪ੍ਰਸਤ ਫਤਿਹ ਸਿੰਘ ਨੇ ਸਾਂਝੇ ਤੌਰ 'ਤੇ ਦਿੱਤੀ। ਇਸ ਮੌਕੇ ਉਨ੍ਹਾਂ ਨਾਲ ਉਂਕਾਰ ਸਿੰਘ, ਮਨੋਹਰ ਸਿੰਘ ਬੌਬੀ, ਸੁਖਵਿੰਦਰ ਸਿੰਘ ਨਿੱਕਾ, ਰਵਿੰਦਰ ਸਿੰਘ ਪਰਮਾਰ, ਹਰਵਿੰਦਰ ਸਿੰਘ ਰਾਣਾ, ਸਤਵੀਰ ਸਿੰਘ ਪਰਮਾਰ, ਅਵਤਾਰ ਸਿੰਘ ਡਾਡੀਆ, ਬਲਵਿੰਦਰ ਸਿੰਘ ਭਾਮ, ਜਰਨੈਲ ਸਿੰਘ ਖਾਲਸਾ, ਹਰਜੀਤ ਸਿੰਘ ਖਡਿਆਲ, ਬਲਵੀਰ ਸਿੰਘ ਫਗਲਾਣਾ, ਈਸਰ ਸਿੰਘ, ਗੁਰਦਿਆਲ ਸਿੰਘ, ਸੁਖਜੀਤ ਸਿੰਘ ਪਰਮਾਰ, ਗੁਰਦੀਪ ਸਿੰਘ ਪਰਮਾਰ, ਜਸਵੀਰ ਸਿੰਘ ਭੱਟੀ ਆਦਿ ਨਾਲ ਹਾਜਰ ਸਨ।

## ਐੱਮ ਐੱਲ ਡੀ ਦਇਆਨੰਦ ਪਬਲਿਕ ਸਕੂਲ 'ਚ ਗਾਂਧੀ ਜਯੰਤੀ ਮਨਾਈ

**ਜਲੰਧਰ (ਨ ਜ਼ ਸ)**

ਬੱਚਿਆਂ ਦੇ ਚਹੁੰਮੁਖੀ ਵਿਕਾਸ ਦੇ ਆਲੰਬਰਦਾਰ ਐੱਮ. ਐੱਲ. ਡੀ. ਦਇਆਨੰਦ ਪਬਲਿਕ ਸਕੂਲ 'ਚ ਰਾਸ਼ਟਰਪਿਤਾ ਮਹਾਤਮਾ ਗਾਂਧੀ ਦਾ ਜਨਮ ਦਿਹਾੜਾ ਮਨਾਇਆ। ਇਸ ਮੌਕੇ ਸਕੂਲ ਦੀ ਡਾਇਰੈਕਟਰ ਪੀ. ਕੇ. ਮਹਿੰਦਰੂ ਨੇ ਬੱਚਿਆਂ ਨੂੰ ਮਹਾਤਮਾ ਗਾਂਧੀ ਦੇ ਜੀਵਨ ਫਲਸਫੇ ਬਾਰੇ ਚਾਨਣਾ ਪਾਇਆ ਕਿ ਕਿਵੇਂ ਸੱਚ ਤੇ ਅਹਿੰਸਾ ਦੇ ਰਸਤੇ 'ਤੇ ਚਲ ਕੇ ਕਿਸੇ ਵੀ ਔਕੜ 'ਤੇ ਫਤਿਹ ਪਾਈ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਗਾਂਧੀ ਜੀ ਨੇ ਇਹ ਗੱਲ ਸਾਬਤ ਕਰਕੇ ਦਿਖਾ ਦਿੱਤੀ ਕਿ ਜਾਬਰ ਤੋਂ ਆਜ਼ਾਦੀ ਬਿਨਾਂ ਹਥਿਆਰਾਂ ਵੀ ਹਾਸਲ ਕੀਤੀ ਜਾ ਸਕਦੀ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸੱਚਾਈ ਉਹ ਮਾਰੂ ਹਥਿਆਰ ਹੈ ਜਿਸ ਨਾਲ ਜ਼ੋਰਾਬਰ ਤੋਂ ਜ਼ੋਰਾਬਰ ਦੁਸ਼ਮਣ ਨੂੰ ਵੀ ਹਰਾਇਆ ਜਾ ਸਕਦਾ। ਗਾਂਧੀ ਜੀ ਦੀ ਭਾਰਤ ਨੂੰ ਆਜ਼ਾਦ ਕਰਵਾਉਣ 'ਚ ਅਹਿਮ ਭੂਮਿਕਾ ਬਾਰੇ ਜਾਣੂ ਕਰਵਾਉਂਦਿਆਂ ਸਕੂਲ ਦੀ ਪ੍ਰਿੰਸੀਪਲ ਰਜਨੀ ਬਾਲਾ ਨੇ ਬੱਚਿਆਂ ਨੂੰ ਸੱਚਾਈ ਦੇ ਰਾਹ 'ਤੇ ਚਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਵਿਹੜੇ 'ਚ ਬੱਚਿਆਂ ਦੇ ਪ੍ਰੋਗਰਾਮ ਨੂੰ ਸੁਚਾਰੂ ਰੂਪ ਦਿੰਦਿਆਂ ਸਮੁੱਚੇ ਸਟਾਫ ਨੇ ਗਾਂਧੀ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਹਰ ਬੱਚੇ ਨੇ ਗਾਂਧੀ ਜੀ ਦੀ ਵਿਚਾਰਧਾਰਾ ਅਨੁਸਾਰ ਜੀਵਨ ਜਿਊਣ ਦਾ ਅਹਿਦ ਲਿਆ।



## ਇਤਿਹਾਸਕ ਬਣ ਗਿਆ ਵਿਸ਼ਵ ਆਦਿ ਧਰਮ ਸੰਮੇਲਨ ਚੱਕ ਹਕੀਮ : ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ, ( ਓ ਪੀ ਰਾਣਾ)**

ਆਲ ਇੰਡੀਆ ਆਦਿ ਧਰਮ ਸਾਧੂ ਸਮਾਜ ਦੇ ਕੌਮੀ ਪ੍ਰਧਾਨ ਸੰਤ ਸਰਵਣ ਦਾਸ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਸਥਾਨਕ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਪ੍ਰੈੱਸ ਕਾਨਫਰੰਸ 'ਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਜੋ "ਵਿਸ਼ਵ ਆਦਿ ਧਰਮ ਸੰਮੇਲਨ" ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ ਫਗਵਾੜਾ ਵਿਖੇ ਹਰਬੰਸ ਸਿੰਘ ਹੀਰਾ (ਯੂ.ਕੇ.) ਸੰਸਥਾਪਕ ਪ੍ਰਧਾਨ, ਨਿਰਮਲ ਦਾਸ ਮਹੇ (ਯੂ.ਕੇ.), ਐਚ.ਪੀ. ਰੰਧਾਵਾ (ਯੂ.ਕੇ.) ਤੇ ਹੋਰ ਪ੍ਰਵਾਸੀ ਵੀਰਾਂ ਤੇ ਬੁੱਧੀਜੀਵੀਆਂ ਵਲੋਂ ਕਰਵਾਇਆ ਗਿਆ, ਇਹ ਇੱਕ ਬਹੁਤ ਹੀ ਸਲਾਹੁਣਯੋਗ ਉਪਰਾਲਾ ਸੀ। ਇਸ ਪ੍ਰੈੱਸ ਕਾਨਫਰੰਸ 'ਚ ਹਰਬੰਸ ਸਿੰਘ ਹੀਰਾ ਸੰਸਥਾਪਕ ਪ੍ਰਧਾਨ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸੰਤ ਮਹਾਂਪੁਰਸ਼ਾਂ ਨੇ ਕਿਹਾ ਕਿ ਇਸ ਸੰਮੇਲਨ ਦਾ ਕੌਮ 'ਤੇ ਬਹੁਤ ਹੀ ਵਧੀਆ ਪ੍ਰਭਾਵ ਪਿਆ ਕਿਉਂਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਧਰਮ ਵੀ ਆਦਿ ਧਰਮ ਹੈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਤੇ ਬਾਬੂ ਬੰਤਾ ਰਾਮ ਘੇੜਾ ਨੇ ਆਦਿ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਅਹਿਮ ਯੋਗਦਾਨ ਪਾਇਆ। ਸੰਮੇਲਨ 'ਚ ਇਹ ਵੀ ਵਿਚਾਰਾਂ ਹੋਈਆਂ ਕਿ ਧਰਮ ਤੋਂ ਬਿਨਾਂ ਕੋਈ ਵੀ ਕੌਮ ਤਰੱਕੀ ਨਹੀਂ ਕਰ ਸਕਦੀ। ਇਸ ਕਰਕੇ ਹੀ ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 26 ਫਰਵਰੀ 1930 'ਚ ਆਦਿ ਧਰਮ ਨੂੰ ਬ੍ਰਿਟਿਸ਼ ਸਰਕਾਰ ਵੱਲੋਂ ਰਜਿ. ਕਰਵਾ ਕੇ ਮਾਨਤਾ ਦਿਵਾਈ। ਧਰਮ ਦੇ ਮਾਧਿਅਮ ਤੋਂ ਹੀ ਸਮਾਜ ਨੇ ਜੁੜ ਕੇ ਵਧੀਆ ਨਤੀਜੇ ਦਿੱਤੇ। ਉਨ੍ਹਾਂ ਕਿਹਾ ਅੱਜ ਦੇਸ਼-ਵਿਦੇਸ਼ ਦੀ ਸੰਗਤ ਤੇ ਬੁੱਧੀਜੀਵੀ ਮਹਿਸੂਸ ਕਰ ਰਹੇ ਹਨ ਕਿ ਜੇਕਰ ਸਮਾਜ ਜੁੜ ਸਕਦਾ ਹੈ, ਤਾਂ ਉਹ ਆਦਿ ਧਰਮ ਦੇ ਝੰਡੇ ਹੇਠ ਹੀ ਜੁੜ ਸਕਦਾ ਹੈ। ਇਸ ਸੰਮੇਲਨ ਨੇ ਸਿੱਧ ਕਰ ਦਿੱਤਾ ਹੈ ਕਿ ਹੁਣ ਕੌਮ ਨੂੰ ਜਾਗਣ ਦੀ ਲੋੜ ਹੈ, ਕਿਉਂਕਿ 1926 ਵਿਚ "ਜੈ ਗੁਰਦੇਵ-ਧੰਨ ਗੁਰਦੇਵ" ਤੇ 'ਬੋਲੇ ਸੋ ਨਿਰਭੈ, ਗੁਰੂ ਰਵਿਦਾਸ ਮਹਾਰਾਜ ਕੀ ਜੈ' ਦੇ ਨਾਅਰੇ ਨੂੰ ਬੁਲੰਦ ਕੀਤਾ ਸੀ। ਉਨਾਂ ਸਮੂਹ ਸਮਾਜ ਨੂੰ ਅਪੀਲ ਕੀਤੀ ਕਿ ਆਓ! ਇਕ ਮੰਚ 'ਤੇ ਇਕੱਠੇ ਹੋ ਕੇ 'ਆਦਿ ਧਰਮ' ਨੂੰ ਜਨ-ਜਨ ਤੱਕ ਪਹੁੰਚਾਈਏ, ਇਸ 'ਚ ਹੀ ਕੌਮ ਦੀ ਬਿਹਤਰੀ ਹੈ। ਇਸ ਕਾਨਫਰੰਸ 'ਚ ਦੇਵ ਰਾਜ ਲੰਗਾਹ (ਯੂ.ਕੇ.), ਕੈਪਟਨ ਬੀ.ਆਰ. ਨਈਅਰ (ਯੂ.ਕੇ.) ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਉਪ ਪ੍ਰਧਾਨ ਸੰਤ ਜਗੀਰ ਸਿੰਘ, ਕੌਮੀ ਕੈਸ਼ੀਅਰ ਅਮਿਤ ਕੁਮਾਰ ਪਾਲ, ਰਾਮ ਸਿੰਘ ਸਾਬਕਾ ਡੀ.ਐਸ.ਐਸ.ਓ., ਬੀਰ ਚੰਦ ਸੁਰੀਲਾ, ਤਰਸੇਮ ਬੱਧਣ ਤੇ ਹੋਰ ਪਤਵੰਤੇ ਹਾਜ਼ਰ ਸਨ।



## ਮੇਹਰ ਚੰਦ ਪੋਲੀਟੈਕਨਿਕ ਵਿਖੇ ਇੰਡਕਸ਼ਨ ਪ੍ਰੋਗਰਾਮ

**ਜਲੰਧਰ (ਸ਼ੈਲੀ ਐਲਬਰਟ)**

ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ ਸਾਲ 2022-23 ਵਿੱਚ ਨਵੇਂ ਦਾਖਲ ਹੋਏ ਵਿਦਿਆਰਥੀਆਂ ਲਈ ਦਸ ਰੋਜ਼ ਇੰਡਕਸ਼ਨ ਪ੍ਰੋਗਰਾਮ ਕਰਵਾਇਆ ਗਿਆ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਇਸ ਦਾ ਸ਼ੁੱਭ ਆਰੰਭ ਕੀਤਾ ਅਤੇ ਸਭ ਨੂੰ ਮੁਬਾਰਕਬਾਦ ਦਿੱਤੀ। ਉਹਨਾਂ ਦੱਸਿਆ ਕਿ ਏ.ਆਈ.ਸੀ.ਟੀ.ਈ ਨਵੀਂ ਦਿੱਲੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਕਰਵਾਏ ਜਾਂਦੇ ਇੰਡਕਸ਼ਨ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਨਵੇਂ ਮਾਹੌਲ ਦੇ ਰੁਬਰੂ ਕਰਵਾਉਣਾ ਹੈ ਤੇ ਉਹਨਾਂ ਦੇ ਆਪਸੀ ਤਾਲਮੇਲ, ਸਟਾਫ ਨਾਲ ਗੱਲਬਾਤ, ਵਿਸ਼ਿਆਂ ਦੀ ਜਾਣਕਾਰੀ ਦੇ ਨਾਲ ਨਾਲ ਉਹਨਾਂ ਨੂੰ ਮੁੱਖ ਟੀਚੇ ਦੀ ਜਾਣਕਾਰੀ ਦਿੱਤੀ ਜਾਂਦੀ ਹੈ । ਮੁਖੀ ਵਿਭਾਗ ਮੈਡਮ ਮੰਜੂ ਮਨਚੰਦਾ ਨੇ ਵਿਦਿਆਰਥੀਆ ਨੂੰ ਵਿਭਾਗ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ ਤੇ ਉਹਨਾਂ ਨੂੰ ਕਾਲਜ ਦੇ ਕਾਇਦੇ ਕਾਨੂੰਨ ਸਮਝਾਏ। ਇਸ ਇੰਡਕਸ਼ਨ ਪ੍ਰੋਗਰਾਮ ਵਿੱਚ ਸੋਲੋ ਗੀਤ, ਸੋਲੋ ਡਾਂਸ, ਬੇਸਟ ਆਊਟ ਆਫ ਵੇਸਟ, ਕਵਿਤਾ ਆਦਿ ਦੇ ਮੁਕਾਬਲੇ ਕਰਵਾਏ ਗਏ। ਬਚਿਆਂ ਨੂੰ ਨਸ਼ੇ, ਏਡਜ਼, ਖੂਨਦਾਨ ਸੰਬੰਧੀ ਵੀ ਮਾਹਰਾਂ ਨੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਨਵੇਂ ਰੁੱਖ ਲਗਾ ਕੇ ਵਾਤਾਵਰਨ ਨੂੰ ਸ਼ੁੱਧ ਕਰਨ ਦਾ ਸੰਕਲਪ ਲਿਆ। ਹੋਰ ਵਿਭਾਗਾਂ ਦੇ ਮੁਖੀਆਂ ਨੇ ਵੀ ਬੱਚਿਆਂ ਨੂੰ ਸੰਬੋਧਨ ਕੀਤਾ ਤੇ ਪੁਰਾਣੇ ਵਿਦਿਆਰਥੀਆਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਇਸ ਪ੍ਰੋਗਰਾਮ ਵਿਚ ਅੰਕੁਸ਼ ਸ਼ਰਮਾ , ਪ੍ਰਤਿਭਾ, ਅੰਜੂ ਸ਼ਰਮਾ, ਕਮਲਕਾਂਤ, ਤਨੁਸ਼ਾ, ਨਰੇਸ਼ ਅਤੇ ਅਰਪਣਾ ਨੇ ਭਾਗ ਲਿਆ।

